Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ.ਐੱਸ.ਏ.

# ਪੰਜਾਬ ਮੇਲ

Chief Editor: **Gurjatinder Singh Randhawa**
Punjab Mail USA




Vol. 18, Issue- 828, 21 to 27 Nov., 2024, Ph: 916-320-9444, E-mail: punjabmailusa@yahoo.com, Web: punjabmailusa.com

# ਪੰਜਾਬ ਦੇ 4 ਹਲਕਿਆਂ 'ਚ ਜ਼ਿਮਨੀ ਚੋਣਾਂ ਹੋਈਆਂ ਮੁਕੰਮਲ

## ■ ਛਿਟਪੁੱਟ ਘਟਨਾਵਾਂ ਦੀ ਵੀ ਮਿਲੀ ਜਾਣਕਾਰੀ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ 4 ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਲਈ ਵੋਟਾਂ ਦਾ ਕੰਮ ਮੁਕੰਮਲ ਹੋ ਗਿਆ ਹੈ। ਗਿੱਦੜਬਾਹਾ, ਡੇਰਾ ਬਾਬਾ ਨਾਨਕ, ਚੱਬੇਵਾਲ ਅਤੇ ਬਰਨਾਲਾ 'ਚ ਸਵੇਰ ਤੋਂ ਹੀ ਲੰਮੀਆਂ ਲਾਈਨਾਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ। ਵੋਟਾਂ ਪੈਣ ਦਾ ਕੰਮ ਸਵੇਰੇ 7 ਵਜੇ ਸ਼ੁਰੂ ਹੋਇਆ, ਜੋ ਸ਼ਾਮ 6 ਵਜੇ ਤੱਕ ਨਿਰੰਤਰ ਚਲਦਾ ਰਿਹਾ। ਇਸ ਦੌਰਾਨ ਕੁੱਝ ਛਿਟਪੁੱਟ ਘਟਨਾਵਾਂ ਹੋਣ ਦੀਆਂ ਸੂਚਨਾਵਾਂ ਵੀ ਪ੍ਰਾਪਤ ਹੋਈਆਂ। ਇਨ੍ਹਾਂ ਚੋਣਾਂ ਲਈ ਕੁੱਲ 6,96,965 ਵੋਟਰ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਵਾਲੇ ਸਨ। ਪਰ ਖਬਰ ਲਿਖੇ ਜਾਣ ਤੱਕ ਵੋਟਾਂ ਦੇ ਪੋਲ ਹੋਣ ਦਾ ਕੁੱਲ ਪ੍ਰਤੀਸ਼ਤ ਪ੍ਰਾਪਤ ਨਹੀਂ ਹੋ ਸਕਿਆ। ਇਨ੍ਹਾਂ ਚੋਣਾਂ ਲਈ 831 ਪੋਲਿੰਗ ਸਟੇਸ਼ਨ ਬਣਾਏ ਗਏ, ਜਿੱਥੇ ਚੋਣ ਅਧਿਕਾਰੀ ਅਤੇ ਕਰਮਚਾਰੀਆਂ ਨੇ ਇਨ੍ਹਾਂ ਚੋਣਾਂ ਦੀ ਨਿਗਰਾਨੀ ਕੀਤੀ। ਇਸ ਦੌਰਾਨ ਸੁਰੱਖਿਆ ਦੇ ਖਾਸ ਪ੍ਰਬੰਧ ਕੀਤੇ ਗਏ ਸਨ। ਮੁੱਖ ਚੋਣ ਅਧਿਕਾਰੀ ਅਨੁਸਾਰ ਪੰਜਾਬ ਪੁਲਿਸ ਦੇ 6481 ਜਵਾਨ ਤੇ ਅਧਿਕਾਰੀ ਅਤੇ ਕੇਂਦਰੀ ਹਥਿਆਰਬੰਦ ਬਲਾਂ ਦੀਆਂ 17 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਸਨ। ਇਸ ਤੋਂ ਇਲਾਵਾ ਵੋਟਿੰਗ ਕਰਾਉਣ ਲਈ 3868 ਚੋਣ ਕਰਮੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਸਨ। ਮੁੱਖ ਚੋਣ ਅਧਿਕਾਰੀ ਅਨੁਸਾਰ ਸਾਰੇ ਪੋਲਿੰਗ ਸਟੇਸ਼ਨਾਂ 'ਤੇ ਸੀ.ਸੀ.ਟੀ.ਵੀ. ਕੈਮਰਿਆਂ ਰਾਹੀਂ ਨਿਗਰਾਨੀ ਕੀਤੀ ਗਈ ਅਤੇ ਲਾਈਵ ਵੈੱਬਕਾਸਟਿੰਗ ਹੋਈ। ਮੁੱਖ ਚੋਣ ਅਧਿਕਾਰੀ ਅਨੁਸਾਰ 831 ਪੋਲਿੰਗ ਸਟੇਸ਼ਨਾਂ 'ਚੋਂ 244 ਨੂੰ ਸੰਵੇਦਨਸ਼ੀਲ ਸ਼੍ਰੇਣੀ ਵਿਚ ਰੱਖਿਆ ਗਿਆ ਸੀ ਅਤੇ ਉਥੇ ਵਾਧੂ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ।

ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਸੁਰੱਖਿਆ ਦਸਤਿਆਂ ਵੱਲੋਂ ਥਾਂ-ਥਾਂ 'ਤੇ ਨਾਕੇ ਲਗਾਏ ਗਏ ਸਨ ਅਤੇ ਇਨ੍ਹਾਂ ਹਲਕਿਆਂ ਵਿਚ ਚੌਕਸੀ ਵਧਾਈ ਗਈ ਸੀ। ਪੰਜਾਬ ਦੇ ਡੀ.ਜੀ.ਪੀ. ਅਤੇ ਏ.ਡੀ.ਜੀ.ਪੀ. ਨੇ ਖੁਦ ਇਨ੍ਹਾਂ ਚੋਣਾਂ ਦੀ ਨਿਗਰਾਨੀ ਕੀਤੀ। ਇਸ ਚੋਣਾਂ ਲਈ ਗਿੱਦੜਬਾਹਾ ਹਲਕੇ ਵਿਚ ਕਾਂਗਰਸ

■ ਬਾਕੀ ਖਬਰ ਸਫਾ 16 'ਤੇ

### ਡੇਰਾ ਬਾਬਾ ਨਾਨਕ ਦੇ ਪਿੰਡ 'ਚ ਵੋਟਿੰਗ ਦੌਰਾਨ ਜ਼ਬਰਦਸਤ ਝੜਪ

ਡੇਰਾ ਬਾਬਾ ਨਾਨਕ, (ਪੰਜਾਬ ਮੇਲ)- ਡੇਰਾ ਬਾਬਾ ਨਾਨਕ ਦੇ ਪਿੰਡ ਡੇਰਾ ਬਾਬਾ ਪਠਾਣਾ 'ਚ ਵੋਟਿੰਗ ਦੌਰਾਨ ਜ਼ਬਰਦਸਤ ਝੜਪ ਹੋ ਗਈ। ਇਸ ਦੌਰਾਨ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਵਰਕਰ ਆਹਮੋ-ਸਾਹਮਣੇ ਹੁੰਦੇ ਨਜ਼ਰ ਆਏ। ਜਾਣਕਾਰੀ ਮੁਤਾਬਕ ਦੋਵੇਂ ਪਾਰਟੀਆਂ ਵੱਲੋਂ ਇਕ-ਦੂਜੇ 'ਤੇ ਇਲਜ਼ਾਮ ਲਗਾਏ ਜਾ ਰਹੇ ਹਨ। ਜਿਥੇ ਇਕ ਧਿਰ ਦਾ ਕਹਿਣਾ ਹੈ ਕਿ ਬੂਥ ਕੈਪਚਰਿੰਗ ਕੀਤੀ ਜਾ ਰਹੀ ਹੈ, ਉੱਥੇ ਹੀ ਦੂਜੀ ਧਿਰ ਵੱਲੋਂ ਕਿਹਾ ਜਾ ਰਿਹਾ ਬਾਹਰੀ ਹਲਕਿਆਂ ਦੇ ਵਿਅਕਤੀ ਬੁਲਾਏ ਗਏ ਹਨ ਅਤੇ ਇਕ-ਦੂਜੇ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਹਾਲਾਂਕਿ ਚੋਣ ਜ਼ਾਬਤਾ ਲੱਗਿਆ ਹੋਇਆ, ਜਿਸ ਕਰਕੇ ਕੋਈ ਬਾਹਰੀ ਵਿਅਕਤੀ ਨਹੀਂ ਆ ਸਕਦਾ। ਇਹ ਵੀ ਕਿਹਾ ਜਾ ਰਿਹਾ ਹੈ ਕਿ ਇਕ ਧਿਰ ਵੱਲੋਂ ਦੂਜੀ ਧਿਰ 'ਤੇ ਡਾਂਗਾਂ ਚਲਾਈਆਂ ਗਈਆਂ ਹਨ। ਇਸ ਸੂਚਨਾ ਮਿਲਦਿਆਂ ਆਮ ਆਦਮੀ ਪਾਰਟੀ ਉਮੀਦਵਾਰ ਗੁਰਦੀਪ ਰੰਧਾਵਾ ਅਤੇ ਕਾਂਗਰਸ ਪਾਰਟੀ ਦੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਵੀ ਪਹੁੰਚ ਗਏ। ਇਸ ਝੜਪ ਨੂੰ ਦੇਖਦਿਆਂ ਵੱਡੀ ਗਿਣਤੀ 'ਚ ਲੋਕ ਇਕੱਠੇ ਹੋ ਗਏ।

# ਕੈਨੇਡਾ ਦੇ ਨਵੇਂ ਹੁਕਮਾਂ ਕਾਰਨ ਭਾਰਤੀ ਯਾਤਰੀਆਂ ਦੀਆਂ ਵਧੀਆਂ ਮੁਸ਼ਕਿਲਾਂ



**ਟੋਰਾਂਟੋ, (ਪੰਜਾਬ ਮੇਲ)-** ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ 'ਚ ਚੱਲ ਰਹੀ ਖਟਾਸ ਵਿਚਕਾਰ ਕੈਨੇਡਾ ਸਰਕਾਰ ਨੇ ਇਕ ਹੋਰ ਨਵਾਂ ਹੁਕਮ ਜਾਰੀ ਕੀਤਾ ਹੈ, ਜਿਸ ਕਾਰਨ ਕੈਨੇਡਾ ਤੋਂ ਭਾਰਤ ਆਉਣ ਵਾਲੇ ਯਾਤਰੀਆਂ ਨੂੰ ਕਾਫੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਵੇਗਾ। ਦਰਅਸਲ ਕੈਨੇਡਾ ਸਰਕਾਰ ਨੇ ਕੈਨੇਡਾ ਤੋਂ ਭਾਰਤ ਆਉਣ ਵਾਲੇ ਲੋਕਾਂ ਲਈ ਵਾਧੂ ਸੁਰੱਖਿਆ ਜਾਂਚ ਕਰਵਾਉਣ ਦਾ ਫ਼ੈਸਲਾ ਕੀਤਾ ਹੈ। ਕੈਨੇਡਾ ਦੀ ਟਰਾਂਸਪੋਰਟ ਮੰਤਰੀ ਅਨੀਤਾ ਆਨੰਦ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਲੋਕਾਂ ਨੂੰ ਸਮੇਂ ਤੋਂ ਪਹਿਲਾਂ ਏਅਰਪੋਰਟ ਪਹੁੰਚਣ ਦੀ ਅਪੀਲ ਕੀਤੀ। ਕੈਨੇਡਾ ਸਰਕਾਰ ਨੇ ਭਾਰਤ ਜਾਣ ਵਾਲੇ ਯਾਤਰੀਆਂ ਨੂੰ ਚਾਰ ਘੰਟੇ ਪਹਿਲਾਂ ਏਅਰਪੋਰਟ 'ਤੇ ਪਹੁੰਚਣ ਦੀ ਸਲਾਹ ਦਿੱਤੀ ਹੈ।

ਕੈਨੇਡਾ ਦੇ ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਟਰਾਂਸਪੋਰਟ ਕੈਨੇਡਾ ਨੇ ਕੁਝ ਅਸਥਾਈ ਸੁਰੱਖਿਆ ਨਿਰੀਖਣ ਨਿਯਮ ਲਾਗੂ ਕੀਤੇ ਹਨ। ਇਸ ਕਾਰਨ ਯਾਤਰੀਆਂ ਨੂੰ ਕੁਝ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਨਿਯਮ ਕੈਨੇਡਾ ਏਅਰ ਟਰਾਂਸਪੋਰਟ ਸੁਰੱਖਿਆ ਅਥਾਰਟੀ ਦੁਆਰਾ ਲਾਗੂ ਕੀਤੇ ਜਾਂਦੇ ਹਨ। ਇਹ ਏਜੰਸੀ ਹਵਾਈ ਯਾਤਰਾ ਕਰਨ ਵਾਲੇ ਲੋਕਾਂ ਦੀ ਸੁਰੱਖਿਆ ਜਾਂਚ ਅਤੇ ਉਨ੍ਹਾਂ ਦੇ ਸਮਾਨ ਦੀ ਜਾਂਚ ਲਈ ਜ਼ਿੰਮੇਵਾਰ ਹੈ। ਇਸ ਹੁਕਮ ਤਹਿਤ ਕੈਨੇਡਾ ਤੋਂ ਭਾਰਤ ਜਾਣ ਵਾਲੇ ਯਾਤਰੀਆਂ ਨੂੰ ਵਾਧੂ ਸੁਰੱਖਿਆ ਜਾਂਚਾਂ ਦਾ ਸਾਹਮਣਾ ਕਰਨਾ ਪਵੇਗਾ। ਦਰਅਸਲ ਰਾਇਲ ਕੈਨੇਡੀਅਨ ਪੁਲਿਸ ਨੇ ਹਾਲ ਹੀ ਵਿਚ ਦੋਸ਼ ਲਗਾਇਆ ਸੀ ਕਿ ਭਾਰਤੀ ਏਜੰਟ ਕੈਨੇਡਾ ਵਿਚ ਸੰਗਠਿਤ ਅਪਰਾਧ, ਜਬਰਨ ਵਸੂਲੀ ਆਦਿ ਵਰਗੇ ਅਪਰਾਧਾਂ ਵਿਚ ਸ਼ਾਮਲ ਹਨ। ਅਜਿਹੇ 'ਚ ਮੰਨਿਆ ਜਾ ਰਿਹਾ ਹੈ ਕਿ ਕੈਨੇਡਾ ਸਰਕਾਰ ਦਾ ਨਵਾਂ ਹੁਕਮ ਵੀ ਇਨ੍ਹਾਂ ਦੋਸ਼ਾਂ ਤੋਂ ਪ੍ਰਭਾਵਿਤ ਹੈ।

# ਬ੍ਰਿਟਿਸ਼ ਕੋਲੰਬੀਆ ਮੰਤਰੀ ਮੰਡਲ 'ਚ ਚਾਰ ਪੰਜਾਬੀ ਸ਼ਾਮਲ

## ■ ਨਿੱਕੀ ਸ਼ਰਮਾ ਬਣੀ ਉਪ ਮੁੱਖ ਮੰਤਰੀ; ਜਗਰੂਪ ਬਰਾੜ ਤੇ ਰਵੀ ਪਰਮਾਰ ਵੀ ਬਣੇ ਮੰਤਰੀ
## ■ ਰਵੀ ਕਾਹਲੋਂ ਨੂੰ ਪੁਰਾਣੇ ਵਿਭਾਗ ਦੇ ਨਾਲ ਮਿਊਂਸਿਪਲ ਵੀ ਦਿੱਤਾ



ਨਿੱਕੀ ਸ਼ਰਮਾ, ਜਗਰੂਪ ਬਰਾੜ, ਰਵੀ ਪਰਮਾਰ, ਰਵੀ ਕਾਹਲੋਂ

**ਵੈਨਕੂਵਰ, (ਪੰਜਾਬ ਮੇਲ)-** ਪਿਛਲੇ ਮਹੀਨੇ ਬ੍ਰਿਟਿਸ਼ ਕੋਲੰਬੀਆ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੁਝ ਹਲਕਿਆਂ ਵਿਚ ਜਿੱਤ-ਹਾਰ ਦਾ ਫ਼ਰਕ 100 ਤੋਂ ਵੀ ਘੱਟ ਹੋਣ ਕਰਕੇ ਵੋਟਾਂ ਦੀ ਦੁਬਾਰਾ ਗਿਣਤੀ ਹੋਈ ਸੀ। ਦੁਬਾਰਾ ਗਿਣਤੀ ਮਗਰੋਂ ਐਲਾਨੇ ਗਏ ਨਤੀਜਿਆਂ ਵਿਚ ਮੁੜ ਤੋਂ ਸੱਤਾ ਵਿਚ ਆਈ ਨਿਊ ਡੈਮੋਕਰੈਟਿਕ ਪਾਰਟੀ ਦੇ ਆਗੂ ਡੇਵਿਡ ਈਬੀ ਨੇ ਆਪਣੇ ਮੰਤਰੀ ਮੰਡਲ ਦਾ ਐਲਾਨ ਕਰਦੇ ਹੋਏ ਮੰਤਰੀਆਂ ਨੂੰ ਵਿਭਾਗਾਂ ਦੀ ਵੰਡ ਵੀ ਕਰ ਦਿੱਤੀ ਹੈ।

ਇਸ ਦੌਰਾਨ ਪਹਿਲੀ ਵਾਰ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹੀ ਨਿੱਕੀ ਸ਼ਰਮਾ ਨੂੰ ਉਪ ਮੁੱਖ ਮੰਤਰੀ ਅਤੇ ਅਟਾਰਨੀ ਜਨਰਲ ਬਣਾਇਆ ਗਿਆ ਹੈ। ਸੱਤਵੀਂ ਵਾਰ ਜੇਤੂ ਰਹੇ ਜਗਰੂਪ ਬਰਾੜ ਨੂੰ ਪਹਿਲੀ ਵਾਰ ਮੰਤਰੀ ਬਣਾ ਕੇ ਖਾਣਾਂ ਤੇ ਖਣਿਜ ਵਿਭਾਗ ਸੌਂਪੇ ਗਏ ਹਨ।

■ ਬਾਕੀ ਖਬਰ ਸਫਾ 16 'ਤੇ

# ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਵੱਲੋਂ ਗਰਮ ਖਿਆਲੀ ਪਾਰਟੀਆਂ ਨੂੰ ਕੈਨੇਡਾ 'ਚ ਬੈਨ ਕਰਨ ਦੀ ਸਲਾਹ



ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੂੰ ਸਨਮਾਨਦੇ ਹੋਏ ਆਗੂ।

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਨੇ ਕਿਹਾ ਕਿ ਕੈਨੇਡਾ ਨੂੰ ਦੁਨੀਆਂ ਦੇ ਲੋਕਾਂ ਦੀ ਪੁਸ਼ਤਾਂ ਪੁਰਾਣੀ ਨਫ਼ਰਤੀ ਸੋਚ ਛੱਡ ਦੇਣੀ ਚਾਹੀਦੀ ਹੈ। ਹਾਰਪਰ 2006 ਤੋਂ 2015 ਤੱਕ ਕੈਨੇਡਾ ਸਰਕਾਰ ਦੀ ਵਾਗਡੋਰ ਸੰਭਾਲਣ ਤੋਂ ਬਾਅਦ ਸਿਆਸਤ ਛੱਡ ਚੁੱਕੇ ਹਨ। ਅਬਰਾਹਮ ਗਲੋਬਲ ਪੀਸ ਇਨੀਸ਼ੀਏਟਿਵ ਵੱਲੋਂ ਕਰਵਾਏ ਗਏ ਸਮਾਗਮ ਵਿਚ ਹਾਰਪਰ ਨੇ ਕਿਹਾ ਕਿ ਮੌਜੂਦਾ ਸਰਕਾਰ ਨੂੰ ਜਿਹਾਦੀ ਅਤੇ ਖਾਲਿਸਤਾਨੀ ਸੋਚ ਵਾਲੇ ਲੋਕਾਂ ਨੂੰ ਕੈਨੇਡਾ ਵਿਚ ਦਾਖਲਾ ਦੇਣ ਦੀ ਗਲਤੀ ਤੁਰੰਤ ਠੀਕ ਕਰਕੇ ਕੈਨੇਡਾ ਦੀ ਭਲਾਈ ਬਾਰੇ ਸੋਚਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਵਪਾਰਕ ਹਿੱਤਾਂ ਸਮੇਤ ਹੋਰ ਰਿਸ਼ਤਿਆਂ ਨੂੰ ਧਿਆਨ ਵਿਚ ਰੱਖਦਿਆਂ ਕਿਸੇ ਖਾਸ ਧਿਰ ਲਈ ਇਨ੍ਹਾਂ ਹਿੱਤਾਂ ਨੂੰ ਦਾਅ 'ਤੇ ਲਾਉਣਾ ਦੇਸ਼ ਨੂੰ ਦਹਾਕਿਆਂ ਤੱਕ ਨਾ ਪੂਰਾ ਹੋਣ ਵਾਲੇ ਘਾਟੇ ਵੱਲ ਧੱਕਦਾ ਹੈ। ਉਨ੍ਹਾਂ ਕਿਹਾ ਕਿ ਨਫਰਤੀ ਸੋਚ ਅਪਣਾ ਕੇ, ਉਸ ਤੋਂ ਨਿਕਲਣ ਵਾਲੇ ਨਤੀਜੇ ਦੇਸ਼ ਲਈ ਘਾਤਕ ਸਾਬਤ ਹੋਣ ਦੀਆਂ

■ ਬਾਕੀ ਖਬਰ ਸਫਾ 16 'ਤੇ

# ਹਰਦੀਪ ਨਿੱਝਰ ਹੱਤਿਆ ਮਾਮਲੇ 'ਚ ਬਿਸ਼ਨੋਈ ਨੂੰ ਕੀਤਾ ਜਾ ਸਕਦੈ ਕੈਨੇਡਾ ਹਵਾਲੇ



**ਕੈਲੀਫੋਰਨੀਆ, (ਪੰਜਾਬ ਮੇਲ)-** ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਭਗੌੜੇ ਭਰਾ ਅਨਮੋਲ ਬਿਸ਼ਨੋਈ ਨੂੰ ਅਧਿਕਾਰਤ ਤੌਰ 'ਤੇ ਅਮਰੀਕਾ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਹ ਜਾਣਕਾਰੀ ਆਲਾ ਮਿਆਰੀ ਸੂਤਰਾਂ ਨੇ ਦਿੱਤੀ। ਹਾਲਾਂਕਿ, ਭਾਰਤ ਵੱਲੋਂ ਉਸ ਦੀ ਹਵਾਲਗੀ ਦੀ ਮੰਗ ਕੀਤੀ ਜਾ ਰਹੀ ਹੈ ਪਰ ਲੋੜੀਂਦੇ ਭਗੌੜੇ ਮੁਲਜ਼ਮ ਨੂੰ ਖ਼ਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਕਥਿਤ ਹੱਤਿਆ ਦੇ ਮਾਮਲੇ ਵਿਚ ਪਹਿਲਾਂ ਕੈਨੇਡਾ ਦੇ ਅਧਿਕਾਰੀਆਂ ਹਵਾਲੇ ਕੀਤਾ ਜਾ ਸਕਦਾ ਹੈ। ਭਾਰਤ ਨੂੰ ਕੈਨੇਡਾ ਤੋਂ ਬਾਅਦ ਬਿਸ਼ਨੋਈ ਦੀ ਹਿਰਾਸਤ ਮਿਲ ਸਕਦੀ ਹੈ। ਸੂਤਰਾਂ ਮੁਤਾਬਕ, ਇਸ ਵੇਲੇ ਅਮਰੀਕਾ ਦੇ ਅਧਿਕਾਰੀਆਂ ਵੱਲੋਂ ਅਨਮੋਲ ਬਿਸ਼ਨੋਈ ਕੋਲੋਂ ਪੁੱਛ-ਪੜਤਾਲ ਕੀਤੀ ਜਾ ਰਹੀ ਹੈ। ਅਨਮੋਲ ਬਿਸ਼ਨੋਈ ਖ਼ਿਲਾਫ਼ ਦਸੰਬਰ 2022 ਵਿਚ ਇਕ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਸੀ। ਮਿਲੀ ਜਾਣਕਾਰੀ ਅਨੁਸਾਰ ਅਨਮੋਲ ਬਿਸ਼ਨੋਈ ਨੂੰ ਪਿਛਲੇ ਹਫ਼ਤੇ ਕੈਲੀਫੋਰਨੀਆ ਵਿਚ ਅਮਰੀਕਾ ਦੇ ਇਮੀਗ੍ਰੇਸ਼ਨ ਵਿਭਾਗ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ।

# ਸੁਖਬੀਰ ਦਾ ਅਸਤੀਫ਼ਾ ਹੋਇਆ ਨਾ-ਮਨਜ਼ੂਰ

## ■ ਵਰਕਿੰਗ ਕਮੇਟੀ ਨੇ ਸੁਖਬੀਰ ਬਾਦਲ ਨੂੰ ਆਪਣੇ ਅਸਤੀਫੇ 'ਤੇ ਮੁੜ ਵਿਚਾਰ ਕਰਨ ਲਈ ਕਿਹਾ



**ਚੰਡੀਗੜ੍ਹ, (ਪੰਜਾਬ ਮੇਲ)-** ਸੁਖਬੀਰ ਸਿੰਘ ਬਾਦਲ ਵੱਲੋਂ ਪ੍ਰਧਾਨਗੀ ਦੇ ਅਹੁਦੇ ਤੋਂ ਦਿੱਤਾ ਗਿਆ ਅਸਤੀਫ਼ਾ ਨਾ-ਮਨਜ਼ੂਰ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਵੱਲੋਂ ਤਾਜ਼ਾ ਲਏ ਗਏ ਫੈਸਲੇ ਮੁਤਾਬਕ ਸੁਖਬੀਰ ਸਿੰਘ ਬਾਦਲ ਨੂੰ ਆਪਣਾ ਅਸਤੀਫ਼ਾ ਵਾਪਸ ਲੈਣ ਲਈ ਆਖ਼ ਦਿੱਤਾ ਗਿਆ ਹੈ।

ਇਸ ਸਬੰਧੀ ਜਾਰੀ ਕੀਤੇ ਗਏ ਇਕ ਪ੍ਰੈੱਸ ਨੋਟ ਮੁਤਾਬਕ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਸੁਖਬੀਰ ਬਾਦਲ ਨੂੰ ਆਪਣੇ ਅਸਤੀਫੇ 'ਤੇ ਮੁੜ ਵਿਚਾਰ ਕਰਨ ਲਈ ਆਖ ਦਿੱਤਾ ਹੈ। ਕਮੇਟੀ ਨੇ ਅਪੀਲ ਕੀਤੀ ਹੈ ਕਿ ਉਹ ਆਪਣੇ ਇਸ ਫ਼ੈਸਲੇ ਬਾਰੇ ਚੰਗੀ ਤਰ੍ਹਾਂ ਸੋਚ-ਵਿਚਾਰ ਕਰ ਲੈਣ। ਇਸ ਦੇ ਨਾਲ ਹੀ ਵਰਕਿੰਗ ਕਮੇਟੀ ਨੇ ਚਿਤਾਵਨੀ ਵੀ ਦਿੱਤੀ ਹੈ ਕਿ ਜੇਕਰ ਸੁਖਬੀਰ ਨੇ ਆਪਣਾ ਅਸਤੀਫ਼ਾ ਵਾਪਸ ਨਾ ਲਿਆ, ਤਾਂ ਸਾਰੇ ਪਾਰਟੀ ਮੈਂਬਰ ਵੀ ਸਮੂਹਿਕ ਤੌਰ 'ਤੇ ਅਸਤੀਫ਼ਾ ਦੇ ਦੇਣਗੇ।

■ ਬਾਕੀ ਖਬਰ ਸਫਾ 16 'ਤੇ

# ਟਰੰਪ ਦੇ ਰਾਸ਼ਟਰਪਤੀ ਚੁਣੇ ਜਾਣ ਮਗਰੋਂ ਕੈਨੇਡਾ ਸਰਕਾਰ ਦੀ ਵਧੀ ਚਿੰਤਾ

## ■ ਕੈਨੇਡਾ-ਅਮਰੀਕਾ ਬਾਰਡਰ 'ਤੇ ਹਲਚਲ ਵਧਣ ਦਾ ਖਦਸ਼ਾ



**ਓਟਾਵਾ (ਪੰਜਾਬ ਮੇਲ)-** ਟਰੰਪ ਦੇ ਰਾਸ਼ਟਰਪਤੀ ਚੁਣੇ ਜਾਣ ਮਗਰੋਂ ਕੈਨੇਡਾ ਸਰਕਾਰ ਦੀ ਚਿੰਤਾ ਵੀ ਵੱਧ ਗਈ ਹੈ। ਟਰੰਪ ਨੇ ਆਪਣੀ ਚੋਣ ਮੁਹਿੰਮ ਵਿਚ ਅਜਿਹੇ ਵਾਅਦੇ ਕੀਤੇ ਹਨ, ਜਿਸ ਨਾਲ ਬਾਰਡਰ 'ਤੇ ਹਲਚਲ ਵਧਣ ਦਾ ਖਦਸ਼ਾ ਹੈ। ਇਸ ਦੇ ਤਹਿਤ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਨੇ ਸੋਮਵਾਰ ਨੂੰ ਕਿਹਾ ਕਿ ਕੈਨੇਡਾ ਅਤੇ ਸੰਯੁਕਤ ਰਾਜ ਦੋਵਾਂ ਦੇਸ਼ਾਂ ਦੀ ਸਮੁੱਚੀ ਸੁਰੱਖਿਆ ਨੂੰ ਵਧਾਉਣ ਲਈ ਜ਼ਮੀਨੀ ਬੰਦਰਗਾਹਾਂ 'ਤੇ ਸੇਵਾ ਸਮੇਂ ਵਿਚ ਇਕੱਠੇ ਬਦਲਾਅ ਕੀਤੇ ਜਾ ਰਹੇ ਹਨ। ਸੀ.ਬੀ.ਐੱਸ.ਏ. ਨੇ ਇੱਕ ਨਿਊਜ਼ ਰੀਲੀਜ਼ ਵਿਚ ਕਿਹਾ ਕਿ ਇਹ ਉਪਾਅ 6 ਜਨਵਰੀ, 2025 ਤੋਂ ਸਥਾਨਕ ਸਮੇਂ ਅਨੁਸਾਰ 12:01 ਵਜੇ ਤੋਂ ਲਾਗੂ ਹੋਣਗੇ। ਇਹ ਉਪਾਅ ਸੰਯੁਕਤ ਰਾਜ ਦੇ ਸਹਿਯੋਗ ਨਾਲ

■ ਬਾਕੀ ਖਬਰ ਸਫਾ 16 'ਤੇ

# ਸਪੇਸ ਸਟੇਸ਼ਨ 'ਚ ਫਸੇ ਬੁੱਚ ਤੇ ਸੁਨੀਤਾ ਵਿਲੀਅਮਜ਼ ਦਾ ਖਤਮ ਹੋ ਰਿਹਾ ਭੋਜਨ !

## ■ ਫਰਵਰੀ ਤੱਕ ਵਾਪਸ ਆਉਣ ਦੀ ਉਮੀਦ



**ਵਾਸ਼ਿੰਗਟਨ, (ਪੰਜਾਬ ਮੇਲ)-** ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਦੀ ਕੁਝ ਸਮਾਂ ਪਹਿਲਾਂ ਇੱਕ ਤਸਵੀਰ ਸਾਹਮਣੇ ਆਈ ਸੀ, ਜਿਸ 'ਚ ਉਹ ਕਾਫੀ ਕਮਜ਼ੋਰ ਨਜ਼ਰ ਆ ਰਹੀ ਸੀ। ਡਾਕਟਰਾਂ ਨੇ ਵੀ ਉਨ੍ਹਾਂ ਦੀ ਸਿਹਤ ਨੂੰ ਲੈ ਕੇ ਚਿੰਤਾ ਜਤਾਈ ਸੀ। ਹਾਲਾਂਕਿ ਨਾਸਾ ਨੇ ਉਨ੍ਹਾਂ ਦੀ ਖਰਾਬ ਸਿਹਤ ਦੀਆਂ ਖਬਰਾਂ ਨੂੰ ਖਾਰਜ ਕਰ ਦਿੱਤਾ ਸੀ ਪਰ ਤਸਵੀਰਾਂ ਨੇ ਚਿੰਤਾ ਵਧਾ ਦਿੱਤੀ ਹੈ। ਦਰਅਸਲ, ਨਾਸਾ ਦੇ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਫਸੇ ਹੋਏ ਹਨ।

ਨਿਊਯਾਰਕ ਪੋਸਟ ਨੇ ਦੱਸਿਆ ਕਿ ਨਾਸਾ ਦੇ ਪੁਲਾੜ ਯਾਤਰੀ ਸਪੇਸ ਸਟੇਸ਼ਨ 'ਤੇ ਪੀਜ਼ਾ, ਰੋਸਟ ਚਿਕਨ ਅਤੇ ਝੀਂਗਾ ਕਾਕਟੇਲ ਖਾ ਕੇ ਗੁਜ਼ਾਰਾ ਕਰ ਰਹੇ ਹਨ। ਹਾਲਾਂਕਿ, ਬੋਇੰਗ ਸਟਾਰਲਾਈਨਰ ਮਿਸ਼ਨ ਦੀ ਜਾਣਕਾਰੀ ਵਾਲੇ ਇੱਕ ਸਰੋਤ ਨੇ ਕਿਹਾ ਹੈ ਕਿ ਦੋਵਾਂ ਪੁਲਾੜ ਯਾਤਰੀਆਂ ਕੋਲ ਸੀਮਤ ਮਾਤਰਾ ਵਿਚ ਤਾਜ਼ਾ ਭੋਜਨ ਹੈ। ਜਾਣਕਾਰੀ ਮੁਤਾਬਕ ਉਨ੍ਹਾਂ ਕੋਲ ਖਾਣ ਲਈ ਕਈ ਤਰ੍ਹਾਂ ਦੇ ਪਕਵਾਨ ਹਨ। ਇਸ ਸੂਚੀ ਵਿਚ ਪਾਊਡਰ ਦੁੱਧ ਦੇ ਨਾਲ ਅਨਾਜ, ਪੀਜ਼ਾ, ਭੁੰਨਿਆ ਚਿਕਨ, ਝੀਂਗਾ ਕਾਕਟੇਲ ਅਤੇ ਟੂਨਾ ਸ਼ਾਮਲ ਹੈ। ਇਸ ਦੇ ਬਾਵਜੂਦ, ਡਾਕਟਰ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਪੁਲਾੜ ਯਾਤਰੀ ਨੂੰ ਲੋੜੀਂਦੀ ਕੈਲੋਰੀ ਮਿਲ ਰਹੀ ਹੈ ਜਾਂ ਨਹੀਂ। ਹਾਲਾਂਕਿ, ਨਾਸਾ ਦੁਆਰਾ ਜਾਰੀ ਕੀਤੀ ਗਈ ਤਸਵੀਰ ਵਿਚ, ਕੁਝ ਭੋਜਨ ਉਤਪਾਦਾਂ ਨੂੰ ਦਿਖਾਇਆ ਗਿਆ ਸੀ। ਦੋਵੇਂ ਪੁਲਾੜ ਯਾਤਰੀਆਂ ਨੂੰ 9 ਸਤੰਬਰ ਨੂੰ ਆਈ.ਐੱਸ.ਐੱਸ. 'ਤੇ ਖਾਣਾ ਖਾਂਦੇ ਦੇਖਿਆ ਗਿਆ ਸੀ।

ਮੰਨਿਆ ਜਾ ਰਿਹਾ ਹੈ ਕਿ ਨਾਸਾ ਫਸੇ ਹੋਏ ਪੁਲਾੜ ਯਾਤਰੀਆਂ 'ਤੇ ਤਿੱਖੀ ਨਜ਼ਰ ਰੱਖ ਰਿਹਾ ਹੈ। ਹੁਣ ਉਨ੍ਹਾਂ ਦੇ ਸਪੇਸਐਕਸ ਕਰੂ ਡਰੈਗਨ ਕੈਪਸੂਲ ਵਿਚ ਧਰਤੀ 'ਤੇ ਵਾਪਸ ਆਉਣ ਦੀ ਉਮੀਦ ਹੈ। ਉਨ੍ਹਾਂ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਐਲੋਨ ਮਸਕ ਦੇ ਡਰੈਗਨ ਕੈਪਸੂਲ ਦੀ ਵਰਤੋਂ ਕੀਤੀ ਜਾਵੇਗੀ। ਇਹ ਕੈਪਸੂਲ ਫਰਵਰੀ 'ਚਿ ਸਟਾਰਲਾਈਨਰ ਚਾਲਕ ਦਲ ਨੂੰ ਬਚਾਏਗਾ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਅਮਰੀਕਾ ਵੱਲੋਂ ਨਵੀਂ ਪਰਮਾਣੂ ਕਰੂਜ਼ ਮਿਜ਼ਾਈਲ ਵਿਕਸਿਤ ਦੀ ਯੋਜਨਾ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਇਕ ਨਵੀਂ ਪ੍ਰਮਾਣੂ ਹਥਿਆਰਬੰਦ ਸਮੁੰਦਰੀ ਕਰੂਜ਼ ਮਿਜ਼ਾਈਲ (ਐੱਸ.ਐੱਲ.ਸੀ.ਐੱਮ.-ਐੱਨ.) ਵਿਕਸਤ ਕਰਨ ਦੀ ਯੋਜਨਾ ਬਣਾ ਰਿਹਾ ਹੈ, ਜਿਸ ਦਾ ਪਹਿਲਾ ਪ੍ਰੋਟੋਟਾਈਪ ਅਗਲੇ ਤਿੰਨ ਸਾਲਾਂ ਵਿਚ ਬਣਾਏ ਜਾਣ ਦੀ ਉਮੀਦ ਹੈ। ਇਹ ਜਾਣਕਾਰੀ ਮੰਗਲਵਾਰ ਨੂੰ ਇਕ ਸਰਕਾਰੀ ਦਸਤਾਵੇਜ਼ 'ਚ ਦਿੱਤੀ ਗਈ। ਦਸਤਾਵੇਜ਼ 'ਚ ਕਿਹਾ ਗਿਆ ਹੈ ਕਿ ਪਣਡੁੱਬੀਆਂ 'ਤੇ ਲਗਾਏ ਜਾਣ ਵਾਲੇ ਇਸ ਸਿਸਟਮ ਨੂੰ 2034 ਤੱਕ ਫੌਜੀ ਤਾਇਨਾਤੀ ਲਈ ਤਿਆਰ ਕੀਤਾ ਜਾਣਾ ਚਾਹੀਦਾ ਹੈ। ਫਿਰ ਵੀ ਅਗਲੇ ਤਿੰਨ ਸਾਲਾਂ ਵਿਚ ਪਹਿਲੇ ਪ੍ਰੋਟੋਟਾਈਪ ਦੀ ਲੋੜ ਪਵੇਗੀ। ਦਸਤਾਵੇਜ਼ ਦੇ ਅਨੁਸਾਰ, ਪ੍ਰਮਾਣੂ ਹਥਿਆਰਾਂ ਨਾਲ ਸਬੰਧਤ ਸਾਰੇ ਸੰਚਾਲਨ, ਜਿਸ ਵਿਚ ਵਾਰਹੈੱਡ ਸਥਾਪਨਾ, ਮਿਜ਼ਾਈਲ ਸਟੋਰੇਜ ਅਤੇ ਪਰਮਾਣੂ ਪਣਡੁੱਬੀਆਂ ਦੀ ਲੋਡਿੰਗ ਅਤੇ ਅਨਲੋਡਿੰਗ ਸ਼ਾਮਲ ਹੈ, ਜਾਰਜੀਆ ਵਿਚ ਨੇਵਲ ਪਣਡੁੱਬੀ ਬੇਸ ਕਿੰਗਜ਼ ਬੇ ਅਤੇ ਵਾਸ਼ਿੰਗਟਨ ਰਾਜ ਵਿਚ ਬੈਂਗੋਰ ਬੇਸ ਵਿਖੇ ਅਮਰੀਕੀ ਰਣਨੀਤਕ ਹਥਿਆਰਾਂ ਦੇ ਸਥਾਨਾਂ 'ਤੇ ਕਰਵਾਏ ਜਾਣਗੇ। ਨਵੀਂ ਮਿਜ਼ਾਈਲਾਂ ਨੂੰ ਹਮਲਾਵਰ ਪਣਡੁੱਬੀਆਂ 'ਤੇ ਸਥਾਪਤ ਕੀਤੇ ਜਾਣ ਦੀ ਉਮੀਦ ਹੈ।

# ਸਪੇਸਐਕਸ ਦੇ ਸੁਪਰ ਹੈਵੀ ਰਾਕੇਟ ਦੀ ਪਾਣੀ 'ਚ ਲੈਂਡਿੰਗ ਤੋਂ ਬਾਅਦ ਧਮਾਕਾ

**ਵਾਸ਼ਿੰਗਟਨ, (ਪੰਜਾਬ ਮੇਲ)-** ਸਪੇਸਐਕਸ ਦੇ 6ਵੇਂ ਸਟਾਰਸ਼ਿਪ ਦੀ ਟੈਸਟ ਫਲਾਈਟ ਦੀ ਸਮੁੰਦਰ ਵਿਚ ਸਾਫਟ ਲੈਂਡਿੰਗ ਹੋਈ। ਮੈਕਸੀਕੋ ਦੀ ਖਾੜੀ ਵਿਚ ਲੈਂਡਿੰਗ ਤੋਂ ਬਾਅਦ ਇਸ ਵਿਚ ਧਮਾਕਾ ਹੋ ਗਿਆ। ਇਸ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ।

ਸਟਾਰਸ਼ਿਪ ਪੁਲਾੜ ਯਾਨ ਅਤੇ ਸੁਪਰ ਭਾਰੀ ਰਾਕੇਟ ਨੂੰ ਸਮੂਹਿਕ ਤੌਰ 'ਤੇ ਸਟਾਰਸ਼ਿਪ ਕਿਹਾ ਜਾਂਦਾ ਹੈ। ਇਸ ਟੈਸਟ ਵਿਚ ਬੂਸਟਰ ਨੂੰ ਲਾਂਚ ਕਰਨ ਤੋਂ ਬਾਅਦ ਲਾਂਚਪੈਡ 'ਤੇ ਵਾਪਸ ਕੈਚ ਕੀਤਾ ਜਾਣਾ ਸੀ, ਪਰ ਸਾਰੇ ਮਾਪਦੰਡ ਸਹੀ ਨਾ ਹੋਣ ਕਾਰਨ ਇਸ ਨੂੰ ਪਾਣੀ ਵਿਚ ਉਤਾਰਨ ਦਾ ਫੈਸਲਾ ਕੀਤਾ ਗਿਆ। ਇਸ ਰਾਕੇਟ ਸਟਾਰਸ਼ਿਪ ਨੂੰ ਭਾਰਤੀ ਸਮੇਂ ਅਨੁਸਾਰ ਸਵੇਰੇ 3.30 ਵਜੇ ਟੈਕਸਾਸ ਵਿਚ ਸਪੇਸਐਕਸ ਦੀ ਸਟਾਰਬੇਸ ਸਹੂਲਤ ਤੋਂ ਲਾਂਚ ਕੀਤਾ ਗਿਆ। ਇਸ ਨੇ ਸ਼ੁਰੂ ਵਿਚ ਸਫਲਤਾਪੂਰਵਕ ਉਡਾਣ ਭਰੀ ਪਰ ਲਾਂਚਪੈਡ 'ਤੇ ਵਾਪਸ ਨਾ ਆਉਣ 'ਤੇ ਇਸ ਨੂੰ ਪਾਣੀ 'ਚ ਉਤਰਨ ਲਈ ਮਜਬੂਰ ਹੋਣਾ ਪਿਆ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਸਪੇਸਐਕਸ ਦੀ ਪੰਜਵੀਂ ਸਟਾਰਸ਼ਿਪ ਦੀ ਲਾਂਚਿੰਗ ਅਤੇ ਲੈਂਡਿੰਗ ਨੇ ਇਤਿਹਾਸ ਰਚਿਆ ਸੀ। ਲਾਂਚਿੰਗ ਪਿਛਲੇ ਚਾਰ ਸਟਾਰਸ਼ਿਪ ਰਾਕੇਟਾਂ ਦੀ ਤਰ੍ਹਾਂ ਸੀ ਪਰ ਲੈਂਡਿੰਗ ਖਾਸ ਸੀ। ਇਸ ਵਾਰ ਸਟਾਰਸ਼ਿਪ ਦਾ ਬੂਸਟਰ ਯਾਨੀ ਪਹਿਲਾ ਪੜਾਅ ਸਮੁੰਦਰ ਵਿਚ ਫਲੋਟਿੰਗ ਪਲੇਟਫਾਰਮ ਜਾਂ ਲਾਂਚ ਪੈਡ 'ਤੇ ਨਹੀਂ ਉਤਰਿਆ। ਉਹ ਜ਼ਮੀਨ ਨੂੰ ਛੂਹ ਵੀ ਨਹੀਂ ਸਕਦਾ ਸੀ। ਇਸ ਤੋਂ ਪਹਿਲਾਂ ਲਾਂਚ ਪੈਡ ਦੇ ਮਕੈਨੀਕਲ ਹਥਿਆਰ ਮੇਚਾਜ਼ਿਲਾ ਨੇ ਉਸ ਨੂੰ ਹਵਾ ਵਿਚ ਫੜ ਲਿਆ ਸੀ। ਭਵਿੱਖ ਵਿਚ ਸਪੇਸਐਕਸ ਆਪਣੇ ਲਾਂਚਾਂ ਵਿਚ ਇਸੇ ਤਕਨੀਕ ਦੀ ਵਰਤੋਂ ਕਰੇਗਾ।

ਸਪੇਸਐਕਸ ਦੇ ਸੀ.ਈ.ਓ. ਅਤੇ ਮਾਲਕ ਐਲੋਨ ਮਸਕ ਨੇ ਇਸ ਵਾਰ ਚੁਣੌਤੀ ਦਾ ਪੱਧਰ ਵਧਾ ਦਿੱਤਾ ਸੀ। ਉਸਨੇ ਬੂਸਟਰ ਦੇ ਉਤਰਨ ਲਈ ਮਕੈਨੀਕਲ ਹਥਿਆਰਾਂ ਦੀ ਵਰਤੋਂ ਕੀਤੀ। ਉਹ ਵੀ ਲਾਂਚ ਦੇ ਸੱਤ ਮਿੰਟਾਂ ਦੇ ਅੰਦਰ। ਇਸ ਵਾਰ ਲਾਂਚ ਪੈਡ ਵਿਚ ਵੱਡੇ ਅਤੇ ਮਜ਼ਬੂਤ ਹਥਿਆਰ ਲਗਾਏ ਗਏ ਸਨ, ਜਿਸ ਨੇ 232 ਫੁੱਟ ਲੰਬੇ ਬੂਸਟਰ ਨੂੰ ਚੋਪਸਟਿੱਕ ਵਾਂਗ ਆਪਣੇ ਅੰਦਰ ਫਸਾ ਲਿਆ। ਮੇਕਾਜ਼ਿਲਾ ਇਕ ਕਿਸਮ ਦੀ ਮਕੈਨੀਕਲ ਬਾਂਹ ਹੈ, ਜੋ ਰਾਕੇਟ ਬੂਸਟਰ ਨੂੰ ਨੇੜੇ ਆਉਣ 'ਤੇ ਫੜ ਲੈਂਦੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਬਿਨਾਂ ਦਸਤਾਵੇਜ਼ ਨਵੇਂ ਆਏ ਪ੍ਰਵਾਸੀਆਂ ਲਈ ਅਮਰੀਕਾ 'ਚ ਕੋਈ ਥਾਂ ਨਹੀਂ : ਵਿਵੇਕ ਰਾਮਾਸਵਾਮੀ

■ ਟਰੰਪ ਪ੍ਰਸ਼ਾਸਨ ਦੀ ਪ੍ਰਸਤਾਵਿਤ "ਸਮੂਹਿਕ ਦੇਸ਼ ਨਿਕਾਲਾ" ਯੋਜਨਾ ਦੀ ਪੁਸ਼ਟੀ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਅਮਰੀਕੀ ਆਮ ਚੋਣਾਂ 'ਚ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਵੱਲੋਂ ਰਾਸ਼ਟਰਪਤੀ ਦੀ ਚੋਣ ਜਿੱਤਣ ਉਪਰੰਤ ਬਿਨਾਂ ਦਸਤਾਵੇਜ਼ ਅਮਰੀਕਾ ਵਿਚ ਰਹਿ ਰਹੇ ਪ੍ਰਵਾਸੀਆਂ ਦਾ ਭਵਿੱਖ ਅੱਧ ਵਿਚਾਲੇ ਲਟਕ ਗਿਆ ਹੈ। ਉਨ੍ਹਾਂ ਉਪਰ ਦੇਸ਼ ਨਿਕਾਲੇ ਦੀ ਤਲਵਾਰ ਲਟਕੀ ਹੋਈ ਹੈ। ਇਨ੍ਹਾਂ ਪ੍ਰਵਾਸੀਆਂ 'ਚ ਲੱਖਾਂ ਭਾਰਤੀ ਵੀ ਸ਼ਾਮਲ ਹਨ। ਕਿਸੇ ਵੇਲੇ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਰਹੇ ਟਰੰਪ ਦੇ ਸਮਰਥਕ ਵਿਵੇਕ ਰਾਮਾਸਵਾਮੀ ਨੇ ਟਰੰਪ ਪ੍ਰਸ਼ਾਸਨ ਦੀ ਪ੍ਰਸਤਾਵਿਤ ਸਮੂਹਿਕ ਦੇਸ਼ ਨਿਕਾਲੇ ਦੀ ਯੋਜਨਾ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਇਸ ਯੋਜਨਾ ਪ੍ਰਤੀ ਬਹੁਤ ਸਾਰੇ ਅਮਰੀਕੀਆਂ ਨੇ ਵਿਵਹਾਰਕ ਪ੍ਰਤੀਕ੍ਰਿਆ ਪ੍ਰਗਟਾਈ ਹੈ ਤੇ ਇਸ ਦਾ ਸਮਰਥਨ ਕੀਤਾ ਹੈ। ਏ.ਬੀ.ਸੀ. ਦੇ ਪ੍ਰਤੀਨਿੱਧ ਜੋਨਾਥਨ ਕਾਰਲ ਨਾਲ ਗੱਲਬਾਤ ਕਰਦਿਆਂ ਰਾਮਾਸਵਾਮੀ ਨੇ ਦਲੀਲ ਦਿੱਤੀ ਕਿ ਸਭ ਤੋਂ ਪਹਿਲਾਂ ਬਿਨਾਂ ਦਸਤਾਵੇਜ਼ ਅਮਰੀਕਾ 'ਚ ਰਹਿ ਰਹੇ ਅਪਰਾਧਕ ਰਿਕਾਰਡ ਵਾਲੇ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਕੱਢਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਦਾ ਸਭ ਤੋਂ ਵੱਡਾ ਇਤਿਹਾਸਕ ਸਮੂਹਿਕ ਦੇਸ਼ ਨਿਕਾਲਾ ਹੋਵੇਗਾ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਟਰੰਪ ਦਾ ਦੇਸ਼ ਨਿਕਾਲੇ ਦਾ ਟੀਚਾ 1 ਕਰੋੜ ਤੋਂ 2 ਕਰੋੜ ਤੱਕ ਦਾ ਹੈ, ਤਾਂ ਹਾਲਾਂਕਿ ਰਾਮਾਸਵਾਮੀ ਨੇ ਪ੍ਰਵਾਸੀਆਂ ਦੀ ਗਿਣਤੀ ਬਾਰੇ ਕੁਝ ਨਹੀਂ ਕਿਹਾ ਪਰੰਤੂ ਉਨ੍ਹਾਂ ਸਪੱਸ਼ਟ ਕੀਤਾ ਕਿ ਬਿਨਾਂ ਦਸਤਾਵੇਜ਼ ਨਵੇਂ ਆਏ ਪ੍ਰਵਾਸੀਆਂ ਲਈ ਅਮਰੀਕਾ 'ਚ ਕੋਈ ਥਾਂ ਨਹੀਂ ਹੈ। ਰਾਮਾਸਵਾਮੀ ਨੇ ਬਿਨਾਂ ਦਸਤਾਵੇਜ਼ ਪ੍ਰਵਾਸੀਆਂ ਲਈ ਸੰਘੀ ਵਿੱਤੀ ਸਹਾਇਤਾ ਖਤਮ ਕਰਨ ਦੀ ਪ੍ਰਸਤਾਵਿਤ ਯੋਜਨਾ ਦੀ ਵੀ ਪੁਸ਼ਟੀ ਕੀਤੀ ਤੇ ਕਿਹਾ ਕਿ ਸਰਕਾਰੀ ਸਹਾਇਤਾ ਦੀ ਅਣਹੋਂਦ ਵਿਚ ਲੱਖਾਂ ਪ੍ਰਵਾਸੀ ਖੁਦ ਹੀ ਦੇਸ਼ ਛੱਡ ਕੇ ਜਾਣ ਲਈ ਮਜਬੂਰ ਹੋ ਜਾਣਗੇ। ਉਨ੍ਹਾਂ ਕਿਹਾ ਕਿ ਯੋਜਨਾ ਪਹਿਲਾਂ ਇਥੇ ਰਹਿ ਰਹੇ ਅਮਰੀਕੀਆਂ ਦੀ ਕਦਰ ਕਰਦੀ ਹੈ ਤੇ ਸੁਝਾਅ ਦਿੱਤਾ ਕਿ ਯੋਜਨਾ ਹੋਰ ਲੋਕਾਂ ਤੱਕ ਵੀ ਵਧਾਈ ਜਾ ਸਕਦੀ ਹੈ।

# ਯੂ.ਐੱਸ. 'ਚ ਨੌਕਰੀਆਂ 'ਤੇ ਸੰਕਟ !



■ ਲੱਖਾਂ ਗੈਰ-ਚੁਣੇ ਹੋਏ ਸੰਘੀ ਨੌਕਰਸ਼ਾਹਾਂ ਨੂੰ ਬਾਹਰ ਕੱਢਣ ਦੀ ਪ੍ਰਕਿਰਿਆ ਸ਼ੁਰੂ ਕਰ ਸਕਦੇ ਨੇ ਟਰੰਪ : ਰਾਮਾਸਵਾਮੀ

■ ਅਹੁਦਾ ਸੰਭਾਲਣ ਤੋਂ ਪਹਿਲਾਂ ਭਾਰਤੀ-ਅਮਰੀਕੀ ਰਾਮਾਸਵਾਮੀ ਵੱਲੋਂ ਸੰਕੇਤ

ਵਾਸ਼ਿੰਗਟਨ, (ਪੰਜਾਬ ਮੇਲ)- ਉਦਯੋਗਪਤੀ ਤੋਂ ਸਿਆਸਤਦਾਨ ਬਣੇ ਵਿਵੇਕ ਰਾਮਾਸਵਾਮੀ ਨੇ ਅਮਰੀਕਾ ਵਿਚ ਸਰਕਾਰੀ ਨੌਕਰੀਆਂ ਵਿਚ ਵੱਡੀ ਕਟੌਤੀ ਦਾ ਸੰਕੇਤ ਦਿੱਤਾ ਹੈ। ਰਾਮਾਸਵਾਮੀ ਨੂੰ ਟੈਸਲਾ ਦੇ ਮਾਲਕ ਐਲੋਨ ਮਸਕ ਦੇ ਨਾਲ ਸਰਕਾਰੀ ਕੁਸ਼ਲਤਾ ਵਿਭਾਗ (ਡਿਪਾਰਟਮੈਂਟ ਆਫ ਗਵਰਨਮੈਂਟ ਐਫਿਸ਼ੀਐਂਸੀ) ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਭਾਰਤੀ-ਅਮਰੀਕੀ ਰਾਮਾਸਵਾਮੀ ਨੇ ਵੀਰਵਾਰ ਨੂੰ ਫਲੋਰੀਡਾ ਦੇ ਮਾਰ-ਏ-ਲਾਗੋ ਵਿਚ ਆਯੋਜਿਤ ਇੱਕ ਸਮਾਗਮ ਵਿਚ ਕਿਹਾ, "ਮੈਂ ਅਤੇ ਐਲੋਨ ਮਸਕ ਅਜਿਹੀ ਸਥਿਤੀ ਵਿਚ ਹਾਂ, ਜਿੱਥੇ ਅਸੀਂ ਲੱਖਾਂ ਗੈਰ-ਚੁਣੇ ਹੋਏ ਸੰਘੀ ਨੌਕਰਸ਼ਾਹਾਂ ਨੂੰ ਬਾਹਰ ਕੱਢਣ ਦੀ ਪ੍ਰਕਿਰਿਆ ਸ਼ੁਰੂ ਕਰ ਸਕਦੇ ਹਾਂ। ਇਸ ਤਰ੍ਹਾਂ ਅਸੀਂ ਦੇਸ਼ ਨੂੰ ਬਚਾਵਾਂਗੇ।"

ਉਨ੍ਹਾਂ ਕਿਹਾ, "ਪਿਛਲੇ 4 ਸਾਲਾਂ ਵਿਚ ਸਾਨੂੰ ਇਹ ਵਿਸ਼ਵਾਸ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ ਕਿ ਸਾਡਾ ਰਾਸ਼ਟਰ ਪਤਨ ਵਿਚ ਹੈ, ਅਸੀਂ ਪ੍ਰਾਚੀਨ ਰੋਮਨ ਸਾਮਰਾਜ ਦੇ ਅੰਤ ਵਿਚ ਹਾਂ। ...ਮੈਨੂੰ ਨਹੀਂ ਲੱਗਦਾ ਕਿ ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਸਾਡਾ ਰਾਸ਼ਟਰ ਪਤਨ ਵਿਚ ਹੈ। ਮੈਨੂੰ ਲੱਗਦਾ ਹੈ ਕਿ ਪਿਛਲੇ ਹਫ਼ਤੇ ਜੋ ਕੁੱਝ ਹੋਇਆ, ਉਸ ਨਾਲ ਅਸੀਂ ਇੱਕ ਵਾਰ ਫਿਰ ਤੋਂ ਉਭਰ ਰਿਹਾ ਰਾਸ਼ਟਰ ਬਣ ਗਏ ਹਾਂ। ਇੱਕ ਅਜਿਹਾ ਰਾਸ਼ਟਰ, ਜਿਸ ਦੇ ਵਧੀਆ ਦਿਨ ਆਉਣ ਵਾਲੇ ਹਨ।'

ਇਸ ਦੌਰਾਨ, ਮਸਕ ਅਤੇ ਰਾਮਾਸਵਾਮੀ ਨੇ ਘੋਸ਼ਣਾ ਕੀਤੀ ਕਿ ਉਹ ਸਰਕਾਰੀ ਕੁਸ਼ਲਤਾ ਮੰਤਰਾਲਾ (ਡੀ.ਓ.ਜੀ.ਈ.) ਦੇ ਕੰਮਾਂ ਦੀ ਤਰੱਕੀ 'ਤੇ ਅਮਰੀਕੀ ਜਨਤਾ ਨੂੰ ਅਪਡੇਟ ਕਰਨ ਲਈ ਹਰ ਹਫ਼ਤੇ 'ਲਾਈਵਸਟ੍ਰੀਮ' ਕਰਨਗੇ। ਰਾਮਾਸਵਾਮੀ ਨੇ ਕਿਹਾ, "ਡੀ.ਓ.ਜੀ.ਈ. ਦਾ ਕੰਮ ਇੱਕ ਅਜਿਹੀ ਸਰਕਾਰ ਬਣਾਉਣਾ ਹੈ, ਜਿਸ ਦਾ ਆਕਾਰ ਅਤੇ ਦਾਇਰਾ ਅਜਿਹਾ ਹੋਵੇ, ਜਿਸ 'ਤੇ ਸਾਡੇ ਸੰਸਥਾਪਕਾਂ ਨੂੰ ਮਾਣ ਹੋਵੇ। ਮੈਂ ਅਤੇ ਐਲੋਨ ਮਸਕ ਨਵੇਂ ਚੁਣੇ ਗਏ ਰਾਸ਼ਟਰਪਤੀ ਟਰੰਪ ਵੱਲੋਂ ਸਾਨੂੰ ਦਿੱਤੇ ਗਏ ਆਦੇਸ਼ ਨੂੰ ਪੂਰਾ ਕਰਨ ਲਈ ਤਿਆਰ ਹਾਂ।' ਉਸ ਨੇ ਦਲੀਲ ਦਿੱਤੀ ਕਿ ਬਹੁਤ ਜ਼ਿਆਦਾ ਨੌਕਰਸ਼ਾਹੀ ਦਾ ਮਤਲਬ ਹੈ ਘੱਟ ਨਵੀਨਤਾ ਅਤੇ ਜ਼ਿਆਦਾ ਖਰਚੇ। ਉਹ (ਨੌਕਰਸ਼ਾਹ) ਇਸ ਗੱਲ ਤੋਂ ਪੂਰੀ ਤਰ੍ਹਾਂ ਅਣਜਾਣ ਹਨ ਕਿ ਕਿਵੇਂ ਉਨ੍ਹਾਂ ਦੇ ਰੋਜ਼ਾਨਾ ਫੈਸਲੇ ਨਵੀਨਤਾ ਨੂੰ ਰੋਕਦੇ ਹਨ ਅਤੇ ਲਾਗਤਾਂ ਨੂੰ ਵਧਾਉਂਦੇ ਹਨ, ਜਿਸ ਨਾਲ ਵਿਕਾਸ ਵਿੱਚ ਰੁਕਾਵਟ ਆਉਂਦੀ ਹੈ।

# ਜੂਨੀਅਰ ਟਰੰਪ ਵੱਲੋਂ ਬਾਇਡਨ 'ਤੇ ਤੀਜੇ ਵਿਸ਼ਵ ਯੁੱਧ ਸ਼ੁਰੂ ਕਰਨ ਲਈ ਵਿਸ਼ਵਵਿਆਪੀ ਤਣਾਅ ਵਧਾਉਣ ਦਾ ਦੋਸ਼

■ ਕਿਹਾ: ਬਾਇਡਨ ਦੇ ਇਸ ਫ਼ੈਸਲੇ ਨਾਲ ਅਮਰੀਕਾ ਤੇ ਰੂਸ ਵਿਚਾਲੇ ਵਧ ਸਕਦੈ ਤਣਾਅ

ਵਾਸ਼ਿੰਗਟਨ, (ਪੰਜਾਬ ਮੇਲ)- ਡੋਨਾਲਡ ਟਰੰਪ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਚੁਣੇ ਗਏ ਹਨ।



ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਉਨ੍ਹਾਂ ਨੇ ਆਪਣੀ ਕੈਬਨਿਟ ਵੀ ਤਿਆਰ ਕਰ ਲਈ ਹੈ। ਇਸ ਦੌਰਾਨ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਦੇ ਇੱਕ ਫ਼ੈਸਲੇ ਨੇ ਨਵੀਂ ਬਹਿਸ ਛੇੜ ਦਿੱਤੀ ਹੈ ਪਰ ਇਸ ਬਹਿਸ ਵਿਚਕਾਰ ਟਰੰਪ ਦੇ ਬੇਟੇ ਦਾ ਬਿਆਨ ਸੁਰਖੀਆਂ ਬਟੋਰ ਰਿਹਾ ਹੈ।

ਡੋਨਾਲਡ ਟਰੰਪ ਜੂਨੀਅਰ ਨੇ ਬਾਇਡਨ ਸਰਕਾਰ 'ਤੇ ਆਪਣੇ ਪਿਤਾ ਦੇ 20 ਜਨਵਰੀ ਨੂੰ ਸਹੁੰ ਚੁੱਕਣ ਤੋਂ ਪਹਿਲਾਂ ਹੀ ਤੀਜਾ ਵਿਸ਼ਵ ਯੁੱਧ ਸ਼ੁਰੂ ਕਰਨ ਲਈ ਵਿਸ਼ਵਵਿਆਪੀ ਤਣਾਅ ਵਧਾਉਣ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਦਾ ਇਹ ਬਿਆਨ ਬਾਇਡਨ ਦੇ ਉਸ ਫ਼ੈਸਲੇ ਤੋਂ ਬਾਅਦ ਆਇਆ ਹੈ, ਜਿਸ 'ਚ ਉਨ੍ਹਾਂ ਨੇ ਯੂਕਰੇਨ ਨੂੰ ਰੂਸ ਖ਼ਿਲਾਫ਼ ਅਮਰੀਕਾ ਦੀਆਂ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਹੈ। ਬਾਇਡਨ ਦੇ ਇਸ ਫ਼ੈਸਲੇ ਨਾਲ ਅਮਰੀਕਾ ਅਤੇ ਰੂਸ ਵਿਚਾਲੇ ਤਣਾਅ ਵਧ ਸਕਦਾ ਹੈ। ਰਿਪੋਰਟਾਂ ਅਨੁਸਾਰ ਉੱਤਰੀ ਕੋਰੀਆ ਨੇ ਕੁਰਸਕ ਖੇਤਰ ਵਿਚ 15,000 ਤੋਂ ਵੱਧ ਸੈਨਿਕ ਤਾਇਨਾਤ ਕੀਤੇ ਹਨ, ਜਦੋਂਕਿ ਯੂਕਰੇਨ ਕਥਿਤ ਤੌਰ 'ਤੇ ਰੂਸ 'ਤੇ ਇਨ੍ਹਾਂ ਮਿਜ਼ਾਈਲਾਂ ਦਾਗਣ ਦੀ ਤਿਆਰੀ ਕਰ ਰਿਹਾ ਹੈ। ਬਾਇਡਨ ਸਰਕਾਰ ਦੇ ਇਸ ਫ਼ੈਸਲੇ ਤੋਂ ਤੁਰੰਤ ਬਾਅਦ ਟਰੰਪ ਜੂਨੀਅਰ ਨੇ 18 ਨਵੰਬਰ ਨੂੰ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਕਿ ਫੌਜ ਅਸਲ ਵਿਚ ਤੀਸਰਾ ਵਿਸ਼ਵ ਯੁੱਧ ਸ਼ੁਰੂ ਕਰਨਾ ਚਾਹੁੰਦੀ ਹੈ, ਇਸ ਤੋਂ ਪਹਿਲਾਂ ਕਿ ਮੇਰੇ ਪਿਤਾ ਸ਼ਾਂਤੀ ਅਤੇ ਸਦਭਾਵਨਾ ਦੀ ਸਥਾਪਨਾ ਲਈ ਯਤਨ ਕਰਦੇ ਹਨ। ਦਰਅਸਲ ਬਾਇਡਨ ਸਰਕਾਰ ਨੇ ਯੂਕਰੇਨ ਦੀ ਫੌਜ ਨੂੰ ਰੂਸ ਦੀ ਉੱਤਰ-ਪੂਰਬੀ ਸਰਹੱਦ 'ਤੇ ਅਮਰੀਕੀ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਦਾਗਣ ਦੀ ਇਜਾਜ਼ਤ ਦੇ ਦਿੱਤੀ ਹੈ।

ਆਪਣਾ ਅਹੁਦਾ ਛੱਡਣ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਬਾਇਡਨ ਨੇ ਯੂਕਰੇਨ ਨੂੰ ਰੂਸ ਦੇ ਅੰਦਰ ਹਮਲੇ ਕਰਨ ਲਈ ਅਮਰੀਕਾ ਵਿਚ ਬਣੇ ਹਥਿਆਰਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।

Global Allianz

LAW FIRM LLP

ਕਾਨੂੰਨੀ ਸਲਾਹ

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ



Atul Kapoor
C.E.O

Asylum & Deportation Defense



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਯੂ.ਐੱਸ. 'ਚ ਤਸਕਰੀ ਕਰਕੇ ਲਿਆਂਦੀਆਂ ਗਈਆਂ 1440 ਪ੍ਰਾਚੀਨ ਵਸਤੂਆਂ ਭਾਰਤ ਨੂੰ ਕੀਤੀਆਂ ਗਈਆਂ ਵਾਪਸ

**ਨਿਊਯਾਰਕ, (ਪੰਜਾਬ ਮੇਲ)-** ਮੈਨਹਟਨ ਦੇ ਸਰਕਾਰੀ ਵਕੀਲ ਐਲਵਿਨ ਬ੍ਰੈਗ ਨੇ ਭਾਰਤ ਨੂੰ 1,440 ਪੁਰਾਤਨ ਵਸਤੂਆਂ ਵਾਪਸ ਕਰ ਦਿੱਤੀਆਂ ਹਨ। ਇਨ੍ਹਾਂ ਵਿਚ ਪਵਿੱਤਰ ਮੰਦਰ ਦੀਆਂ ਮੂਰਤੀਆਂ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਅਮਰੀਕਾ ਤਸਕਰੀ ਕਰਕੇ ਲਿਆਂਦਾ ਗਿਆ ਸੀ। ਸਰਕਾਰੀ ਵਕੀਲ ਦੇ ਦਫਤਰ ਨੇ ਵੀਰਵਾਰ ਨੂੰ ਕਿਹਾ ਕਿ ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨਜ਼ (ਐੱਚ.ਐੱਸ.ਆਈ.) ਦੇ ਗਰੁੱਪ ਸੁਪਰਵਾਈਜ਼ਰ ਅਲੈਗਜ਼ੈਂਡਰਾ ਡੀ ਆਰਮਾਸ ਨੇ ਭਾਰਤ ਦੇ ਕੌਂਸਲੇਟ ਜਨਰਲ ਵਿਖੇ ਆਯੋਜਿਤ ਸਮਾਰੋਹ ਵਿਚ ਇਨ੍ਹਾਂ ਕਲਾਕ੍ਰਿਤੀਆਂ ਨੂੰ ਵਾਪਸ ਕਰ ਦਿੱਤਾ। ਸਮਾਗਮ ਦੀ ਨੁਮਾਇੰਦਗੀ ਕੌਂਸਲ ਜਨਰਲ




ਮਨੀਸ਼ ਕੁਲਹਾਰੀ ਨੇ ਕੀਤੀ। ਬ੍ਰੈਗ ਨੇ ਕਿਹਾ, "ਅਸੀਂ ਭਾਰਤੀ ਸੱਭਿਆਚਾਰਕ ਵਿਰਾਸਤ ਨੂੰ ਨਿਸ਼ਾਨਾ ਬਣਾਉਣ ਵਾਲੇ ਕਈ ਤਸਕਰੀ ਨੈੱਟਵਰਕਾਂ ਦੀ ਜਾਂਚ ਕਰਨਾ ਜਾਰੀ ਰੱਖਾਂਗੇ।"

ਸਰਕਾਰੀ ਵਕੀਲ ਦੇ ਦਫਤਰ ਦੇ ਅਨੁਸਾਰ, ਇਹ ਪੁਰਾਤਨ ਵਸਤੂਆਂ ਇੱਕ ਅਪਰਾਧਿਕ ਤਸਕਰੀ ਨੈੱਟਵਰਕ ਦੀ ਜਾਂਚ ਦੌਰਾਨ ਬਰਾਮਦ ਕੀਤੀਆਂ ਗਈਆਂ। ਇਨ੍ਹਾਂ ਪੁਰਾਤਨ ਵਸਤੂਆਂ ਦੇ ਤਸਕਰ ਸੁਭਾਸ਼ ਕਪੂਰ ਨੂੰ ਭਾਰਤ ਵਿਚ, ਜਦੋਂ ਕਿ ਨੈਨਸੀ ਵੀਨਰ ਨੂੰ ਅਮਰੀਕਾ ਵਿਚ ਦੋਸ਼ੀ ਠਹਿਰਾਇਆ ਗਿਆ। ਐੱਚ.ਐੱਸ.ਆਈ. ਨਿਊਯਾਰਕ ਸਪੈਸ਼ਲ ਏਜੰਟ ਇਨ ਚਾਰਜ ਵਿਲੀਅਮ ਐੱਸ. ਵਾਕਰ ਨੇ ਕਿਹਾ, "ਇਹ ਵਾਪਸੀ ਕਈ ਸਾਲਾਂ ਤੋਂ ਜਾਰੀ ਇੱਕ ਅੰਤਰਰਾਸ਼ਟਰੀ ਜਾਂਚ ਦੀ ਨਿਸ਼ਾਨਦੇਹੀ ਕਰਦੀ ਹੈ। ਇਹ ਜਾਂਚ ਇਤਿਹਾਸ ਦੇ ਸਭ ਤੋਂ ਬਦਨਾਮ ਅਪਰਾਧੀਆਂ ਵਿਚੋਂ ਇੱਕ ਵੱਲੋਂ ਤਸਕਰੀ ਕੀਤੀਆਂ ਗਈਆਂ ਪੁਰਾਤਨ ਵਸਤਾਂ ਦੀ ਹੈ।" ਕੁਝ ਪੁਰਾਤਨ ਵਸਤੂਆਂ ਨੂੰ ਅਜਾਇਬ ਘਰਾਂ 'ਚ ਪ੍ਰਦਰਸ਼ਿਤ ਕੀਤਾ ਗਿਆ ਸੀ, ਜਦੋਂ ਤੱਕ ਕਿ ਉਨ੍ਹਾਂ ਨੂੰ ਮੈਨਹਟਨ ਪ੍ਰੌਸੀਕਿਊਟਰਜ਼ ਐਂਟੀਕਿਊਟੀਜ਼ ਟ੍ਰੈਫਿਕ ਯੂਨਿਟ (ਏ.ਟੀ.ਯੂ.) ਦੁਆਰਾ ਜ਼ਬਤ ਨਹੀਂ ਕੀਤਾ ਗਿਆ ਸੀ।

# ਟਰੰਪ ਵੱਲੋਂ ਰਾਬਰਟ ਐੱਫ਼ ਕੈਨੇਡੀ ਜੂਨੀਅਰ ਨੂੰ ਸਿਹਤ ਮੰਤਰੀ ਦੇ ਰੂਪ ਵਿਚ ਨਾਮਜ਼ਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਰਵਾਰ ਨੂੰ ਰਾਬਰਟ ਐੱਫ਼ ਕੈਨੇਡੀ ਜੂਨੀਅਰ ਨੂੰ ਸਿਹਤ ਅਤੇ ਮਨੁੱਖੀ ਸੇਵਾ ਮੰਤਰੀ ਦੇ ਰੂਪ ਵਿਚ ਨਾਮਜ਼ਦ ਕਰਨ ਦਾ ਐਲਾਨ




ਕੀਤਾ। ਰਾਬਰਟ ਐੱਫ਼ ਕੈਨੇਡੀ ਜੂਨੀਅਰ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਲਈ ਨਾਮਜ਼ਦਗੀ ਦੀ ਦੌੜ ਵਿਚ ਸ਼ਾਮਲ ਸਨ। ਇਸ ਚੋਟੀ ਦੇ ਕੈਬਨਿਟ ਅਹੁਦੇ ਲਈ ਨਾਮਜ਼ਦਗੀ ਲਈ ਅਮਰੀਕੀ ਸੈਨੇਟ ਦੀ ਮਨਜ਼ੂਰੀ ਦੀ ਲੋੜ ਹੁੰਦੀ ਹੈ। ਟਰੰਪ ਨੇ ਕਿਹਾ, 'ਮੈਨੂੰ ਰੌਬਰਟ ਐੱਫ਼ ਕੈਨੇਡੀ ਜੂਨੀਅਰ ਨੂੰ ਅਮਰੀਕਾ ਦਾ ਸਿਹਤ ਅਤੇ ਮਨੁੱਖੀ ਸੇਵਾ ਮੰਤਰੀ (ਐੱਚ.ਐੱਚ.ਐੱਸ.) ਨਿਯੁਕਤ ਕਰਨ ਦਾ ਐਲਾਨ ਕਰਦੇ ਹੋਏ ਖ਼ੁਸ਼ੀ ਹੋ ਰਹੀ ਹੈ।'

# ਪਿਛਲੇ 15 ਸਾਲਾਂ 'ਚ ਅਮਰੀਕਾ 'ਚ ਸਭ ਤੋਂ ਜ਼ਿਆਦਾ ਕੌਮਾਂਤਰੀ ਵਿਦਿਆਰਥੀ ਭੇਜਣ ਵਾਲਾ ਦੇਸ਼ ਬਣਿਆ ਭਾਰਤ

**ਨਵੀਂ ਦਿੱਲੀ, (ਪੰਜਾਬ ਮੇਲ)-** ਪਿਛਲੇ 15 ਸਾਲਾਂ ਵਿਚ ਪਹਿਲੀ ਵਾਰ ਭਾਰਤ ਸਭ ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਅਮਰੀਕਾ ਭੇਜਣ ਵਾਲਾ ਦੇਸ਼ ਬਣ ਕੇ ਉਭਰਿਆ ਹੈ। ਸੋਮਵਾਰ ਨੂੰ ਜਾਰੀ ਕੀਤੀ ਗਈ 'ਓਪਨ ਡੋਰ ਰਿਪੋਰਟ-2024' ਮੁਤਾਬਕ ਇਸ ਸਮੇਂ 3.3 ਲੱਖ ਤੋਂ ਵੱਧ ਭਾਰਤੀ ਵਿਦਿਆਰਥੀ ਅਮਰੀਕਾ ਦੀਆਂ ਸਿੱਖਿਆ ਸੰਸਥਾਵਾਂ ਵਿਚ ਪੜ੍ਹ ਰਹੇ ਹਨ। ਅਕਾਦਮਿਕ ਸਾਲ 2022-23 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਅਮਰੀਕਾ ਭੇਜਣ ਦੇ ਮਾਮਲੇ 'ਚ ਚੀਨ ਪਹਿਲੇ, ਜਦਕਿ ਭਾਰਤ ਦੂਜੇ ਸਥਾਨ 'ਤੇ ਰਿਹਾ ਸੀ। 'ਓਪਨ ਡੋਰ ਰਿਪੋਰਟ' ਦੇ ਅਨੁਸਾਰ, ਅਕਾਦਮਿਕ ਸਾਲ 2023-24 ਵਿਚ ਅਮਰੀਕਾ ਵਿਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ "ਰਿਕਾਰਡ" 3,31,602 ਤੱਕ ਪਹੁੰਚ ਗਈ ਹੈ। ਇਹ ਸੰਖਿਆ ਅਕਾਦਮਿਕ ਸਾਲ 2022-23 ਦੇ ਮੁਕਾਬਲੇ 23 ਫ਼ੀਸਦੀ ਜ਼ਿਆਦਾ ਹੈ, ਜਦੋਂ 2,68,923 ਭਾਰਤੀ ਵਿਦਿਆਰਥੀ ਅਮਰੀਕੀ ਵਿਦਿਅਕ ਸੰਸਥਾਵਾਂ ਵਿੱਚ ਪੜ੍ਹ ਰਹੇ ਸਨ।

'ਓਪਨ ਡੋਰ ਰਿਪੋਰਟ' 'ਤੇ ਅਮਰੀਕੀ ਦੂਤਘਰ ਵੱਲੋਂ ਸਾਂਝੇ ਕੀਤੇ ਗਏ ਨੋਟ ਅਨੁਸਾਰ, 'ਭਾਰਤ ਹੁਣ ਅਮਰੀਕਾ ਵਿਚ ਸਭ ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ



ਭੇਜਣ ਵਾਲਾ ਦੇਸ਼ ਬਣ ਗਿਆ ਹੈ। ਅਮਰੀਕਾ ਵਿਚ ਪੜ੍ਹ ਰਹੇ ਕੁੱਲ ਅੰਤਰਰਾਸ਼ਟਰੀ ਵਿਦਿਆਰਥੀਆਂ ਵਿਚੋਂ 29 ਫ਼ੀਸਦੀ ਭਾਰਤ ਦੇ ਹਨ।' ਨੋਟ ਵਿਚ ਕਿਹਾ ਗਿਆ ਹੈ, "2008-09 ਤੋਂ ਬਾਅਦ ਭਾਰਤ ਪਹਿਲੀ ਵਾਰ ਅਮਰੀਕਾ ਵਿਚ ਸਭ ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਭੇਜਣ ਵਾਲੇ ਦੇਸ਼ ਵਜੋਂ ਉਭਰਿਆ ਹੈ। 3,31,602 ਭਾਰਤੀ ਵਿਦਿਆਰਥੀ ਅਮਰੀਕਾ ਵਿਚ ਪੜ੍ਹ ਰਹੇ ਹਨ ਅਤੇ ਇਹ ਗਿਣਤੀ ਹੁਣ ਤੱਕ ਦੀ ਸਭ ਤੋਂ ਵੱਧ ਹੈ।'

'ਓਪਨ ਡੋਰਜ਼ ਰਿਪੋਰਟ' ਵਿਚ ਦਿੱਤੇ ਗਏ ਅਧਿਕਾਰਤ ਅੰਕੜਿਆਂ ਅਨੁਸਾਰ, ਅਕਾਦਮਿਕ ਸਾਲ 2023-24 ਵਿਚ ਸਭ ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਅਮਰੀਕਾ ਭੇਜਣ ਵਾਲੇ ਚੋਟੀ ਦੇ 5 ਦੇਸ਼ਾਂ ਵਿਚ ਭਾਰਤ ਤੋਂ ਇਲਾਵਾ ਚੀਨ (2,77,398), ਦੱਖਣੀ ਕੋਰੀਆ (43,149), ਕੈਨੇਡਾ (28,998) ਅਤੇ ਤਾਈਵਾਨ (23,157) ਸ਼ਾਮਲ। ਅਮਰੀਕਾ ਵਿਚ ਅਕਾਦਮਿਕ ਸੈਸ਼ਨ ਆਮ ਤੌਰ 'ਤੇ ਸਤੰਬਰ ਵਿਚ ਸ਼ੁਰੂ ਹੁੰਦਾ ਹੈ ਅਤੇ ਮਈ ਤੱਕ ਜਾਰੀ ਰਹਿੰਦਾ ਹੈ। ਰਿਪੋਰਟ ਦੇ ਅਨੁਸਾਰ, ਭਾਰਤ ਲਗਾਤਾਰ ਦੂਜੇ ਸਾਲ ਅਮਰੀਕਾ ਵਿਚ ਸਭ ਤੋਂ ਵੱਧ ਅੰਤਰਰਾਸ਼ਟਰੀ ਗ੍ਰੈਜੂਏਟ (ਮਾਸਟਰ ਅਤੇ ਪੀ.ਐੱਚ.ਡੀ. ਪੱਧਰ ਦੇ ਵਿਦਿਆਰਥੀ) ਭੇਜਣ ਵਾਲੇ ਦੇਸ਼ ਵਜੋਂ ਉੱਭਰਿਆ ਹੈ।

ਇਸ ਵਿਚ ਕਿਹਾ ਗਿਆ ਹੈ ਕਿ 2023-24 ਵਿਚ ਅਮਰੀਕੀ ਵਿਦਿਅਕ ਸੰਸਥਾਵਾਂ ਵਿਚ ਦਾਖਲਾ ਲੈਣ ਵਾਲੇ ਭਾਰਤੀ ਗ੍ਰੈਜੂਏਟਾਂ ਦੀ ਗਿਣਤੀ ਪਿਛਲੇ ਅਕਾਦਮਿਕ ਸਾਲ ਨਾਲੋਂ 19 ਫ਼ੀਸਦੀ ਵਧ ਕੇ 1,96,567 ਹੋ ਗਈ ਹੈ। ਰਿਪੋਰਟ ਮੁਤਾਬਕ ਅਮਰੀਕਾ 'ਚ ਭਾਰਤ ਦੇ ਅੰਡਰ-ਗ੍ਰੈਜੂਏਟ ਵਿਦਿਆਰਥੀਆਂ ਦੀ ਗਿਣਤੀ ਵੀ 13 ਫ਼ੀਸਦੀ ਵਧ ਕੇ 36,053 ਹੋ ਗਈ, ਜਦਕਿ ਗੈਰ-ਡਿਗਰੀ ਵਿਦਿਆਰਥੀਆਂ ਦੀ ਗਿਣਤੀ 28 ਫ਼ੀਸਦੀ ਘੱਟ ਕੇ 1,426 'ਤੇ ਆ ਗਈ। ਇੰਟਰਨੈਸ਼ਨਲ ਐਜੂਕੇਸ਼ਨ ਵੀਕ (ਆਈ.ਈ.ਡਬਲਯੂ.) ਦੀ ਸ਼ੁਰੂਆਤ ਦੇ ਮੌਕੇ 'ਤੇ 'ਓਪਨ ਡੋਰ ਰਿਪੋਰਟ' ਜਾਰੀ ਕੀਤੀ ਗਈ ਹੈ। ਆਈ.ਈ.ਡਬਲਯੂ. ਦਾ ਉਦੇਸ਼ ਵਿਸ਼ਵ ਭਰ ਵਿਚ ਅੰਤਰਰਾਸ਼ਟਰੀ ਸਿੱਖਿਆ ਅਤੇ ਵਿਦਿਅਕ ਅਦਾਨ-ਪ੍ਰਦਾਨ ਦੇ ਲਾਭਾਂ ਨੂੰ ਉਜਾਗਰ ਕਰਨਾ ਹੈ।



# ਐਲੋਨ ਮਸਕ ਦਾ ਪਲਾਨ: ਹੁਣ ਕੁੱਝ ਹੀ ਮਿੰਟਾਂ 'ਚ ਜਾ ਸਕੋਗੇ ਦਿੱਲੀ ਤੋਂ ਅਮਰੀਕਾ!

**ਨਿਊਯਾਰਕ, (ਪੰਜਾਬ ਮੇਲ)**- ਅਮਰੀਕਾ 'ਚ ਰਾਸ਼ਟਰਪਤੀ ਚੋਣਾਂ ਤੋਂ ਬਾਅਦ ਐਲੋਨ ਮਸਕ ਦਾ ਰੁਤਬਾ ਵਧਿਆ ਹੈ। ਉਨ੍ਹਾਂ ਨੂੰ ਸਰਕਾਰ 'ਚ ਨਵੀਂ ਜ਼ਿੰਮੇਵਾਰੀ ਮਿਲਣ ਜਾ ਰਹੀ ਹੈ। ਤਕਨਾਲੋਜੀ ਅਤੇ ਪੁਲਾੜ ਯਾਤਰਾ ਦੇ ਖੇਤਰ ਵਿਚ ਉੱਘੇ ਉਦਯੋਗਪਤੀ ਐਲੋਨ ਮਸਕ ਨੇ ਹਾਲ ਹੀ ਵਿਚ ਆਪਣੇ ਇੱਕ ਬਿਆਨ ਨਾਲ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ। ਦਰਅਸਲ, ਹੁਣ ਨਵੀਂ ਯੋਜਨਾ ਦੇ ਅਨੁਸਾਰ, ਐਲੋਨ ਮਸਕ ਹੁਣ ਦਿੱਲੀ-ਅਮਰੀਕਾ ਵਿਚਕਾਰ ਉਡਾਣ ਨੂੰ 15 ਘੰਟੇ ਤੋਂ ਘਟਾ ਕੇ ਸਿਰਫ 30 ਮਿੰਟ ਕਰਨ ਦੀ ਤਿਆਰੀ ਕਰ ਰਹੇ ਹਨ। ਐਲੋਨ ਮਸਕ ਦੇ ਇਸ ਪਲਾਨ ਨੇ ਤਹਿਲਕਾ ਮਚਾ ਦਿੱਤਾ ਹੈ।



ਦਿੱਲੀ ਏਅਰਪੋਰਟ ਤੋਂ ਸਿੱਧੀ ਅਮਰੀਕਾ ਲੈਂਡਿੰਗ, ਉਹ ਵੀ ਸਿਰਫ 30 ਮਿੰਟਾਂ 'ਚ, ਇਸ ਦੀ ਕਲਪਨਾ ਹੀ ਕੀਤੀ ਜਾ ਸਕਦੀ ਹੈ, ਕਿਉਂਕਿ ਦਿੱਲੀ ਤੋਂ ਅਮਰੀਕਾ ਜਾਣ ਵਾਲੇ ਲੋਕਾਂ ਨੂੰ ਪਤਾ ਹੋਵੇਗਾ ਕਿ ਇਸ ਫਲਾਈਟ ਦੇ ਸਫਰ 'ਚ ਘੱਟੋ-ਘੱਟ 15 ਘੰਟੇ ਲੱਗ ਜਾਂਦੇ ਹਨ, ਪਰ ਕੀ ਹੁੰਦਾ ਹੈ? ਜਦੋਂ ਇਹ ਸਮਾਂ 15 ਘੰਟਿਆਂ ਤੋਂ ਘਟਾ ਕੇ 30 ਮਿੰਟ ਕਰ ਦਿੱਤਾ ਜਾਂਦਾ ਹੈ। ਲੋਕਾਂ ਲਈ ਇਸ ਗੱਲ 'ਤੇ ਯਕੀਨ ਕਰਨਾ ਮੁਸ਼ਕਿਲ ਹੋ ਸਕਦਾ ਹੈ ਪਰ ਹਾਲ ਹੀ 'ਚ ਐਲੋਨ ਮਸਕ ਨੇ ਇਸ ਵਾਧੂ ਸਮੇਂ ਦਾ ਅਨੋਖਾ ਹੱਲ ਕੱਢਿਆ ਹੈ।

ਤੁਹਾਨੂੰ ਦੱਸ ਦੇਈਏ ਕਿ ਐਲੋਨ ਮਸਕ ਦੀ ਏਰੋਸਪੇਸ ਕੰਪਨੀ ਪੁਆਇੰਟ-ਟੂ-ਪੁਆਇੰਟ ਸਪੇਸ ਯਾਤਰਾ ਲਈ ਜਾਣੀ ਜਾਂਦੀ ਹੈ। ਸਪੇਸਐਕਸ ਕਈ ਅਜਿਹੇ ਪ੍ਰੋਜੈਕਟਾਂ 'ਤੇ ਕੰਮ ਕਰ ਰਿਹਾ ਹੈ, ਜਿਨ੍ਹਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਹੈ। ਦਰਅਸਲ, ਐਲੋਨ ਮਸਕ ਨੇ ਲੋਕਾਂ ਦੇ ਯਾਤਰਾ ਦੇ ਸਮੇਂ ਨੂੰ ਘੱਟ ਕਰਨ ਦਾ ਟੀਚਾ ਰੱਖਿਆ ਸੀ। ਡੇਲੀ ਮੇਲ ਦੀ ਇੱਕ ਰਿਪੋਰਟ ਦੇ ਅਨੁਸਾਰ, ਸਟਾਰਸ਼ਿਪ 1,000 ਯਾਤਰੀਆਂ ਨੂੰ ਲੈ ਕੇ ਜਾ ਸਕਦੀ ਹੈ (ਜੋ ਪੁਲਾੜ ਵਿਚ ਜਾਣ ਦੀ ਬਜਾਏ ਧਰਤੀ ਦੀ ਸਤ੍ਹਾ ਦੇ ਸਮਾਨਾਂਤਰ ਇੱਕ ਆਰਬਿਟ ਵਿਚ ਉੱਡ ਸਕਦੀ ਹੈ) ਅਮਰੀਕਾ ਦੇ ਲਾਸ ਏਂਜਲਸ ਤੋਂ ਕੈਨੇਡਾ ਦੇ ਟੋਰਾਂਟੋ ਤੱਕ ਸਟਾਰਸ਼ਿਪ ਰਾਹੀਂ ਸਿਰਫ 24 ਵਿਚ ਮਿੰਟਾਂ 'ਚ ਪਹੁੰਚਿਆ ਜਾ ਸਕਦਾ ਹੈ। ਇਸੇ ਤਰ੍ਹਾਂ ਯੂਨਾਈਟਿਡ ਕਿੰਗਡਮ ਦੀ ਰਾਜਧਾਨੀ ਲੰਡਨ ਤੋਂ ਅਮਰੀਕਾ ਦੇ ਨਿਊਯਾਰਕ ਸ਼ਹਿਰ ਤੱਕ 29 ਮਿੰਟਾਂ 'ਚ, ਨਿਊਯਾਰਕ ਤੋਂ ਚੀਨ ਦੇ ਸ਼ੰਘਾਈ ਤੱਕ 39 ਮਿੰਟਾਂ 'ਚ ਅਤੇ ਦਿੱਲੀ ਤੋਂ ਸਾਨ ਫਰਾਂਸਿਸਕੋ ਸਿਰਫ 30 ਮਿੰਟ 'ਚ ਪਹੁੰਚਿਆ ਜਾ ਸਕਦਾ ਹੈ।

ਹਾਲ ਹੀ ਵਿਚ, ਅਲੈਕਸ (@ajtourville) ਨਾਮਕ ਇੱਕ ਸੋਸ਼ਲ ਮੀਡੀਆ ਉਪਭੋਗਤਾ ਨੇ ਐਕਸ (ਪਹਿਲਾਂ ਟਵਿੱਟਰ) 'ਤੇ ਪ੍ਰੋਜੈਕਟ ਦਾ ਇੱਕ ਪ੍ਰਚਾਰ ਵੀਡੀਓ ਸਾਂਝਾ ਕੀਤਾ। ਪੋਸਟ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (ਐੱਫ.ਏ.ਏ.) ਸੰਭਾਵਿਤ ਦੂਜੇ ਟਰੰਪ ਪ੍ਰਸ਼ਾਸਨ ਦੇ ਅਧੀਨ ਇਸ ਪਹਿਲਕਦਮੀ ਨੂੰ ਹਰੀ ਝੰਡੀ ਦੇ ਸਕਦਾ ਹੈ। ਹਾਲ ਹੀ 'ਚ ਸੋਸ਼ਲ ਮੀਡੀਆ ਅਕਾਊਂਟ 'ਤੇ ਅਲੈਕਸ ਨਾਂ ਦੇ ਯੂਜ਼ਰ ਨੇ ਐਲੋਨ ਮਸਕ ਨੂੰ ਪੁੱਛਿਆ ਕਿ ਕੀ ਸਪੇਸਐਕਸ ਅਗਲੇ ਕੁਝ ਸਾਲਾਂ ਵਿਚ ਇਕ ਅਜਿਹੀ ਸਟਾਰਸ਼ਿਪ ਲਿਆ ਸਕਦੀ ਹੈ, ਜੋ ਧਰਤੀ ਤੋਂ ਧਰਤੀ 'ਤੇ ਹੀ ਚੱਲੇ ਅਤੇ ਇਕ ਘੰਟੇ ਤੋਂ ਵੀ ਘੱਟ ਸਮੇਂ 'ਚ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਪਹੁੰਚਾ ਦੇਵੇ। ਯੂਜ਼ਰ ਦੇ ਇਸ ਸਵਾਲ 'ਤੇ ਐਲੋਨ ਮਸਕ ਨੇ ਅਜਿਹਾ ਜਵਾਬ ਦਿੱਤਾ ਕਿ ਕੁਝ ਹੀ ਦੇਰ 'ਚ ਉਨ੍ਹਾਂ ਦਾ ਜਵਾਬ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ। ਐਲੋਨ ਮਸਕ ਨੇ ਕਿਹਾ ਕਿ 'ਅੱਜ ਦੇ ਸਮੇਂ 'ਚ ਇਹ ਸੰਭਵ ਹੈ'।

ਜ਼ਿਕਰਯੋਗ ਹੈ ਕਿ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਕੈਬਨਿਟ ਵਿਚ ਟੇਸਲਾ ਦੇ ਸੀ.ਈ.ਓ. ਐਲੋਨ ਮਸਕ ਨੂੰ ਵੱਡੀ ਜ਼ਿੰਮੇਵਾਰੀ ਦਿੱਤੀ ਹੈ। ਟਰੰਪ ਨੇ ਮਸਕ ਨੂੰ ਸਰਕਾਰੀ ਕੁਸ਼ਲਤਾ ਵਿਭਾਗ (ਡੀ.ਓ.ਜੀ.ਈ.) ਦਾ ਮੁਖੀ ਬਣਾਇਆ ਹੈ। ਭਾਰਤੀ ਮੂਲ ਦੇ ਅਮਰੀਕੀ ਉਦਯੋਗਪਤੀ ਵਿਵੇਕ ਰਾਮਾਸਵਾਮੀ ਇਸ ਕੰਮ ਵਿਚ ਐਲੋਨ ਮਸਕ ਦਾ ਸਾਥ ਦੇਣ ਜਾ ਰਹੇ ਹਨ।

# ਅਮਰੀਕਾ ਵਰਲਡ ਪਾਵਰ ਲਿਫਟਿੰਗ ਚੈਂਪੀਅਨਸ਼ਿਪ 'ਚ ਭਾਰਤ ਦੇ ਅਮਨ ਟੋਨੀ ਨੇ ਜਿੱਤੇ 3 ਗੋਲਡ ਮੈਡਲ

**ਲਾਸ ਵੇਗਸ, (ਭਾਗ ਸਿੰਘ ਸੰਧੂ/ਪੰਜਾਬ ਮੇਲ)**- ਲਾਸ ਵੇਗਸ, ਅਮਰੀਕਾ ਵਿਖੇ ਦੁਨੀਆਂ ਦੀ ਨੰਬਰ ਇਕ ਵਰਲਡ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਹੋਈ, ਜਿਸ ਵਿਚ ਵੱਖ-ਵੱਖ ਦੇਸ਼ਾਂ ਤੋਂ ਖਿਡਾਰੀਆਂ ਨੇ ਹਿੱਸਾ ਲਿਆ। ਇੰਡੀਆ ਦੇ ਹਰਵਿੰਦਰ ਸਿੰਘ ਸਲੀਨਾ (ਏਸ਼ੀਆ ਪ੍ਰਧਾਨ ਆਈ.ਬੀ.ਐੱਫ.) ਅਤੇ ਪ੍ਰਧਾਨ ਸਟਰੌਂਗਮੈਨ ਨੇ ਦੱਸਿਆ ਕਿ ਉਹ ਚੈਂਪੀਅਨਸ਼ਿਪ ਵਿਚ ਆਪਣੀ ਟੀਮ ਲੈ ਕੇ ਪਹੁੰਚੇ ਸੀ। ਇੰਡੀਆ ਤੋਂ ਪੰਜਾਬ ਦੇ ਅਬੋਹਰ ਸ਼ਹਿਰ ਦੇ ਅਮਨ ਪ੍ਰਕਾਸ਼ ਟੋਨੀ ਨੇ 90 ਕਿਲੋ ਭਾਰ ਵਰਗ ਵਿਚ ਮਾਸਟਰ 'ਚ ਹਿੱਸਾ ਲਿਆ ਅਤੇ 3 ਗੋਲਡ ਮੈਡਲ ਲੈ ਕੇ ਅਮਰੀਕਾ ਵਿਚ ਇਤਿਹਾਸ ਸਿਰਜ ਦਿੱਤਾ ਅਤੇ 2025 ਓਲੰਪਿਕ ਵਿਚ ਕਵਾਲੀਫਾਈ ਕੀਤਾ। ਹਰਵਿੰਦਰ ਸਿੰਘ ਸਲੀਨਾ ਨੇ ਕਿਹਾ ਕਿ ਖੇਡਾਂ ਮਨੁੱਖ ਦਾ ਅੰਗ ਹਨ ਅਤੇ ਖੇਡਾਂ ਵਿਚ ਪੰਜਾਬੀਆਂ ਦੀ ਖਾਸ ਪਹਿਚਾਣ ਹੈ। ਪੰਜਾਬੀਆਂ ਨੇ ਖੇਡ ਜਗਤ ਵਿਚ ਵੱਡੇ ਮੁਕਾਮ ਹਾਸਲ ਕਰਕੇ ਦੁਨੀਆਂ ਭਰ ਵਿਚ ਆਪਣਾ ਨਾਮ ਚਮਕਾਇਆ ਹੈ ਅਤੇ ਹੁਣ ਵੀ ਪੰਜਾਬ ਦੇ ਨੌਜਵਾਨ ਵੱਡੀਆਂ ਪ੍ਰਾਪਤੀਆਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨ ਵੱਲੋਂ ਅਮਰੀਕਾ ਵਿਚ ਹੋਈ ਵਿਸ਼ਵ ਚੈਂਪੀਅਨਸ਼ਿਪ ਵਿਚ 3 ਤਮਗੇ ਜਿੱਤਣਾ ਆਪਣੇ ਆਪ ਵਿਚ ਵੱਡੀ ਪ੍ਰਾਪਤੀ ਹੈ।



ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# 27 ਸਾਲਾਂ ਦੀ ਕੈਰੋਲਿਨ ਲੇਵਿਟ ਹੋਵੇਗੀ ਵ੍ਹਾਈਟ ਹਾਊਸ ਦੀ ਨਵੀਂ ਪ੍ਰੈੱਸ ਸਕੱਤਰ



**ਵਾਸ਼ਿੰਗਟਨ, (ਪੰਜਾਬ ਮੇਲ)**- ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁੱਕਰਵਾਰ ਨੂੰ ਆਪਣੀ ਮੁਹਿੰਮ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੇਵਿਟ ਨੂੰ ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਨਿਯੁਕਤ ਕੀਤਾ ਹੈ। 27 ਸਾਲਾ ਲੇਵਿਟ, ਜੋ ਵਰਤਮਾਨ 'ਚ ਟਰੰਪ ਦੀ ਸਪੋਕਸਮੈਨ ਹੈ, ਅਮਰੀਕੀ ਇਤਿਹਾਸ 'ਚ ਵ੍ਹਾਈਟ ਹਾਊਸ ਦੀ ਸਭ ਤੋਂ ਛੋਟੀ ਉਮਰ ਦੀ ਪ੍ਰੈੱਸ ਸਕੱਤਰ ਹੋਵੇਗੀ।

**■ ਟਰੰਪ ਦੇ ਆਪਣੇ ਪਹਿਲੇ ਕਾਰਜਕਾਲ ਵਿਚ ਸਨ 4 ਪ੍ਰੈੱਸ ਸਕੱਤਰ**

ਇਸ ਤੋਂ ਪਹਿਲਾਂ ਇਹ ਰਿਕਾਰਡ ਰੋਨਾਲਡ ਜ਼ੀਗਲਰ ਦੇ ਕੋਲ ਸੀ, ਜੋ 29 ਸਾਲ ਦੇ ਸਨ, ਜਦੋਂ ਉਨ੍ਹਾਂ ਨੇ ਰਿਚਰਡ ਨਿਕਸਨ ਦੇ ਕਾਰਜਕਾਲ ਦੌਰਾਨ 1969 'ਚ ਇਹ ਅਹੁਦਾ ਸੰਭਾਲਿਆ ਸੀ। ਟਰੰਪ ਨੇ ਇਕ ਬਿਆਨ ਜਾਰੀ ਕਰਕੇ ਕੈਰੋਲਿਨ ਦੀ ਤਾਰੀਫ਼ ਕੀਤੀ ਅਤੇ ਉਮੀਦ ਜਤਾਈ ਕਿ ਉਹ ਪਹਿਲਾਂ ਵਾਂਗ ਆਪਣਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖੇਗੀ।

ਟਰੰਪ ਨੇ ਕਿਹਾ, "ਕੈਰੋਲਿਨ ਲੇਵਿਟ ਨੇ ਮੇਰੀ ਇਤਿਹਾਸਕ ਮੁਹਿੰਮ ਵਿਚ ਰਾਸ਼ਟਰੀ ਪ੍ਰੈੱਸ ਸਕੱਤਰ ਦੇ ਤੌਰ 'ਤੇ ਸ਼ਾਨਦਾਰ ਕੰਮ ਕੀਤਾ ਅਤੇ ਮੈਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਉਹ ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਦੇ ਤੌਰ 'ਤੇ ਕੰਮ ਕਰੇਗੀ। ਕੈਰੋਲਿਨ ਚੁਸਤ, ਸਖ਼ਤ, ਅਤੇ ਇਕ ਬਹੁਤ ਪ੍ਰਭਾਵਸ਼ਾਲੀ ਸੰਚਾਰਕ ਸਾਬਤ ਹੋਈ ਹੈ। ਮੈਨੂੰ ਭਰੋਸਾ ਹੈ ਕਿ ਉਹ ਪੋਡੀਅਮ 'ਤੇ ਸ਼ਾਨਦਾਰ ਪ੍ਰਦਰਸ਼ਨ ਕਰੇਗੀ ਅਤੇ ਅਮਰੀਕੀ ਲੋਕਾਂ ਤੱਕ ਸਾਡਾ ਸੰਦੇਸ਼ ਪਹੁੰਚਾਉਣ ਵਿਚ ਮਦਦ ਕਰੇਗੀ, ਕਿਉਂਕਿ ਅਸੀਂ ਅਮਰੀਕਾ ਨੂੰ ਦੁਬਾਰਾ ਮਹਾਨ ਬਣਾਵਾਂਗੇ।"

ਵ੍ਹਾਈਟ ਹਾਊਸ ਦਾ ਪ੍ਰੈੱਸ ਸਕੱਤਰ ਆਮ ਤੌਰ 'ਤੇ ਪ੍ਰਸ਼ਾਸਨ ਦੇ ਜਨਤਕ ਚਿਹਰੇ ਵਜੋਂ ਕੰਮ ਕਰਦਾ ਹੈ ਅਤੇ ਇਤਿਹਾਸਕ ਤੌਰ 'ਤੇ ਪ੍ਰੈੱਸ ਕੋਰ ਲਈ ਰੋਜ਼ਾਨਾ ਬ੍ਰੀਫਿੰਗਾਂ ਦਾ ਆਯੋਜਨ ਕਰਦਾ ਹੈ। ਟਰੰਪ ਨੇ ਖੁਦ ਆਪਣੇ ਪਹਿਲੇ ਕਾਰਜਕਾਲ ਦੌਰਾਨ ਮੁੱਖ ਬੁਲਾਰੇ ਵਜੋਂ ਕੰਮ ਕਰਨ ਨੂੰ ਤਰਜੀਹ ਦਿੱਤੀ। ਟਰੰਪ ਦੇ 2017 ਤੋਂ 2021 ਤੱਕ ਰਾਸ਼ਟਰਪਤੀ ਦੇ ਕਾਰਜਕਾਲ ਦੌਰਾਨ ਚਾਰ ਪ੍ਰੈੱਸ ਸਕੱਤਰ ਸਨ, ਪਰ ਉਹ ਅਕਸਰ ਆਪਣੀਆਂ ਰੈਲੀਆਂ, ਸੋਸ਼ਲ ਮੀਡੀਆ ਪੋਸਟਾਂ ਅਤੇ ਆਪਣੀਆਂ ਬ੍ਰੀਫਿੰਗਾਂ ਰਾਹੀਂ ਜਨਤਾ ਨਾਲ ਸਿੱਧੇ ਤੌਰ 'ਤੇ ਜੁੜਨ ਨੂੰ ਤਰਜੀਹ ਦਿੰਦੇ ਸਨ।




# ਕੈਨੇਡਾ-ਅਮਰੀਕਾ ਸਰਹੱਦ 'ਤੇ ਭਾਰਤੀ ਪਰਿਵਾਰ ਦੀ ਮੌਤ ਦੇ ਮਾਮਲੇ 'ਚ ਸ਼ੁਰੂ ਹੋਵੇਗੀ ਸੁਣਵਾਈ

**ਫਰਗਸ ਫਾਲਜ਼ (ਅਮਰੀਕਾ), (ਪੰਜਾਬ ਮੇਲ)**- ਭਾਰਤ ਤੋਂ ਕੈਨੇਡਾ ਤੱਕ ਫੈਲੇ ਅਪਰਾਧਿਕ ਨੈਟਵਰਕ ਵਿਚ ਬਿਹਤਰ ਜ਼ਿੰਦਗੀ ਦੀ ਮੰਗ ਕਰਨ ਵਾਲੇ ਪਰਿਵਾਰਾਂ ਨੂੰ ਤਸਕਰੀ ਕਰ ਕੇ ਅਮਰੀਕਾ ਵਿਚ ਲਿਜਾਇਆ ਜਾਂਦਾ ਹੈ ਅਤੇ ਉਨ੍ਹਾਂ ਵਿਚੋਂ ਕਈਆਂ ਨਾਲ ਭਿਆਨਕ ਘਟਨਾਵਾਂ ਵਾਪਰਦੀਆਂ ਹਨ। ਇਸੇ ਤਰ੍ਹਾਂ ਦੇ ਇੱਕ ਭਾਰਤੀ ਪਰਿਵਾਰ ਦੀ 2 ਸਾਲ ਪਹਿਲਾਂ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਦੌਰਾਨ ਭਾਰੀ ਬਰਫ਼ਬਾਰੀ ਅਤੇ ਹੱਡੀਆਂ ਨੂੰ ਜਮਾਂ ਦੇਣ ਵਾਲੀ ਕੜਾਕੇ ਦੀ ਠੰਢ ਕਾਰਨ ਮੌਤ ਹੋ ਗਈ ਸੀ। ਪਰਿਵਾਰ ਦੇ ਮਰਦ ਮੈਂਬਰ ਜਗਦੀਸ਼ ਪਟੇਲ ਨੇ ਆਪਣੇ ਤਿੰਨ ਸਾਲ ਦੇ ਬੇਟੇ ਨੂੰ ਗੋਦੀ ਵਿਚ ਲੈਂਦੇ ਹੋਏ ਆਪਣੀ ਜਾਨ ਗੁਆ ਦਿੱਤੀ। ਇਸ ਦੌਰਾਨ ਉਸ ਦੀ ਪਤਨੀ ਅਤੇ ਧੀ ਵੀ ਨਹੀਂ ਬਚੀਆਂ।



ਫੈਡਰਲ ਵਕੀਲ ਸੋਮਵਾਰ ਨੂੰ ਮਿਨੀਸੋਟਾ ਵਿਚ ਵਾਪਰੀ ਘਟਨਾ ਨਾਲ ਸਬੰਧਤ ਮੁਕੱਦਮੇ ਵਿਚ ਬਹਿਸ ਕਰਨਗੇ। ਸਰਕਾਰੀ ਵਕੀਲਾਂ ਨੇ ਭਾਰਤੀ ਨਾਗਰਿਕ ਹਰਸ਼ਕੁਮਾਰ ਰਮਨਲਾਲ ਪਟੇਲ (29) 'ਤੇ ਸਾਜ਼ਿਸ਼ ਨੂੰ ਅੰਜਾਮ ਦੇਣ ਅਤੇ ਫਲੋਰੀਡਾ ਦੇ 50 ਸਾਲਾ ਸਟੀਵ ਸ਼ੈਂਡ 'ਤੇ 11 ਪ੍ਰਵਾਸੀਆਂ ਲਈ ਟਰੱਕ 'ਚ ਉਡੀਕ ਕਰਨ ਦਾ ਦੋਸ਼ ਲਗਾਇਆ ਹੈ। ਇਨ੍ਹਾਂ ਪ੍ਰਵਾਸੀਆਂ ਵਿਚ ਪਟੇਲ ਜੋੜਾ ਅਤੇ ਉਨ੍ਹਾਂ ਦੇ ਦੋ ਬੱਚੇ ਵੀ ਸ਼ਾਮਲ ਹਨ, ਜਿਨ੍ਹਾਂ ਦੀ ਅਮਰੀਕਾ ਜਾਣ ਦੀ ਕੋਸ਼ਿਸ਼ ਦੌਰਾਨ ਮੌਤ ਹੋ ਗਈ ਸੀ। ਇਸਤਗਾਸਾ ਦਾ ਕਹਿਣਾ ਹੈ ਕਿ ਹਰਸ਼ ਪਟੇਲ ਨੇ ਓਰਲੈਂਡੋ ਦੇ ਉੱਤਰ ਵਿਚ ਡੈਲਟੋਨਾ, ਫਲੋਰੀਡਾ ਵਿਚ ਆਪਣੇ ਘਰ ਨੇੜੇ ਇੱਕ ਕੈਸੀਨੋ ਵਿਚ ਕੰਮ ਕਰਨ ਲਈ ਸ਼ੈਂਡ ਨੂੰ ਭਰਤੀ ਕੀਤਾ ਸੀ।

ਇਸ ਘਟਨਾ 'ਚ ਜਗਦੀਸ਼ ਪਟੇਲ (39), ਉਨ੍ਹਾਂ ਦੀ ਪਤਨੀ ਵੈਸ਼ਾਲੀਬੇਨ, 11 ਸਾਲਾ ਬੇਟੀ ਵਿਹਾਂਗੀ ਅਤੇ ਉਨ੍ਹਾਂ ਦੇ ਤਿੰਨ ਸਾਲਾ ਬੇਟੇ ਧਾਰਮਿਕ ਦੀ ਮੌਤ ਹੋ ਗਈ। ਪਟੇਲ ਇੱਕ ਆਮ ਭਾਰਤੀ ਉਪਨਾਮ ਹੈ ਅਤੇ ਜਗਦੀਸ਼ ਦਾ ਹਰਸ਼ਕੁਮਾਰ ਪਟੇਲ ਨਾਲ ਕੋਈ ਸਬੰਧ ਨਹੀਂ ਹੈ। ਇਸ ਮਾਮਲੇ 'ਚ ਹਰਸ਼ ਅਤੇ ਸ਼ੈਂਡ ਨੇ ਆਪਣੇ ਆਪ ਨੂੰ ਬੇਕਸੂਰ ਦੱਸਿਆ ਹੈ। ਮੰਨਿਆ ਜਾਂਦਾ ਹੈ ਕਿ ਗੁਜਰਾਤ ਰਾਜ ਦੇ ਡਿੰਗੁਚਾ ਪਿੰਡ ਦੇ ਰਹਿਣ ਵਾਲੇ ਜਗਦੀਸ਼ ਪਟੇਲ ਦੇ ਪਰਿਵਾਰ ਨੇ ਠੰਢ ਦੇ ਮੌਸਮ ਵਿਚ ਖੇਤਾਂ ਵਿਚ ਘੁੰਮਦੇ ਹੋਏ ਕਈ ਘੰਟੇ ਬਿਤਾਏ ਸਨ, ਜਿੱਥੇ ਤਾਪਮਾਨ ਮਾਈਨਸ 36 ਫਾਰਨਹੀਟ (38 ਡਿਗਰੀ ਸੈਲਸੀਅਸ) ਤੱਕ ਪਹੁੰਚ ਗਿਆ ਸੀ। ਕੈਨੇਡੀਅਨ ਅਧਿਕਾਰੀਆਂ ਦੁਆਰਾ 19 ਜਨਵਰੀ, 2022 ਦੀ ਸਵੇਰ ਨੂੰ ਪਟੇਲ ਪਰਿਵਾਰ ਦੇ ਮੈਂਬਰਾਂ ਦੀਆਂ ਜੰਮੀਆਂ ਹੋਈਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਸਨ। ਜਗਦੀਸ਼ ਪਟੇਲ ਨੇ ਧਾਰਮਿਕ ਨੂੰ ਕੰਬਲ ਵਿਚ ਲਪੇਟਿਆ ਹੋਇਆ ਸੀ। ਫੈਡਰਲ ਵਕੀਲਾਂ ਦਾ ਕਹਿਣਾ ਹੈ ਕਿ ਹਰਸ਼ ਪਟੇਲ ਅਤੇ ਸ਼ੈਂਡ ਇੱਕ ਓਪਰੇਸ਼ਨ ਦਾ ਹਿੱਸਾ ਸਨ, ਜੋ ਭਾਰਤ ਵਿਚ ਗਾਹਕਾਂ ਦੀ ਭਾਲ ਕਰਦੇ ਸਨ, ਉਨ੍ਹਾਂ ਨੂੰ ਕੈਨੇਡੀਅਨ ਵਿਦਿਆਰਥੀ ਵੀਜ਼ਾ ਦਿਵਾਉਂਦੇ ਸਨ, ਆਵਾਜਾਈ ਦਾ ਪ੍ਰਬੰਧ ਕਰਦੇ ਸਨ ਅਤੇ ਉਨ੍ਹਾਂ ਨੂੰ ਜਿਆਦਾਤਰ ਵਾਸ਼ਿੰਗਟਨ ਰਾਜ ਜਾਂ ਮਿਨੀਸੋਟਾ ਤੋਂ ਅਮਰੀਕਾ ਵਿਚ ਤਸਕਰੀ ਕਰਦੇ ਸਨ।

ਯੂ.ਐੱਸ. ਬਾਰਡਰ ਪੈਟਰੋਲ ਨੇ 30 ਸਤੰਬਰ ਨੂੰ ਖ਼ਤਮ ਹੋਏ ਸਾਲ 'ਚ ਕੈਨੇਡੀਅਨ ਸਰਹੱਦ 'ਤੇ 14,000 ਤੋਂ ਵੱਧ ਭਾਰਤੀਆਂ ਨੂੰ ਗ੍ਰਿਫ਼ਤਾਰ ਕੀਤਾ। ਪਿਊ ਰਿਸਰਚ ਸੈਂਟਰ ਦਾ ਅੰਦਾਜ਼ਾ ਹੈ ਕਿ 2022 ਤੱਕ ਅਮਰੀਕਾ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਭਾਰਤੀਆਂ ਦੀ ਗਿਣਤੀ 7,25,000 ਨੂੰ ਪਾਰ ਕਰ ਜਾਵੇਗੀ ਅਤੇ ਇਸ ਮਾਮਲੇ 'ਚ ਸਿਰਫ ਮੈਕਸੀਕੋ ਅਤੇ ਅਲ ਸਲਵਾਡੋਰ ਦੇ ਲੋਕ ਭਾਰਤੀਆਂ ਦੀ ਗਿਣਤੀ ਤੋਂ ਜ਼ਿਆਦਾ ਹੋਣਗੇ। ਹਰਸ਼ਕੁਮਾਰ ਪਟੇਲ ਦੇ ਅਟਾਰਨੀ, ਥਾਮਸ ਲੀਨੇਨਵੇਬਰ ਨੇ ਐਸੋਸੀਏਟਡ ਪ੍ਰੈੱਸ ਨੂੰ ਦੱਸਿਆ ਕਿ ਉਸਦਾ ਮੁਵੱਕਿਲ ਗਰੀਬੀ ਤੋਂ ਬਚਣ ਅਤੇ ਆਪਣੇ ਲਈ ਬਿਹਤਰ ਜੀਵਨ ਦੀ ਭਾਲ ਕਰਨ ਲਈ ਸੰਯੁਕਤ ਰਾਜ ਅਮਰੀਕਾ ਆਇਆ ਸੀ ਅਤੇ ਹੁਣ 'ਉਸ 'ਤੇ ਇਸ ਭਿਆਨਕ ਅਪਰਾਧ ਵਿਚ ਹਿੱਸਾ ਲੈਣ ਦਾ ਗ਼ਲਤ ਦੋਸ਼ ਲਗਾਇਆ ਗਿਆ ਹੈ।'

## ਟਰੰਪ ਵੱਲੋਂ ਮੈਕਗਿਨਲੇ ਵ੍ਹਾਈਟ ਹਾਊਸ ਦਾ ਕਾਨੂੰਨੀ ਸਲਾਹਕਾਰ ਨਿਯੁਕਤ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਗਲੇ ਸਾਲ 20 ਜਨਵਰੀ ਤੋਂ ਸ਼ੁਰੂ ਹੋਣ ਵਾਲੇ ਆਪਣੇ ਦੂਜੇ ਕਾਰਜਕਾਲ ਲਈ ਵ੍ਹਾਈਟ ਹਾਊਸ ਦੇ ਸਾਬਕਾ ਕੈਬਨਿਟ ਸਕੱਤਰ ਬਿਲ ਮੈਕਗਿਨਲੇ ਨੂੰ ਵ੍ਹਾਈਟ ਹਾਊਸ ਦਾ ਕਾਨੂੰਨੀ ਸਲਾਹਕਾਰ ਨਿਯੁਕਤ ਕੀਤਾ ਹੈ। ਇਸ ਬਾਰੇ ਟਰੰਪ ਨੇ ਕਿਹਾ, "ਮੈਨੂੰ ਇਹ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ ਕਿ ਵਿਲੀਅਮ ਜੋਸਫ ਮੈਕਗਿਨਲੇ ਮੇਰੇ ਵ੍ਹਾਈਟ ਹਾਊਸ ਦੇ ਕਾਨੂੰਨੀ ਸਲਾਹਕਾਰ ਵਜੋਂ ਸੇਵਾ ਨਿਭਾਉਣਗੇ। ਉਹ ਬਹੁਤ ਦ੍ਰਿੜ੍ਹ ਵਕੀਲ ਹਨ। ਉਹ (ਮੈਕਗਿਨਲੇ) ਆਪਣੇ ਪਹਿਲੇ ਕਾਰਜਕਾਲ ਵਿਚ ਵ੍ਹਾਈਟ ਹਾਊਸ ਦੇ ਕੈਬਨਿਟ ਸਕੱਤਰ ਵਜੋਂ ਸੇਵਾ ਨਿਭਾਅ ਚੁੱਕੇ ਹਨ।" ਟਰੰਪ ਨੇ ਕਿਹਾ, "ਮੈਕਗਿਨਲੇ ਨੈਸ਼ਨਲ ਰਿਪਬਲਿਕਨ ਸੈਨੇਟਰੀ ਕਮੇਟੀ ਵਿਚ ਵੀ ਕਾਨੂੰਨੀ ਸਲਾਹਕਾਰ ਵਜੋਂ ਸੇਵਾ ਨਿਭਾਅ ਚੁੱਕੇ ਹਨ।



## ਸ਼ੋਕ ਸਮਾਚਾਰ

## ਬਾਸਕਟਬਾਲ ਕੋਚ ਤਾਰਾ ਸਿੰਘ ਸੰਧੂ ਨੂੰ ਸਦਮਾ: ਪੁੱਤਰ ਦਾ ਦਿਹਾਂਤ



ਗੌਰਵਦੀਪ ਸਿੰਘ ਸੰਧੂ ਰਵੀ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਸਪੋਰਟਸ ਸਕੂਲ ਦੇ ਬਾਸਕਟ ਬਾਲ ਦੇ ਕੋਚ ਰਹੇ ਤਾਰਾ ਸਿੰਘ ਸੰਧੂ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦਾ ਛੋਟਾ ਲੜਕਾ ਗੌਰਵਦੀਪ ਸਿੰਘ ਰਵੀ ਸੰਧੂ (40) ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਅਚਨਚੇਤ ਵਿਛੋੜਾ ਦੇ ਗਿਆ। ਪੱਟੀ ਦੇ ਜੰਮਪਲ ਰਵੀ ਸੰਧੂ 25 ਸਾਲ ਤੋਂ ਸਿਆਟਲ ਰਹਿ ਰਹੇ ਸਨ। ਉਨ੍ਹਾਂ ਦਾ ਸਸਕਾਰ 25 ਨਵੰਬਰ, ਦਿਨ ਸੋਮਵਾਰ ਨੂੰ 10 ਤੋਂ 1 ਵਜੇ ਤੱਕ ਕੈਂਟ ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਕੈਂਟ ਵਿਖੇ ਹੋਵੇਗੀ। ਗੁਰਦੀਪ ਸਿੰਘ ਸਿੱਧੂ, ਜਗਦੇਵ ਸਿੰਘ ਕੁਸ਼ਤੀ ਕੋਚ ਤੇ ਗੁਰਦੇਵ ਸਿੰਘ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਉਹ ਆਪਣੇ ਪਿੱਛੇ ਤਾਇਆ ਮੇਜਰ ਜਰਨਲ, ਪਿਤਾ ਤਾਰਾ ਸਿੰਘ ਸੰਧੂ, ਮਾਤਾ ਦਵਿੰਦਰ ਕੌਰ, ਵੱਡਾ ਭਰਾ ਵਿੱਕੀ, ਭੈਣ ਮਨਪ੍ਰੀਤ ਕੌਰ ਨੂੰ ਰੋਂਦਿਆਂ-ਕੁਰਲਾਉਂਦਿਆਂ ਛੱਡ ਗਏ ਹਨ।

## ਕੈਨੇਡਾ ਸਰਕਾਰ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕਰੇਗੀ ਡਿਪੋਰਟ

**■ ਸਸਤੇ ਮਜ਼ਦੂਰ ਮਿਲਣਾ ਬੀਤੇ ਸਮੇਂ ਦੀ ਗੱਲ: ਇਮੀਗ੍ਰੇਸ਼ਨ ਮੰਤਰੀ**

**ਵਿਨੀਪੈਗ, (ਪੰਜਾਬ ਮੇਲ)**- ਕੈਨੇਡਾ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿੰਦੇ ਪ੍ਰਵਾਸੀਆਂ ਵਿਰੁੱਧ ਸਖ਼ਤੀ ਵਰਤਣ ਦੇ ਸੰਕੇਤ ਦਿੰਦਿਆਂ ਦੇਸ਼ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਸਸਤੇ ਮਜ਼ਦੂਰ ਮਿਲਣਾ ਬੀਤੇ ਸਮੇਂ ਦੀ ਗੱਲ ਹੋ ਚੁੱਕੀ ਹੈ ਅਤੇ ਹੁਣ ਕੈਨੇਡਿਆਈ ਰੁਜ਼ਗਾਰਦਾਤਾਵਾਂ ਨੂੰ ਉੱਚੀਆਂ ਦਰਾਂ 'ਤੇ ਕਾਮੇ ਰੱਖਣੇ ਹੋਣਗੇ। ਮਾਰਕ ਮਿਲਰ ਦਾ ਕਹਿਣਾ ਸੀ ਕਿ ਆਰਜ਼ੀ ਵੀਜ਼ਾ 'ਤੇ ਆਏ ਪਰ ਸਮੇਂ ਸਿਰ ਵਾਪਸੀ ਨਾ ਕਰਨ ਵਾਲੇ ਪ੍ਰਵਾਸੀਆਂ ਨੂੰ ਅਗਲੇ ਕੁਝ ਮਹੀਨਿਆਂ ਦੌਰਾਨ ਵੱਡੀ ਗਿਣਤੀ ਵਿਚ ਡਿਪੋਰਟ ਕੀਤਾ ਜਾ ਸਕਦਾ ਹੈ। ਮੰਨਿਆ ਜਾ ਰਿਹਾ ਹੈ ਕਿ ਡਿਪੋਰਟ ਕੀਤੇ ਜਾਣ ਵਾਲੇ ਪ੍ਰਵਾਸੀਆਂ ਵਿਚ ਜ਼ਿਆਦਾਤਰ ਉਹ ਲੋਕ ਹੋ ਸਕਦੇ ਹਨ, ਜਿਨ੍ਹਾਂ ਨੂੰ ਪਿਛਲੇ ਅੱਠ ਸਾਲਾਂ ਦੌਰਾਨ ਦੇਸ਼ ਛੱਡਣ ਦੇ ਹੁਕਮ ਦਿੱਤੇ ਗਏ ਪਰ ਉਨ੍ਹਾਂ ਨੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਦੇ ਅਧਿਕਾਰੀਆਂ ਦੀਆਂ ਅੱਖਾਂ ਵਿਚ ਘੱਟਾ ਪਾਉਂਦਿਆਂ ਆਪਣਾ ਟਿਕਾਣਾ ਹੀ ਬਦਲ ਲਿਆ। ਗ੍ਰੇਟਰ ਵੈਨਕੂਵਰ ਬੋਰਡ ਆਫ਼ ਟਰੇਡ ਵੱਲੋਂ ਕਰਵਾਏ ਗਏ ਸਮਾਗਮ ਵਿਚ ਪੁੱਜੇ ਇਮੀਗ੍ਰੇਸ਼ਨ ਮੰਤਰੀ ਨੇ ਅੱਗੇ ਕਿਹਾ ਕਿ ਰੁਜ਼ਗਾਰਦਾਤਾਵਾਂ ਅਤੇ ਕਾਮਿਆਂ ਦਰਮਿਆਨ ਸਭ ਤੋਂ ਮਾੜੇ ਸਬੰਧ ਆਰਜ਼ੀ ਪ੍ਰਵਾਸੀ ਕਾਮਿਆਂ ਦੀ ਸ਼੍ਰੇਣੀ ਵਿਚ ਦੇਖੇ ਜਾ ਸਕਦੇ ਹਨ, ਜਿੱਥੇ ਕਿਰਤੀਆਂ ਦਾ ਵੱਡੀ ਪੱਧਰ 'ਤੇ ਸ਼ੋਸ਼ਣ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਹੁਣ ਸਸਤੇ ਪ੍ਰਵਾਸੀ ਮਜ਼ਦੂਰ ਮਿਲਣ ਵਾਲਾ ਦੌਰ ਲੰਘ ਚੁੱਕਾ ਹੈ।



# ਡੋਨਾਲਡ ਟਰੰਪ ਨੇ ਕ੍ਰਿਸ ਰਾਈਟ ਨੂੰ ਊਰਜਾ ਮੰਤਰੀ ਵਜੋਂ ਕੀਤਾ ਨਾਮਜ਼ਦ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ 'ਲਿਬਰਟੀ ਐਨਰਜੀ' ਦੇ ਮੁੱਖ ਕਾਰਜਕਾਰੀ ਅਧਿਕਾਰੀ ਕ੍ਰਿਸ ਰਾਈਟ ਨੂੰ ਊਰਜਾ ਮੰਤਰੀ ਵਜੋਂ ਨਾਮਜ਼ਦ ਕੀਤਾ ਹੈ। ਡੇਨਵਰ ਸਥਿਤ ਲਿਬਰਟੀ ਐਨਰਜੀ ਊਰਜਾ ਖੇਤਰ 'ਚ ਇਕ ਵੱਡੀ ਕੰਪਨੀ ਹੈ।

ਰਾਈਟ ਨੇ ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ ਦੇ ਯਤਨਾਂ 'ਤੇ ਹਮੇਸ਼ਾ ਸਪੱਸ਼ਟ ਤੌਰ 'ਤੇ ਬੋਲਿਆ ਹੈ ਅਤੇ ਉਹ ਜੈਵਿਕ ਈਂਧਨ ਨੂੰ ਉਤਸ਼ਾਹਿਤ ਕਰ ਸਕਦੇ ਹਨ, ਜਿਨ੍ਹਾਂ 'ਚ ਕੁਦਰਤੀ ਗੈਸ ਨਿਰਯਾਤ ਪ੍ਰਵਾਨਗੀਆਂ 'ਤੇ ਬਾਈਡੇਨ ਪ੍ਰਸ਼ਾਸਨ ਦੀ ਇਕ ਸਾਲ ਦੀ ਰੋਕ ਨੂੰ ਖਤਮ ਕਰਨ ਲਈ ਕਾਰਵਾਈ ਵੀ ਸ਼ਾਮਲ ਹੈ।

ਰਾਈਟ ਨੂੰ ਊਰਜਾ ਮੰਤਰਾਲਾ ਦਾ ਮੁਖੀ ਨਿਯੁਕਤ ਕਰਨ ਦੇ ਫੈਸਲੇ ਦਾ ਤੇਲ ਅਤੇ ਗੈਸ ਕਾਰੋਬਾਰੀ ਹੈਰੋਲਡ ਹੈਮ ਨੇ ਵੀ ਸਮਰਥਨ ਕੀਤਾ ਹੈ। ਰਿਪਬਲਿਕਨ ਪਾਰਟੀ ਦੇ ਸੰਸਦ ਮੈਂਬਰ ਜੌਨ ਬੈਰਾਸੋ ਨੇ ਕ੍ਰਿਸ ਦੀ ਮਨਜ਼ੂਰੀ ਨੂੰ ਜਾਇਜ਼ ਠਹਿਰਾਇਆ ਹੈ। ਬੈਰਾਸੋ ਨੂੰ ਊਰਜਾ ਅਤੇ ਕੁਦਰਤੀ ਸਰੋਤ ਕਮੇਟੀ ਦਾ ਚੇਅਰ ਨਿਯੁਕਤ ਕੀਤਾ ਜਾ ਸਕਦਾ ਹੈ।

# ਡੋਨਾਲਡ ਟਰੰਪ ਨੇ ਬ੍ਰੈਂਡਨ ਕਾਰ ਨੂੰ ਸੌਂਪੀ ਅਹਿਮ ਜ਼ਿੰਮੇਵਾਰੀ

**ਵੈਸਟ ਪਾਮ ਬੀਚ, (ਪੰਜਾਬ ਮੇਲ)-** ਅਮਰੀਕਾ ਦੇ ਚੁਣੇ ਹੋਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਫੈਡਰਲ ਕਮਿਊਨੀਕੇਸ਼ਨ ਕਮਿਸ਼ਨ (ਐੱਫ.ਸੀ.ਸੀ.) ਦੇ ਸੀਨੀਅਰ ਰਿਪਬਲਿਕਨ ਅਧਿਕਾਰੀ ਬ੍ਰੈਂਡਨ ਕਾਰ ਨੂੰ ਕਮਿਸ਼ਨ ਦਾ ਨਵਾਂ ਚੇਅਰਮੈਨ ਨਿਯੁਕਤ ਕੀਤਾ ਹੈ। ਐੱਫ.ਸੀ.ਸੀ. ਉਹ ਏਜੰਸੀ ਹੈ, ਜੋ ਸੰਯੁਕਤ ਰਾਜ ਵਿਚ ਪ੍ਰਸਾਰਣ, ਦੂਰਸੰਚਾਰ ਅਤੇ ਬ੍ਰਾਡਬੈਂਡ ਨੂੰ ਨਿਯੰਤ੍ਰਿਤ ਕਰਦੀ ਹੈ। ਕਾਰ ਕਮਿਸ਼ਨ ਦਾ ਲੰਬੇ ਸਮੇਂ ਤੋਂ ਮੈਂਬਰ ਹੈ ਅਤੇ ਪਹਿਲਾਂ ਐੱਫ.ਸੀ.ਸੀ. ਦੇ ਸਲਾਹਕਾਰ ਜਨਰਲ ਵਜੋਂ ਕੰਮ ਕਰਦਾ ਸੀ।



ਸੈਨੇਟ ਨੇ ਸਰਬਸੰਮਤੀ ਨਾਲ ਉਸਨੂੰ ਤਿੰਨ ਵਾਰ ਕਮਿਸ਼ਨ ਲਈ ਚੁਣਿਆ ਸੀ ਅਤੇ ਟਰੰਪ ਤੇ ਬਾਇਡਨ ਦੋਵਾਂ ਨੇ ਆਪਣੇ ਕਾਰਜਕਾਲ ਦੌਰਾਨ ਕਾਰ ਨੂੰ ਕਮਿਸ਼ਨ ਲਈ ਨਾਮਜ਼ਦ ਕੀਤਾ ਸੀ। ਐੱਫ.ਸੀ.ਸੀ. ਇੱਕ ਸੁਤੰਤਰ ਏਜੰਸੀ ਹੈ, ਜਿਸ ਦੇ ਕੰਮ ਦੀ ਅਮਰੀਕੀ ਕਾਂਗਰਸ ਦੁਆਰਾ ਨਿਗਰਾਨੀ ਕੀਤੀ ਜਾਂਦੀ ਹੈ, ਪਰ ਟਰੰਪ ਨੇ ਕਿਹਾ ਹੈ ਕਿ ਉਹ ਇਸਨੂੰ 'ਵਾਈਟ ਹਾਊਸ' (ਅਮਰੀਕੀ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਅਤੇ ਦਫ਼ਤਰ) ਦੇ ਸਖ਼ਤ ਨਿਯੰਤਰਣ ਵਿਚ ਲਿਆਉਣਾ ਚਾਹੁੰਦੇ ਹਨ। ਕਾਰ ਨੇ ਹਾਲ ਹੀ ਵਿਚ ਸੋਸ਼ਲ ਮੀਡੀਆ ਅਤੇ ਤਕਨਾਲੋਜੀ ਦੇ ਸਬੰਧ ਵਿਚ ਟਰੰਪ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਈ ਹੈ।

**■ ਸਸਤੇ ਮਜ਼ਦੂਰ ਮਿਲਣਾ ਬੀਤੇ ਸਮੇਂ ਦੀ ਗੱਲ: ਇਮੀਗ੍ਰੇਸ਼ਨ ਮੰਤਰੀ**

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

# ਅਮਰੀਕੀ ਸਰਕਾਰ ਵੱਲੋਂ ਸਖ਼ਤੀ; ਪਾਰਕਾਂ-ਸ਼ਾਪਿੰਗ ਮਾਲਾਂ 'ਚ ਘੁੰਮ ਰਹੇ ਲੋਕਾਂ ਨੂੰ ਫੜ ਕੇ ਕੀਤਾ ਜਾ ਰਿਹੈ ਡਿਪੋਰਟ!

**■ ਅਮਰੀਕਾ 'ਚ ਗੈਰ ਕਾਨੂੰਨੀ ਰਹਿ ਰਹੇ ਹਜ਼ਾਰਾਂ ਭਾਰਤੀਆਂ ਸਮੇਤ ਵੱਖ-ਵੱਖ ਦੇਸ਼ਾਂ ਦੇ ਲੋਕਾਂ 'ਚ ਭਾਰੀ ਦਹਿਸ਼ਤ**

**ਵਾਸ਼ਿੰਗਟਨ, (ਪੰਜਾਬ ਮੇਲ)-** ਬੀਤੇ ਦਿਨੀਂ ਅਮਰੀਕਾ 'ਚ ਹੋਈਆਂ ਰਾਸ਼ਟਰਪਤੀ ਚੋਣਾਂ 'ਚ ਜ਼ਬਰਦਸਤ ਜਿੱਤ ਹਾਸਲ ਕਰਕੇ ਜਨਵਰੀ 'ਚ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਵਾਲੇ ਡੋਨਾਲਡ ਟਰੰਪ ਦੀ ਹੋਣ ਵਾਲੀ ਤਾਜਪੋਸ਼ੀ ਨੂੰ ਲੈ ਕੇ ਅਮਰੀਕਾ 'ਚ ਨਾਜਾਇਜ਼ ਤੌਰ 'ਤੇ ਰਹਿ ਰਹੇ ਹਜ਼ਾਰਾਂ ਭਾਰਤੀਆਂ ਸਮੇਤ ਵੱਖ-ਵੱਖ ਦੇਸ਼ਾ ਦੇ ਲੋਕਾਂ 'ਚ ਭਾਰੀ ਦਹਿਸ਼ਤ ਫੈਲ ਗਈ ਹੈ। ਉੱਥੇ ਹੀ ਡੋਨਾਲਡ ਟਰੰਪ ਦੇ ਅਹੁਦਾ ਸੰਭਾਲਣ ਦੇ 2 ਮਹੀਨੇ ਪਹਿਲਾਂ ਹੀ ਅਮਰੀਕੀ ਪੁਲਿਸ ਨੇ ਇਮੀਗ੍ਰੇਸ਼ਨ ਵਿਭਾਗ ਦੇ ਨਾਲ ਮਿਲ ਕੇ ਵੱਖ-ਵੱਖ ਸ਼ਹਿਰਾਂ 'ਚ ਇਕ ਵੱਡੀ ਸਰਚ ਮੁਹਿੰਮ ਚਲਾਈ ਹੈ।

ਇਸ ਦੇ ਤਹਿਤ ਪਾਰਕਾਂ ਤੇ ਸ਼ਾਪਿੰਗ ਮਾਲ ਦੇ ਆਸ-ਪਾਸ ਦੇ ਖੇਤਰਾਂ 'ਚ ਨਾਕਾਬੰਦੀ ਕਰ ਕੇ ਨਾਜਾਇਜ਼ ਤੌਰ 'ਤੇ ਘੁੰਮਣ ਵਾਲੇ ਸੈਂਕੜਿਆਂ ਦੀ ਗਿਣਤੀ 'ਚ ਅਪ੍ਰਵਾਸੀਆਂ ਨੂੰ ਫੜ ਕੇ ਜਿੱਥੇ ਡਿਟੈਕਸ਼ਨ ਸੈਂਟਰ 'ਚ ਭੇਜਿਆ ਗਿਆ ਹੈ, ਉੱਥੇ ਹੀ ਇਨ੍ਹਾਂ 'ਚੋਂ ਵੱਡੀ ਗਿਣਤੀ 'ਚ ਲੋਕਾਂ ਨੂੰ ਭਾਰਤ ਸਮੇਤ ਉਨ੍ਹਾਂ ਦੇ ਮੂਲ ਦੇਸ਼ਾਂ 'ਚ ਭੇਜ ਦਿੱਤਾ ਗਿਆ ਹੈ। ਜਦਕਿ ਡੋਨਾਲਡ ਟਰੰਪ ਦੀ ਵਾਪਸੀ ਨੂੰ ਲੈ ਕੇ ਘਬਰਾਏ ਹਜ਼ਾਰਾਂ ਅਪ੍ਰਵਾਸੀਆਂ ਦੇ ਕੈਨੇਡਾ 'ਚ ਦਾਖਲ ਹੋਣ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਕੈਨੇਡਾ ਪੁਲਿਸ ਨੇ ਅਮਰੀਕਾ ਦੇ ਨਾਲ ਲੱਗਣ ਵਾਲੀਆਂ ਸਾਰੀਆਂ ਸਰਹੱਦਾਂ 'ਤੇ ਸਖਤ ਸੁਰੱਖਿਆ ਵਿਵਸਥਾ ਨੂੰ ਅੰਜਾਮ ਦਿੰਦੇ ਨਾਜਾਇਜ਼ ਤੌਰ 'ਤੇ ਕੈਨੇਡਾ 'ਚ ਦਾਖਲ ਹੋਣ ਵਾਲੇ ਅਪ੍ਰਵਾਸੀਆਂ ਦੀਆਂ ਯੋਜਨਾਵਾਂ ਨੂੰ ਨਾਕਾਮ ਕਰਨਾ ਸ਼ੁਰੂ ਕਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਰਾਸ਼ਟਰਪਤੀ ਚੋਣਾਂ 'ਚ ਡੋਨਾਲਡ ਟਰੰਪ ਨੇ ਜ਼ਬਰਦਸਤ ਜਿੱਤ ਹਾਸਲ ਕਰਦੇ ਦੂਜੀ ਵਾਰ ਅਮਰੀਕਾ ਦੇ ਰਾਸ਼ਟਰਪਤੀ ਬਣਨ ਦਾ ਸੁਪਨਾ ਸਾਕਾਰ ਕਰ ਲਿਆ ਹੈ। ਉੱਥੇ ਹੀ ਨਾਜਾਇਜ਼ ਪ੍ਰਵਾਸ ਦੇ ਖਿਲਾਫ ਮੰਨੇ ਜਾਂਦੇ ਡੋਨਾਲਡ ਟਰੰਪ ਨੇ ਚੋਣਾਂ ਦੌਰਾਨ ਉਨ੍ਹਾਂ ਲੱਖਾਂ ਭਾਰਤੀਆਂ ਸਮੇਤ ਏਸ਼ੀਆ ਤੇ ਦੱਖਣੀ ਖੇਤਰਾਂ ਨਾਲ ਸਬੰਧਤ ਲੋਕਾਂ ਨੂੰ ਅਮਰੀਕਾ ਤੋਂ ਬਾਹਰ ਕੱਢਣ ਦਾ ਐਲਾਨ ਕੀਤਾ ਸੀ, ਜੋ ਬਿਨਾਂ ਕਾਗਜ਼ਾ ਤੋਂ ਅਮਰੀਕਾ 'ਚ ਰਹਿ ਰਹੇ ਸਨ।

ਦੱਸਿਆ ਜਾਂਦਾ ਹੈ ਕਿ ਪਿਛਲੇ ਕੁੱਝ ਦਿਨਾਂ ਦੌਰਾਨ ਅਮਰੀਕੀ ਪੁਲਿਸ ਨੇ ਸੈਂਕੜੇ ਭਾਰਤੀਆਂ ਤੇ ਏਸ਼ੀਆਈ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਕੋਲ ਅਮਰੀਕਾ 'ਚ ਰਹਿਣ ਲਈ ਕੋਈ ਦਸਤਾਵੇਜ਼ ਨਹੀਂ ਸਨ। ਇਨ੍ਹਾਂ 'ਚ ਜ਼ਿਆਦਾਤਰ ਉਹ ਲੋਕ ਸ਼ਾਮਲ ਹਨ, ਜੋ ਸਿੱਧੇ ਤੌਰ 'ਤੇ ਕੈਨੇਡਾ ਦੀ ਸਰਹੱਦ ਪਾਰ ਕਰ ਕੇ ਅਮਰੀਕਾ ਪਹੁੰਚੇ ਸਨ ਜਾਂ ਫਿਰ ਇਨ੍ਹਾਂ 'ਚ ਅਜਿਹੇ ਲੋਕ ਵੀ ਸ਼ਾਮਲ ਹਨ, ਜਿਨ੍ਹਾਂ ਮੈਕਸੀਕੋ ਦਾ ਬਾਰਡਰ ਪਾਰ ਕਰਕੇ ਸਿੱਧੇ ਤੌਰ 'ਤੇ ਅਮਰੀਕੀ ਅਧਿਕਾਰੀਆਂ ਦੇ ਸਾਹਮਣੇ ਪੇਸ਼ ਨਾ ਹੋ ਕੇ ਅਮਰੀਕਾ 'ਚ ਦਾਖਲ ਹੋ ਗਏ ਸਨ। ਇਨ੍ਹਾਂ 'ਚੋਂ ਵੱਡੀ ਗਿਣਤੀ 'ਚ ਲੋਕਾਂ ਨੂੰ ਉਨ੍ਹਾਂ ਦੇ ਮੂਲ ਦੇਸ਼ਾਂ ਭਾਰਤ, ਪਾਕਿਸਤਾਨ, ਵੀਅਤਨਾਮ, ਮੈਕਸੀਕੋ ਤੇ ਗੁਆਟੇਮਾਲਾ ਆਦਿ 'ਚ ਵਾਪਸ ਭੇਜਿਆ ਜਾ ਰਿਹਾ ਹੈ।

ਅਮਰੀਕਾ 'ਚ ਰਹਿ ਰਹੇ ਅਜਿਹੇ ਲੱਖਾਂ ਨਾਜਾਇਜ਼ ਪ੍ਰਵਾਸੀਆਂ 'ਚ ਭਾਰੀ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਹੈ ਤੇ ਨਾਜਾਇਜ਼ ਪ੍ਰਵਾਸੀ ਨੇ ਕੈਨੇਡਾ ਜਾਣ ਲਈ ਓਨਟਾਰੀਓ, ਕਿਊਬਿਕ ਤੇ ਬ੍ਰਿਟਿਸ਼ ਕੋਲੰਬੀਆ ਸੂਬਿਆਂ ਨਾਲ ਲੱਗਦੀਆਂ ਅਮਰੀਕੀ ਸਰਹੱਦਾਂ 'ਤੇ ਇਕੱਠੇ ਹੋਣਾ ਸ਼ੁਰੂ ਕਰ ਦਿੱਤਾ ਹੈ ਪਰ ਕੈਨੇਡਾ ਨੇ ਇਸ ਪੂਰੀ ਸਥਿਤੀ ਨੂੰ ਦੇਖਦੇ ਅਮਰੀਕੀ ਸਰਹੱਦਾਂ 'ਤੇ ਭਾਰੀ ਪੁਲਿਸ ਫੋਰਸ ਤਾਇਨਾਤ ਕਰ ਦਿੱਤੀ ਹੈ ਤੇ ਹੈਲੀਕਾਪਟਰ ਤੇ ਡਰੋਨ ਦੀ ਮਦਦ ਨਾਲ ਅਮਰੀਕਾ 'ਚ ਆਉਣ ਵਾਲੇ ਅਜਿਹੇ ਨਾਜਾਇਜ਼ ਪ੍ਰਵਾਸੀਆਂ 'ਤੇ ਸਖਤ ਨਜ਼ਰ ਰੱਖੀ ਜਾ ਰਹੀ ਹੈ, ਜਿਸ ਕਾਰਨ ਪਹਿਲਾਂ ਤੋਂ ਹੀ ਲੱਖਾਂ-ਕਰੋੜਾਂ ਰੁਪਏ ਦੀ ਰਕਮ ਖਰਚ ਕਰ ਕੇ ਅਮਰੀਕਾ ਪਹੁੰਚੇ ਪ੍ਰਵਾਸੀ ਭਾਰਤੀਆਂ ਦੇ ਅਮਰੀਕਾ ਤੋਂ ਡਿਪੋਰਟ ਹੋਣ ਦਾ ਖਤਰਾ ਮੰਡਰਾਉਣਾ ਸ਼ੁਰੂ ਹੋ ਗਿਆ ਹੈ।




# ਅਮਰੀਕਾ ਵੱਲੋਂ ਐੱਚ-2ਬੀ ਅਸਥਾਈ ਵਿਦੇਸ਼ੀ ਵਰਕਰ ਵੀਜ਼ਾ ’ਤੇ ਸੀਮਾ ਵਧਾਉਣ ਦਾ ਐਲਾਨ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਨੇ 2025 ਲਈ ਐੱਚ-2ਬੀ ਅਸਥਾਈ ਵਿਦੇਸ਼ੀ ਵਰਕਰ ਵੀਜ਼ਾ ’ਤੇ ਸੀਮਾ ਵਧਾਉਣ ਦਾ ਐਲਾਨ ਕੀਤਾ ਹੈ। ਐੱਚ-2ਬੀ ਵੀਜ਼ਾ ਅਸਥਾਈ ਗੈਰ-ਖੇਤੀਬਾੜੀ ਕਾਮਿਆਂ ਨੂੰ ਅਮਰੀਕਾ ਵਿਚ ਰੁਜ਼ਗਾਰ ਲੱਭਣ ਦੀ ਇਜਾਜ਼ਤ ਦਿੰਦਾ ਹੈ, ਖਾਸ ਤੌਰ ’ਤੇ ਉਦਯੋਗਾਂ ਵਿਚ ਜਿਨ੍ਹਾਂ ਨੂੰ ਮੌਸਮੀ ਜਾਂ ਅਸਥਾਈ ਕਾਮਿਆਂ ਦੀ ਲੋੜ ਹੁੰਦੀ ਹੈ, ਜਿਵੇਂ ਕਿ ਉਸਾਰੀ, ਸੈਰ-ਸਪਾਟਾ ਅਤੇ ਹੋਰ ਸੇਵਾ ਖੇਤਰਾਂ ਵਿਚ। ਹੋਮਲੈਂਡ ਸਿਕਿਓਰਿਟੀ (ਡੀ.ਐੱਚ.ਐੱਸ.), ਡਿਪਾਰਟਮੈਂਟ ਆਫ਼ ਲੇਬਰ (ਡੀ.ਓ.ਐੱਲ.) ਨਾਲ ਸਲਾਹ ਕਰਕੇ ਘੋਸ਼ਣਾ ਕੀਤੀ ਕਿ ਉਹ ਇੱਕ ਵਾਧੂ 64,716 ਐੱਚ-2ਬੀ ਬਣਾਉਣ ਦੀ ਉਮੀਦ ਕਰਦਾ ਹੈ। ਵਿੱਤੀ ਸਾਲ 2025 ਲਈ ਅਸਥਾਈ ਗੈਰ-ਖੇਤੀ ਵਰਕਰ ਵੀਜ਼ੇ ਉਪਲਬਧ ਹੋਣਗੇ। ਅਮਰੀਕਾ ਦੇ ਇਸ ਐਲਾਨ ਨਾਲ ਭਾਰਤੀ ਕਾਮਿਆਂ ਨੂੰ ਵੱਡੇ ਪੱਧਰ ’ਤੇ ਫ਼ਾਇਦਾ ਹੋਵੇਗਾ।

ਇਹ ਸੀਮਾ ਵਾਧਾ ਬਹੁਤ ਸਾਰੇ ਕਾਰੋਬਾਰਾਂ ਦੀ ਮਦਦ ਕਰ ਸਕਦੀ ਹੈ, ਖਾਸ ਤੌਰ ’ਤੇ ਉਹ ਜਿਹੜੇ ਆਪਣੇ ਕਰਮਚਾਰੀਆਂ ਨੂੰ ਵਧਾਉਣ ਲਈ ਅਸਥਾਈ ਕਰਮਚਾਰੀਆਂ ’ਤੇ ਨਿਰਭਰ ਕਰਦੇ ਹਨ। ਅਮਰੀਕੀ ਸਰਕਾਰ ਨੇ ਇਹ ਕਦਮ ਅਜਿਹੇ ਸਮੇਂ ਵਿਚ ਚੁੱਕਿਆ ਹੈ, ਜਦੋਂ ਕਈ ਉਦਯੋਗ ਸਟਾਫ ਦੀ ਕਮੀ ਦਾ ਸਾਹਮਣਾ ਕਰ ਰਹੇ ਹਨ। ਇਹ ਕਦਮ ਇਹ ਵੀ ਦਰਸਾਉਂਦਾ ਹੈ ਕਿ ਅਮਰੀਕਾ ਵਿਦੇਸ਼ੀ ਕਾਮਿਆਂ ਦੀ ਲੋੜ ਨੂੰ ਪਛਾਣਦੇ ਹੋਏ ਕਾਰਜਕਾਰੀ ਪ੍ਰੋਗਰਾਮਾਂ ਨੂੰ ਲਚਕਦਾਰ ਬਣਾਉਣ ਵੱਲ ਕਦਮ ਚੁੱਕ ਰਿਹਾ ਹੈ।

**■ 2025 ਲਈ ਵੀਜ਼ਾ ਸਬੰਧੀ ਇਸ ਐਲਾਨ ਦਾ ਭਾਰਤੀਆਂ ਨੂੰ ਹੋਵੇਗਾ ਫ਼ਾਇਦਾ**

2025 ਲਈ ਵੀਜ਼ਾ ਸੀਮਾ ਵਧਾਉਣ ਨਾਲ ਨਾ ਸਿਰਫ਼ ਕਾਮਿਆਂ ਲਈ ਮੌਕੇ ਵਧਣਗੇ, ਸਗੋਂ ਅਮਰੀਕੀ ਕਾਰੋਬਾਰਾਂ ਨੂੰ ਵੀ ਵੱਡੀ ਰਾਹਤ ਮਿਲ ਸਕਦੀ ਹੈ।

ਇੱਥੇ ਦੱਸ ਦਈਏ ਕਿ ਜੇਕਰ ਕੋਈ ਵਿਦੇਸ਼ੀ ਦੇਸ਼ ਦਾ ਨਾਗਰਿਕ ਜੋ ਸੰਯੁਕਤ ਰਾਜ ਵਿਚ ਕੰਮ ਕਰਨਾ ਚਾਹੁੰਦਾ ਹੈ, ਨੂੰ ਪਹਿਲਾਂ ਸਹੀ ਵੀਜ਼ਾ ਪ੍ਰਾਪਤ ਕਰਨਾ ਪਵੇਗਾ। ਜੇਕਰ ਰੁਜ਼ਗਾਰ ਪੱਕਾ ਹੈ, ਤਾਂ ਬਿਨੈਕਾਰ ਅਸਥਾਈ ਰੁਜ਼ਗਾਰ ਵੀਜ਼ੇ ਲਈ ਅਰਜ਼ੀ ਦੇ ਸਕਦਾ ਹੈ। ਇੱਥੇ 11 ਅਸਥਾਈ ਵਰਕਰ ਵੀਜ਼ਾ ਸ਼੍ਰੇਣੀਆਂ ਹਨ। ਅਸਥਾਈ ਵਰਕਰ ਵੀਜ਼ਾ ਲਈ ਜ਼ਿਆਦਾਤਰ ਬਿਨੈਕਾਰਾਂ ਕੋਲ ਇੱਕ ਪ੍ਰਵਾਨਿਤ ਪਟੀਸ਼ਨ ਹੋਣੀ ਚਾਹੀਦੀ ਹੈ। ਸੰਭਾਵੀ ਮਾਲਕ ਨੂੰ ਬਿਨੈਕਾਰ ਦੀ ਤਰਫੋਂ ਪਟੀਸ਼ਨ ਦਾਇਰ ਕਰਨੀ ਚਾਹੀਦੀ ਹੈ। ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਪਟੀਸ਼ਨ ਦੀ ਸਮੀਖਿਆ ਕਰਦੀ ਹੈ। ਐੱਚ-2ਬੀ ਵਰਗੀਕਰਣ ਵਿਚ ਰਹਿਣ ਦੀ ਅਧਿਕਤਮ ਮਿਆਦ ਤਿੰਨ ਸਾਲ ਹੈ। ਇੱਕ ਵਿਅਕਤੀ ਜਿਸ ਕੋਲ ਕੁੱਲ ਤਿੰਨ ਸਾਲਾਂ ਲਈ ਐੱਚ-2ਬੀ ਗੈਰ-ਪ੍ਰਵਾਸੀ ਦਰਜਾ ਹੈ, ਉਸਨੂੰ ਐੱਚ-2ਬੀ ਗੈਰ-ਪ੍ਰਵਾਸੀ ਵਜੋਂ ਮੁੜ ਦਾਖਲਾ ਲੈਣ ਤੋਂ ਪਹਿਲਾਂ ਤਿੰਨ ਮਹੀਨਿਆਂ ਦੀ ਨਿਰਵਿਘਨ ਮਿਆਦ ਲਈ ਸੰਯੁਕਤ ਰਾਜ ਤੋਂ ਬਾਹਰ ਜਾਣਾ ਪਵੇਗਾ ਅਤੇ ਰਹਿਣਾ ਹੋਵੇਗਾ।




ਐੱਚ-2ਬੀ ਵੀਜ਼ਾ ਦਾ ਉਦੇਸ਼ ਅਸਥਾਈ ਕਰਮਚਾਰੀਆਂ ਦੀ ਜ਼ਰੂਰਤ ਨੂੰ ਪੂਰਾ ਕਰਨਾ ਹੈ, ਖਾਸ ਤੌਰ ’ਤੇ ਉਦਯੋਗਾਂ ਵਿਚ ਜਿੱਥੇ ਅਮਰੀਕੀ ਕਰਮਚਾਰੀਆਂ ਦੀ ਕਮੀ ਹੈ। ਇਹ ਵੀਜ਼ਾ ਵਿਸ਼ੇਸ਼ ਤੌਰ ’ਤੇ ਉਸਾਰੀ ਖੇਤਰ, ਹੋਟਲ ਅਤੇ ਸੈਰ ਸਪਾਟਾ ਉਦਯੋਗ, ਮਨੋਰੰਜਨ ਅਤੇ ਥੀਮ ਪਾਰਕ, ਲਾਂਡਰੀ, ਸਫਾਈ ਅਤੇ ਹੋਰ ਸੇਵਾਵਾਂ, ਬਾਗਬਾਨੀ ਅਤੇ ਲੈਂਡਸਕੇਪਿੰਗ ਅਤੇ ਭੋਜਨ ਸੇਵਾਵਾਂ ਆਦਿ ਖੇਤਰਾਂ ਵਿਚ ਕੰਮ ਕਰਨ ਲਈ ਜਾਰੀ ਕੀਤਾ ਜਾਂਦਾ ਹੈ।

ਯੂ.ਐੱਸ. ਡਿਪਾਰਟਮੈਂਟ ਆਫ਼ ਲੇਬਰ ਅਤੇ ਹੋਰ ਸਬੰਧਤ ਏਜੰਸੀਆਂ ਅਨੁਸਾਰ ਅਮਰੀਕਾ ਵਿਚ ਇਨ੍ਹਾਂ ਸੈਕਟਰਾਂ ਵਿਚ ਕਾਮਿਆਂ ਦੀ ਭਾਰੀ ਕਮੀ ਹੈ ਅਤੇ ਐੱਚ-2ਬੀ ਵੀਜ਼ਾ ਦਾ ਇੱਕ ਵੱਡਾ ਪ੍ਰਵਾਹ ਇਨ੍ਹਾਂ ਘਾਟਾਂ ਨੂੰ ਪੂਰਾ ਕਰਨ ਵਿਚ ਮਦਦ ਕਰੇਗਾ। 2025 ਲਈ ਵੀਜ਼ਾ ਸੀਮਾ ਵਿਚ ਵਾਧਾ ਨਾ ਸਿਰਫ਼ ਅਮਰੀਕੀ ਕੰਪਨੀਆਂ ਨੂੰ ਆਪਣੇ ਕਾਮਿਆਂ ਦੀ ਲੋੜ ਨੂੰ ਪੂਰਾ ਕਰਨ ਵਿਚ ਮਦਦ ਕਰੇਗਾ, ਸਗੋਂ ਇਹ ਆਪਣੇ ਦੇਸ਼ ਵਿਚ ਰੁਜ਼ਗਾਰ ਦੀ ਤਲਾਸ਼ ਕਰ ਰਹੇ ਕਾਮਿਆਂ ਲਈ ਨਵੇਂ ਮੌਕੇ ਵੀ ਪੈਦਾ ਕਰੇਗਾ। ਆਮ ਤੌਰ ’ਤੇ, ਐੱਚ-2ਬੀ ਵੀਜ਼ਾ ਦੀ ਸਾਲਾਨਾ ਸੀਮਾ 66,000 ਤੱਕ ਹੁੰਦੀ ਹੈ, ਜਿਸ ਵਿਚੋਂ 33,000 ਵੀਜ਼ੇ ਅਕਤੂਬਰ ਤੋਂ ਪਹਿਲਾਂ ਪਹੁੰਚਣ ਵਾਲੇ ਕਾਮਿਆਂ ਲਈ ਹੁੰਦੇ ਹਨ ਅਤੇ ਬਾਕੀ 33,000 ਵੀਜ਼ੇ ਅਪ੍ਰੈਲ ਤੋਂ ਪਹਿਲਾਂ ਪਹੁੰਚਣ ਵਾਲੇ ਕਾਮਿਆਂ ਲਈ ਹੁੰਦੇ ਹਨ। ਪਰ, ਵੀਜ਼ਾ ਸੀਮਾਵਾਂ ਵਿਚ ਸਾਲਾਨਾ ਵਾਧੇ ਦਾ ਮਤਲਬ ਹੈ ਕਿ ਵਧੇਰੇ ਵਿਦੇਸ਼ੀ ਕਾਮਿਆਂ ਨੂੰ ਮੌਕੇ ਮਿਲਣਗੇ, ਖਾਸ ਤੌਰ ’ਤੇ ਉਨ੍ਹਾਂ ਉਦਯੋਗਾਂ ਲਈ ਜੋ ਮੌਸਮੀ ਜਾਂ ਅਸਥਾਈ ਕਾਮਿਆਂ ’ਤੇ ਨਿਰਭਰ ਕਰਦੇ ਹਨ।

ਇਸ ਦੇ ਨਾਲ ਹੀ ਡੀ.ਐੱਚ.ਐੱਸ. ਅਤੇ ਡੀ.ਓ.ਐੱਲ. ਨੇ ਅਮਰੀਕੀ ਅਤੇ ਵਿਦੇਸ਼ੀ ਕਾਮਿਆਂ ਲਈ ਇੱਕੋ ਜਿਹੇ ਮਜ਼ਬੂਤ ਸੁਰੱਖਿਆ ਪ੍ਰਬੰਧ ਕੀਤੇ ਹਨ, ਜਿਸ ਵਿਚ ਇਹ ਯਕੀਨੀ ਬਣਾਉਣਾ ਵੀ ਸ਼ਾਮਲ ਹੈ ਕਿ ਰੁਜ਼ਗਾਰਦਾਤਾ ਪਹਿਲਾਂ ਨੌਕਰੀਆਂ ਭਰਨ ਲਈ ਅਮਰੀਕੀ ਕਰਮਚਾਰੀਆਂ ਦੀ ਭਾਲ ਕਰਦੇ ਹਨ ਅਤੇ ਭਰਤੀ ਕਰਦੇ ਹਨ, ਜਿਵੇਂ ਕਿ ਐੱਚ-2ਬੀ ਪ੍ਰੋਗਰਾਮ ਦੀ ਲੋੜ ਹੈ ਅਤੇ ਇਹ ਨੌਕਰੀ ’ਤੇ ਰੱਖੇ ਗਏ ਵਿਦੇਸ਼ੀ ਕਾਮਿਆਂ ਦਾ ਬੇਈਮਾਨ ਮਾਲਕਾਂ ਦੁਆਰਾ ਸ਼ੋਸ਼ਣ ਨਹੀਂ ਕੀਤਾ ਜਾਂਦਾ ਹੈ। ਐੱਚ-2ਬੀ ਪੂਰਕ ਨਿਯਮ ਵਿਚ ਗੁਆਟੇਮਾਲਾ, ਅਲ ਸਲਵਾਡੋਰ, ਹੋਂਡੂਰਾਸ, ਹੈਤੀ, ਕੋਲੰਬੀਆ, ਇਕਵਾਡੋਰ, ਜਾਂ ਕੋਸਟਾ ਰੀਕਾ ਦੇ ਕਾਮਿਆਂ ਲਈ 20,000 ਵੀਜ਼ਾ ਅਤੇ 44,716 ਸਪਲੀਮੈਂਟਲ ਵੀਜ਼ਾ ਦੀ ਇੱਕ ਵੱਖਰੀ ਵੰਡ ਸ਼ਾਮਲ ਹੋਵੇਗੀ, ਜੋ ਪਿਛਲੇ ਤਿੰਨ ਵਿੱਤੀ ਸਾਲਾਂ ਵਿਚੋਂ ਇੱਕ ਦੌਰਾਨ ਐੱਚ-2ਬੀ ਵੀਜ਼ਾ ਪ੍ਰਾਪਤ ਕਰਨ ਵਾਲੇ ਜਾਂ ਐੱਚ-2ਬੀ ਵੀਜ਼ਾ ਸਥਿਤੀ ਪ੍ਰਾਪਤ ਕਰਨ ਵਾਲੇ ਕਰਮਚਾਰੀਆਂ ਲਈ ਉਪਲਬਧ ਹੋਣਗੇ।

# ਟਰੰਪ ਦਾ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਕੋਈ ਨਿੱਜੀ ਸਬੰਧ ਨਹੀਂ

ਵਾਸ਼ਿੰਗਟਨ, (ਪੰਜਾਬ ਮੇਲ)- ਡੋਨਾਲਡ ਟਰੰਪ ਦੇ ਸਮਰਥਕ ਅਤੇ ਉੱਘੇ ਪਾਕਿਸਤਾਨੀ-ਅਮਰੀਕੀ ਉਦਯੋਗਪਤੀ ਸਾਜਿਦ ਤਰਾਰ ਨੇ ਕਿਹਾ ਹੈ ਕਿ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਦਾ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਕੋਈ ਨਿੱਜੀ ਸਬੰਧ ਨਹੀਂ ਹੈ। ‘ਮੁਸਲਿਮਜ਼ ਫਾਰ ਟਰੰਪ’ ਸੰਗਠਨ ਦੇ ਮੁਖੀ ਸਾਜਿਦ ਤਰਾਰ ਨੇ ਵੀ ਕਿਹਾ ਕਿ ਟਰੰਪ ਭਾਰਤ ਨਾਲ ਸਬੰਧਾਂ ਨੂੰ ਮਜ਼ਬੂਤ ਕਰਨਗੇ ਅਤੇ ਬੰਗਲਾਦੇਸ਼ ’ਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ ’ਤੇ ਤਿੱਖੀ ਨਜ਼ਰ ਰੱਖਣਗੇ।



ਤਰਾਰ ਨੇ ਇੱਕ ਇੰਟਰਵਿਊ ’ਚ ਕਿਹਾ, “ਪਾਕਿਸਤਾਨ ਵਿਚ ਇੱਕ ਵਿਸ਼ੇਸ਼ ਪਾਰਟੀ ਦੁਆਰਾ ਇਹ ਪ੍ਰਭਾਵ ਬਣਾਇਆ ਜਾ ਰਿਹਾ ਹੈ ਕਿ ਉਸ (ਖਾਨ) ਦੇ ਡੋਨਾਲਡ ਟਰੰਪ ਨਾਲ ਨਿੱਜੀ ਸਬੰਧ ਹਨ। ਇਹ ਸੱਚ ਨਹੀਂ ਹੈ। ਸੱਚਾਈ ਇਹ ਹੈ ਕਿ ਰਾਸ਼ਟਰਪਤੀ ਵਜੋਂ ਆਪਣੇ ਕਾਰਜਕਾਲ ਦੌਰਾਨ ਟਰੰਪ ਨੇ ਖਾਨ ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੇ ਤੌਰ ’ਤੇ ‘ਵਾਈਟ ਹਾਊਸ’ (ਅਮਰੀਕੀ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਅਤੇ ਦਫ਼ਤਰ) ’ਚ ਬੁਲਾਇਆ ਸੀ।” ਉਸ ਨੇ ਕਿਹਾ ਕਿ ਟਰੰਪ ਖਾਨ ਨੂੰ ਜੇਲ੍ਹ ਤੋਂ ਬਾਹਰ ਕੱਢਣ ਲਈ ਪਾਕਿਸਤਾਨ ਦੇ ਅੰਦਰੂਨੀ ਮਾਮਲਿਆਂ ਜਾਂ ਇਸਦੀ

**■ ‘ਟਰੰਪ ਦਾ ਇਮਰਾਨ ਖਾਨ ਨਾਲ ਕੋਈ ਸਬੰਧ ਨਹੀਂ, ਬੰਗਲਾਦੇਸ਼ ਦੇ ਹਾਲਾਤ ’ਤੇ ਰੱਖਣਗੇ ਨਜ਼ਰ’**

ਨਿਆਂਪਾਲਿਕਾ ਵਿਚ ਦਖਲ ਨਹੀਂ ਦੇਣਗੇ।

ਖਾਨ ਨੂੰ ਪਾਕਿਸਤਾਨ ਦੇ ਚੋਣ ਕਮਿਸ਼ਨ ਦੁਆਰਾ ਦਾਇਰ ਪਹਿਲੇ ਤੋਸ਼ਾਖਾਨਾ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਪਿਛਲੇ ਸਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਉਦੋਂ ਤੋਂ ਉਹ ਵੱਖ-ਵੱਖ ਮਾਮਲਿਆਂ ਵਿਚ ਜੇਲ੍ਹ ਵਿਚ ਹੈ। ਤਰਾਰ ਨੇ ਇਹ ਵੀ ਕਿਹਾ ਕਿ ਟਰੰਪ ਬੰਗਲਾਦੇਸ਼ ਸਮੇਤ ਦੱਖਣੀ ਏਸ਼ੀਆ ਦੇ ਵਿਕਾਸ ਤੋਂ ਜਾਣੂ ਹਨ। ਉਨ੍ਹਾਂ ਕਿਹਾ ਕਿ ਟਰੰਪ ਜਾਣਦੇ ਹਨ ਕਿ ਜਦੋਂ ਉਹ 2016 ’ਚ ਰਾਸ਼ਟਰਪਤੀ ਅਹੁਦੇ ਲਈ ਚੋਣ ਲੜ ਰਹੇ ਸਨ, ਤਾਂ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ ਨੇ ਉਨ੍ਹਾਂ ਵਿਰੁੱਧ ਹਿਲੇਰੀ ਕਲਿੰਟਨ ਦਾ ਖੁੱਲ੍ਹ ਕੇ ਸਮਰਥਨ ਕੀਤਾ ਸੀ। ਉਨ੍ਹਾਂ ਕਿਹਾ ਕਿ ਯੂਨਸ ਨੇ ਆਪਣੀ ਹਾਲੀਆ ਅਮਰੀਕਾ ਫੇਰੀ ਦੌਰਾਨ (ਅਮਰੀਕੀ) ਰਾਸ਼ਟਰਪਤੀ ਜੋਅ ਬਾਇਡਨ ਅਤੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਨਾਲ ਮੁਲਾਕਾਤ ਕੀਤੀ ਸੀ। 5 ਨਵੰਬਰ ਨੂੰ ਅਮਰੀਕੀ ਚੋਣਾਂ ਤੋਂ ਕੁਝ ਦਿਨ ਪਹਿਲਾਂ ਟਰੰਪ ਨੇ ਬੰਗਲਾਦੇਸ਼ ਵਿਚ ਹਿੰਦੂਆਂ ਵਿਰੁੱਧ “ਮਨੁੱਖੀ ਅਧਿਕਾਰਾਂ ਦੀ ਉਲੰਘਣਾ” ਦੀ ਨਿੰਦਾ ਕਰਦੇ ਹੋਏ ਇੱਕ ਬਿਆਨ ਜਾਰੀ ਕੀਤਾ ਸੀ।




# ਯੂ.ਕੇ. ਸੰਸਦ 'ਚ ਇਤਿਹਾਸ ਰਚਿਆ; ਪਹਿਲੀ ਵਾਰ ਸਿੱਖ ਸੰਸਦ ਮੈਂਬਰ ਦਾ ਚਿੱਤਰ ਬਰਤਾਨਵੀ ਰਾਜੇ-ਰਾਣੀਆਂ ਦੇ ਚਿੱਤਰਾਂ ਬਰਾਬਰ ਲਗਾਇਆ

## ■ ਗਲੋਬਲ ਸਿੱਖ ਕੌਂਸਲ ਵੱਲੋਂ ਇਸ ਇਤਿਹਾਸਕ ਪ੍ਰਾਪਤੀ 'ਤੇ ਲਾਰਡ ਇੰਦਰਜੀਤ ਸਿੰਘ ਨੂੰ ਵਧਾਈਆਂ



**ਚੰਡੀਗੜ੍ਹ, (ਪੰਜਾਬ ਮੇਲ)-** ਯੂਰਪ ਅਤੇ ਬਰਤਾਨੀਆ ਦੇ ਪਹਿਲੇ ਦਸਤਾਰਧਾਰੀ ਸਿੱਖ ਸੰਸਦ ਮੈਂਬਰ ਲਾਰਡ ਇੰਦਰਜੀਤ ਸਿੰਘ ਵੱਲੋਂ ਸੰਸਦ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਅਤੇ ਯੂ.ਕੇ. ਲਈ ਬਿਹਤਰ ਲੋਕ ਸੇਵਾਵਾਂ ਦੇਣ ਦੇ ਯੋਗਦਾਨ ਵਜੋਂ ਉਨ੍ਹਾਂ ਦਾ ਚਿੱਤਰ ਵੈਸਟਮਿੰਸਟਰ, ਲੰਡਨ ਸਥਿਤ ਬਰਤਾਨਵੀ ਸੰਸਦ ਦੇ ਉਪਰਲੇ ਸਦਨ 'ਹਾਊਸ ਆਫ ਲਾਰਡਜ਼' ਦੇ ਬਿਸ਼ਪ ਕਾਰੀਡੋਰ ਵਿਚ ਸਥਾਪਿਤ ਕੀਤਾ ਗਿਆ ਹੈ। ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਬਰਤਾਨਵੀ ਸੰਸਦ ਵਿਚ ਕਿਸੇ ਸਿੱਖ ਦਾ ਚਿੱਤਰ ਪ੍ਰਦਰਸ਼ਿਤ ਕੀਤਾ ਗਿਆ ਹੈ।

ਲਾਰਡ ਇੰਦਰਜੀਤ ਸਿੰਘ ਦੇ ਚਿੱਤਰ ਦੇ ਘੁੰਡ ਚੁਕਾਈ ਸਮਾਰੋਹ ਵਿਚ ਬ੍ਰਿਟਿਸ਼ ਸਿੱਖ ਸੰਸਦ ਮੈਂਬਰਾਂ ਵਿਚ ਹੇਠਲੇ ਸਦਨ 'ਹਾਊਸ ਆਫ ਕਾਮਨਜ਼' ਦੇ ਪਹਿਲੇ ਸਿੱਖ ਮੈਂਬਰ ਤਨਮਨਜੀਤ ਸਿੰਘ ਢੇਸੀ, ਲਾਰਡ ਕੁਲਦੀਪ ਸਿੰਘ ਸਹੋਤਾ, ਸੰਸਦ ਮੈਂਬਰ ਜਸ ਅਠਵਾਲ, ਸੰਸਦ ਮੈਂਬਰ ਕਿਰਥ ਐਂਟਵਿਸਲ, ਸੰਸਦ ਮੈਂਬਰ ਰਿਚਰਡ ਬੇਕਨ, ਸੰਸਦ ਮੈਂਬਰ ਭਗਤ ਸਿੰਘ ਸ਼ੰਕਰ ਅਤੇ ਲੇਡੀ ਸਿੰਘ ਕੰਵਲਜੀਤ ਕੌਰ ਓ.ਬੀ.ਈ. ਸਮੇਤ ਉਨ੍ਹਾਂ ਦੇ ਪਰਿਵਾਰ ਅਤੇ ਦੋਸਤ ਵੀ ਹਾਜ਼ਰੀ ਸਨ।

ਲਾਰਡ ਇੰਦਰਜੀਤ ਸਿੰਘ ਦੇ ਯੋਗਦਾਨ ਦੀ ਪ੍ਰਸ਼ੰਸਾ ਕਰਦੇ ਹੋਏ, ਹਾਊਸ ਆਫ ਲਾਰਡਜ਼ ਹੇਰੀਟੇਜ ਕਮੇਟੀ ਦੇ ਚੇਅਰਮੈਨ, ਲਾਰਡ ਸਪੀਕਰ ਫਾਲਕਨਰ ਨੇ ਕਿਹਾ ਕਿ ਉਨ੍ਹਾਂ ਨੇ ਬੀ.ਬੀ.ਸੀ. ਦੇ ਸਵੇਰ ਵੇਲੇ ਦੇ ਮਸ਼ਹੂਰ ਪ੍ਰੋਗਰਾਮ ਰਾਹੀਂ ਯੂ.ਕੇ. ਵਿਚ ਨਾਸ਼ਤੇ ਵੇਲੇ ਮੇਜ਼ਾਂ 'ਤੇ ਸਿੱਖ ਧਰਮ ਅਤੇ ਧਰਮਾਂਤਰ ਸਾਂਝਾਂ ਦੀ ਗੱਲ ਚਲਾਈ ਹੈ।

ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਸੰਸਦ ਵਿਚ ਲਾਰਡ ਇੰਦਰਜੀਤ ਸਿੰਘ ਦਾ ਚਿੱਤਰ ਪ੍ਰਦਰਸ਼ਿਤ ਕਰਨਾ ਇੱਕ ਇਤਿਹਾਸਕ ਕਦਮ ਹੈ ਅਤੇ ਇਹ ਚਿੱਤਰ ਇਸ ਇਤਿਹਾਸਕ ਸੰਸਦ ਭਵਨ ਦੇ ਸਭ ਸੰਸਦ ਮੈਂਬਰਾਂ ਅਤੇ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਬਣੇਗਾ।

ਗਲੋਬਲ ਸਿੱਖ ਕੌਂਸਲ (ਜੀ.ਐੱਸ.ਸੀ.) ਦੇ ਖਜ਼ਾਨਚੀ, ਪੁੱਡੂਚੇਰੀ ਤੋਂ ਹਰਸਰਨ ਸਿੰਘ ਨੇ ਇਸ ਪ੍ਰਾਪਤੀ 'ਤੇ ਦੂਰਦਰਸ਼ੀ ਨੇਤਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਯੂ.ਕੇ. ਦੀ ਸੰਸਦ ਵਿਚ ਲਾਰਡ ਸਿੰਘ ਦਾ ਚਿੱਤਰ ਲਗਾਇਆ ਜਾਣਾ ਸਮੁੱਚੀ ਸਿੱਖ ਕੌਮ ਅਤੇ ਪੰਜਾਬੀ ਸਮਾਜ ਲਈ ਬਹੁਤ ਮਾਣ ਵਾਲੀ ਗੱਲ ਹੈ। ਜੀ.ਐੱਸ.ਸੀ. ਦੇ ਡਿਪਟੀ ਪ੍ਰਧਾਨ ਰਾਮ ਸਿੰਘ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ, ਜਦੋਂ ਕਿਸੇ ਗੁਰਸਿੱਖ ਦਾ ਚਿੱਤਰ ਯੂ.ਕੇ. ਦੀ ਮਾਣਮੱਤੀ ਸੰਸਦ ਦੀਆਂ ਕੰਧ 'ਤੇ ਸਜਾਇਆ ਹੋਵੇਗਾ।

ਕੌਂਸਲ ਦੇ ਡਿਪਟੀ ਪ੍ਰਧਾਨ, ਅਮਰੀਕਾ ਤੋਂ ਪਰਮਜੀਤ ਸਿੰਘ ਬੇਦੀ ਨੇ ਕਿਹਾ ਕਿ ਇਹ ਸਾਰੇ ਸਿੱਖਾਂ ਲਈ ਵੱਡੇ ਸਨਮਾਨ ਦੀ ਗੱਲ ਹੈ ਕਿ ਲਾਰਡ ਸਿੰਘ ਦੀਆਂ ਪ੍ਰਾਪਤੀਆਂ ਅਤੇ ਨਿਰਸਵਾਰਥ ਸੇਵਾਵਾਂ ਨੂੰ ਸਭ ਤੋਂ ਉੱਚੇ ਪੱਧਰ 'ਤੇ ਸਵੀਕਾਰਿਆ ਗਿਆ ਹੈ। ਜੀ.ਐੱਸ.ਸੀ. ਦੇ ਸਕੱਤਰ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਲਾਰਡ ਸਿੰਘ ਦਾ ਇਹ ਮਾਣ-ਸਨਮਾਨ ਉਨ੍ਹਾਂ ਵੱਲੋਂ ਜੀਵਨ ਭਰ ਦੇ ਸਮਰਪਣ, ਬਰਤਾਨਵੀ ਸਮਾਜ, ਸਿੱਖ ਕੌਮ ਅਤੇ ਧਰਮਾਂ ਦੀ ਆਪਸੀ ਸਾਂਝ ਤੇ ਸਦਭਾਵ ਪ੍ਰਤੀ ਦੇ ਉਨ੍ਹਾਂ ਵੱਲੋਂ ਨਿਭਾਈ ਵਿਲੱਖਣ ਭੂਮਿਕਾ ਦਾ ਸਬੂਤ ਹੈ। ਕੌਂਸਲ ਦੇ ਕਾਰਜਕਾਰੀ ਮੈਂਬਰ, ਮਲੇਸ਼ੀਆ ਤੋਂ ਜਗੀਰ ਸਿੰਘ ਨੇ ਕਿਹਾ ਕਿ ਯੂ.ਕੇ. ਦੀ ਸੰਸਦ ਅਤੇ ਧਰਮਾਂਤਰ ਸਦਭਾਵਨਾ ਮੁਹਿੰਮ ਵਿਚ ਲਾਰਡ ਸਿੰਘ ਦਾ ਯੋਗਦਾਨ ਭਵਿੱਖ ਦੀਆਂ ਪੀੜ੍ਹੀਆਂ ਲਈ ਹਮੇਸ਼ਾਂ ਪ੍ਰੇਰਨਾਸਰੂਪ ਰਹੇਗਾ। ਜੀ.ਐੱਸ.ਸੀ. ਦੇ ਕਾਰਜਕਾਰੀ ਮੈਂਬਰ, ਯੂ.ਕੇ. ਤੋਂ ਸਤਨਾਮ ਸਿੰਘ ਪੂਨੀਆ ਨੇ ਕਿਹਾ ਕਿ 'ਬੈਰੋਨ ਸਿੰਘ ਆਫ ਵਿੰਬਲਡਨ' ਦੀ ਉਪਾਧੀ ਰੱਖਣ ਵਾਲੇ ਲਾਰਡ ਸਿੰਘ ਨੇ ਇਸ ਪ੍ਰਾਪਤੀ ਨਾਲ ਇਕ ਹੋਰ ਮੀਲ ਦਾ ਪੱਥਰ ਸਥਾਪਿਤ ਕੀਤਾ ਹੈ। ਉਨ੍ਹਾਂ ਨੇ ਮੁਲਕ ਵਿਚ ਸਿੱਖੀ ਕਦਰਾਂ-ਕੀਮਤਾਂ ਨੂੰ ਉੱਚਾ ਚੁੱਕਿਆ ਹੈ ਅਤੇ ਬਰਤਾਨਵੀ ਸੰਸਦ ਵਿਚ ਵੀ ਸਾਰੀਆਂ ਪਾਰਟੀਆਂ ਤੋਂ ਸਨਮਾਨ ਤੇ ਪਿਆਰ ਹਾਸਲ ਕੀਤਾ ਹੈ। ਸਿੱਖ ਪ੍ਰਚਾਰ ਕਮੇਟੀ ਦੇ ਚੇਅਰਮੈਨ, ਰਜਿੰਦਰ ਸਿੰਘ ਨੇ ਇਸ ਸਨਮਾਨ ਨੂੰ ਸਾਰੀ ਸਿੱਖ ਕੌਮ ਲਈ ਇਕ ਇਤਿਹਾਸਕ ਪ੍ਰਾਪਤੀ ਦੱਸਦੇ ਹੋਏ ਕਿਹਾ ਕਿ ਇਹ ਬਹੁਤ ਮਾਣ ਹੋਵੇਗਾ, ਜਦੋਂ ਇੱਕ ਗੁਰਸਿੱਖ ਦਾ ਚਿੱਤਰ ਸਥਾਈ ਤੌਰ 'ਤੇ ਯੂ.ਕੇ. ਸੰਸਦ ਦੀ ਕੰਧ ਉੱਪਰ ਨੂੰ ਸ਼ੋਭਿਤ ਹੋਇਆ ਸਭਨਾਂ ਨੂੰ ਪ੍ਰੇਰਿਤ ਕਰਦਾ ਰਹੇਗਾ।

# ਜਦੋਂ ਇਤਿਹਾਸ ਰਚਣ ਵਾਲੇ ਦੋ ਸਿੱਖ ਆਗੂ ਹੋਏ ਇਕੱਠੇ



**ਚੰਡੀਗੜ੍ਹ, (ਪੰਜਾਬ ਮੇਲ)-** ਯੂ.ਕੇ. ਦੇ ਹੇਠਲੇ ਸਦਨ (ਹਾਊਸ ਆਫ ਕਾਮਨਜ਼) ਦੇ ਪਹਿਲੇ ਦਸਤਾਰਧਾਰੀ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ (ਖੱਬੇ) ਨੇ ਯੂ.ਕੇ. ਦੇ ਉਪਰਲੇ ਸਦਨ (ਹਾਊਸ ਆਫ ਲਾਰਡਜ਼) ਦੇ ਪਹਿਲੇ ਦਸਤਾਰਧਾਰੀ ਸਿੱਖ ਲਾਰਡ ਇੰਦਰਜੀਤ ਸਿੰਘ ਨਾਲ ਮੁਲਾਕਾਤ ਕੀਤੀ।

ਇਹ ਇੱਕ ਇਤਿਹਾਸਕ ਪਲ ਸੀ, ਜਦੋਂ ਦੋਵੇਂ ਦਸਤਾਰਧਾਰੀ ਸਿੱਖ ਸੰਸਦ ਮੈਂਬਰ ਲਾਰਡ ਸਿੰਘ ਦੇ ਚਿੱਤਰ ਦੀ ਘੁੰਡ ਚੁਕਾਈ ਸਮਾਰੋਹ ਮੌਕੇ ਇਕੱਠੇ ਹੋਏ, ਜਿਸਨੂੰ ਯੂ.ਕੇ. ਸੰਸਦ ਵਿਚ ਸਥਾਪਿਤ ਕੀਤਾ ਗਿਆ ਹੈ। ਉਸ ਮੌਕੇ ਪਰਿਵਾਰ ਅਤੇ ਦੋਸਤਾਂ ਦਾ ਸਵਾਗਤ ਕਰਦੇ ਹੋਏ, ਉਨ੍ਹਾਂ ਨੇ ਬਰਤਾਨਵੀ ਸਮਾਜ ਅਤੇ ਯੂ.ਕੇ. ਵਿਚ ਸਿੱਖਾਂ ਨਾਲ ਸੰਬੰਧਤ ਮਹੱਤਵਪੂਰਨ ਮੁੱਦਿਆਂ 'ਤੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਵਰਨਣਯੋਗ ਹੈ ਕਿ ਲੇਬਰ ਪਾਰਟੀ ਦੇ ਨੇਤਾ ਤਨਮਨਜੀਤ ਸਿੰਘ ਢੇਸੀ (46) ਸਾਲ 2017 ਤੋਂ ਸਲੋਹ ਸੰਸਦੀ ਹਲਕੇ ਤੋਂ ਤਿੰਨ ਵਾਰ ਸੰਸਦ ਮੈਂਬਰ ਚੁਣੇ ਜਾ ਚੁੱਕੇ ਹਨ।

ਲਾਰਡ ਇੰਦਰਜੀਤ ਸਿੰਘ (92), ਸੀ.ਬੀ.ਈ., ਸਾਲ 2011 ਤੋਂ ਹਾਊਸ ਆਫ ਲਾਰਡਜ਼ ਦੇ ਮੈਂਬਰ ਹਨ। ਉਹ ਸਭ ਮਹੱਤਵਪੂਰਨ ਮੌਕਿਆਂ 'ਤੇ ਸਿੱਖਾਂ ਦੀ ਪ੍ਰਤੀਨਿਧਿਤਾ ਕਰਦੇ ਆ ਰਹੇ ਹਨ, ਜਿਸ ਵਿਚ ਰਾਜਕੁਮਾਰਾਂ ਦੀਆਂ ਸ਼ਾਦੀਆਂ ਵੀ ਸ਼ਾਮਲ ਹਨ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਮਹਾਰਾਜਾ ਚਾਰਲਜ਼ ਤੀਜੇ ਦੇ ਰਾਜਤਿਲਕ ਸਮਾਰੋਹ ਵਿਚ ਇੱਕ ਵਿਲੱਖਣ ਮੌਕਾ ਮਿਲਿਆ, ਜਦੋਂ ਉਨ੍ਹਾਂ ਨੇ ਮਹਾਰਾਜੇ ਨੂੰ ਦਸਤਾਨੇ ਭੇਟ ਕੀਤੇ, ਜੋ ਉਨ੍ਹਾਂ ਦੇ ਰਾਜ ਵਿਚ ਵਸਦੇ ਲੋਕਾਂ ਪ੍ਰਤੀ ਨਰਮਦਿਲੀ ਅਤੇ ਬਿਹਤਰ ਸੋਚ-ਵਿਚਾਰ ਦਾ ਪ੍ਰਤੀਕ ਸਨ।


TAKHAR URGENT CARE
& Family Medicine



Paramjit S. Takhar, M.D.
Board Certified Family Medicine

Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care

- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections

- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

www.takharfamilymedicine.com

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823

We Accept Medicare, Medical & Cash Pay




Designed By Punjab Mail USA

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਖਰਾਬ ਮੌਸਮ ਕਾਰਨ ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ ਨੂੰ ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਬਿਨਾਂ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਤੋਂ ਕਾਰਜ ਜਾਰੀ ਹਨ। ਇਸ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ੍ਰੀ ਮੁਕਤਸਰ ਸਾਹਿਬ ਵਿਖੇ 29 ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ ਨੂੰ ਵਿੱਤੀ ਸਹਾਇਤਾ ਦਿੱਤੀ ਗਈ। ਸਿਮਰਜੀਤ ਸਿੰਘ ਲੱਖੇਵਾਲੀ ਬਲਾਕ ਪ੍ਰਧਾਨ ਇਸ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਡਾਕਟਰ ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਵਿੱਤੀ ਸਹਾਇਤਾ ਲੈਣ ਵਾਲੇ ਬਜ਼ੁਰਗ ਕਈ ਕਾਰਨਾਂ ਕਰਕੇ ਕੰਮ ਕਰਨ ਤੋਂ ਅਸਮਰਥ ਹਨ। ਜੋ ਕੋਈ ਮਾੜਾ ਮੋਟਾ ਕੰਮ ਕਰਦਾ ਸੀ, ਉਹ ਵੀ ਪਿਛਲੇ ਕਾਫੀ ਦਿਨਾਂ ਤੋਂ ਮੌਸਮ ਖਰਾਬ ਹੋਣ ਕਾਰਨ ਘਰਾਂ ਵਿਚ ਹੀ ਹਨ। ਸਹਾਇਤਾ ਰਾਸ਼ੀ ਲੈਣ ਉਪਰੰਤ ਇਨ੍ਹਾਂ ਬਜ਼ੁਰਗਾਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਆਪਣੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੋ ਗਏ ਹਾਂ। ਇਸ ਮੌਕੇ ਗੁਰਪਾਲ ਸਿੰਘ ਪਾਲੀ ਕੈਸ਼ੀਅਰ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ, ਜਸਵਿੰਦਰ ਸਿੰਘ ਮਣਕੂ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਗੁਰਜੀਤ ਸਿੰਘ ਜੀਤਾ ਆਦਿ ਹਾਜ਼ਰ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ 3 ਸਰਕਾਰੀ ਸਕੂਲਾਂ 'ਚ ਲਗਾਏਗਾ ਮੁਫ਼ਤ ਆਰ.ਓ. ਸਿਸਟਮ

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਉਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਹਰ ਖੇਤਰ ਵਿਚ ਵੱਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਚ 3 ਸਰਕਾਰੀ ਸਕੂਲਾਂ (ਸਰਕਾਰੀ ਪ੍ਰਾਇਮਰੀ ਸਕੂਲ ਫੱਤਣਵਾਲਾ, ਸਰਕਾਰੀ ਪ੍ਰਾਇਮਰੀ ਸਕੂਲ ਮੰਡੀ ਹਰਜੀਰਾਮ ਮਲੋਟ, ਸੀਨੀਅਰ ਸੈਕੰਡਰੀ ਸਕੂਲ ਖੋਖਰ) ਵਿਚ ਬੱਚਿਆਂ ਨੂੰ ਸਾਫ ਪਾਣੀ ਪੀਣ ਲਈ ਮੁਫ਼ਤ ਆਰ.ਓ. ਸਿਸਟਮ ਲਗਾਏ ਜਾ ਰਹੇ ਹਨ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਮਾਲਵਾ ਖੇਤਰ ਦਾ ਪਾਣੀ ਪੀਣ ਯੋਗ ਨਹੀਂ ਹੈ। ਇਸ ਕਰਕੇ ਬੱਚੇ ਵੱਖ-ਵੱਖ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਕਿਉਂਕਿ ਬੱਚੇ ਧਰਤੀ ਹੇਠਲਾ ਜ਼ਹਿਰੀਲਾ ਪਾਣੀ ਪੀਣ ਲਈ ਮਜਬੂਰ ਸਨ, ਤਾਂ ਸਕੂਲ ਮੁਖੀਆਂ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨਾਲ ਸੰਪਰਕ ਕਰਕੇ ਡਾਕਟਰ ਐੱਸ.ਪੀ. ਸਿੰਘ ਉਬਰਾਏ ਨੂੰ ਆਰ.ਓ. ਲਗਾਉਣ ਸੰਬੰਧੀ ਬੇਨਤੀ ਕੀਤੀ ਗਈ ਸੀ, ਤਾਂ ਜੋ ਬੱਚਿਆਂ ਦੀ ਸਿਹਤ ਦਾ ਖਿਆਲ ਰੱਖਿਆ ਜਾ ਸਕੇ, ਤਾਂ ਡਾਕਟਰ ਉਬਰਾਏ ਵੱਲੋਂ ਤਰੁੰਤ ਪ੍ਰਵਾਨਗੀ ਦਿੱਤੀ ਗਈ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਆਉਣ ਵਾਲੇ ਕੁੱਝ ਦਿਨਾਂ ਵਿਚ ਸਕੂਲਾਂ ਵਿਚ ਆਰ.ਓ. ਸਿਸਟਮ ਲਗਾਏ ਜਾਣਗੇ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਸਰਕਾਰੀ ਸਕੂਲਾਂ ਅਤੇ ਹੋਰ ਜਨਤਕ ਥਾਵਾਂ 'ਤੇ 115 ਦੇ ਕਰੀਬ ਮੁਫ਼ਤ ਆਰ.ਓ. ਸਿਸਟਮ ਲਗਾਏ ਜਾ ਚੁੱਕੇ ਹਨ। ਇਸ ਉਪਰੰਤ ਸਕੂਲ ਮੁਖੀਆਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਉਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸਮੂਹ ਸੇਵਾਦਾਰ ਹਾਜ਼ਰ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਲੋੜਵੰਦਾਂ ਨੂੰ ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫੇ ਨੂੰ ਅਪਣਾ ਕੇ (ਕਿਰਤ ਕਰੋ, ਵੰਡ ਛਕੋ,) ਮਾਨਵਤਾ ਦੀ ਭਲਾਈ ਲਈ ਹਰ ਖੇਤਰ (ਸਿੱਖਿਆ, ਸਿਹਤ, ਅੰਗਹੀਣ ਵਿਅਕਤੀਆਂ ਨੂੰ ਸਹਾਇਤਾ ਰਾਸ਼ੀ, ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ ਨੂੰ ਮਹੀਨਾਵਾਰ ਸਹਾਇਤਾ ਰਾਸ਼ੀ, ਸਾਫ ਪਾਣੀ ਪੀਣ ਲਈ ਮੁਫ਼ਤ ਆਰ.ਓ. ਸਿਸਟਮ) ਵਿਚ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾਂ-ਨਿਰਦੇਸ਼ਾਂ 'ਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 32 ਲੋੜਵੰਦ ਲੋਕਾਂ ਨੂੰ ਵਿੱਤੀ ਸਹਾਇਤਾ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਇਹ ਲੋਕ ਕੰਮ ਕਰਨ ਤੋਂ ਅਸਮਰਥ ਹਨ। ਕਈ ਬਜ਼ੁਰਗ ਇਕੱਲੇ ਰਹਿੰਦੇ (ਔਲਾਦ ਨਹੀਂ) ਹਨ, ਬਜ਼ੁਰਗ ਅਵਸਥਾ ਵਿਚ ਕੰਮ ਨਹੀਂ ਕਰ ਸਕਦੇ, ਕਈ ਲੋਕ ਬੀਮਾਰੀਆਂ ਤੋਂ ਪੀੜਤ ਹੋਣ ਕਾਰਨ ਕੰਮ ਨਹੀਂ ਕਰ ਸਕਦੇ। ਰਾਸ਼ੀ ਪ੍ਰਾਪਤ ਕਰਨ ਉਪਰੰਤ ਇਨ੍ਹਾਂ ਲੋੜਵੰਦ ਲੋਕਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਮਹੰਤ ਕਸ਼ਮੀਰ ਸਿੰਘ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਜੀਤ ਸਿੰਘ ਜੀਤਾ, ਸੋਮਨਾਥ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਆਦਿ ਹਾਜ਼ਰ ਸਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com**




# 'ਗਰਭਵਤੀ ਭਾਰਤੀ ਔਰਤਾਂ ਨਾਲ ਭਰੇ ਨੇ ਕੈਨੇਡਾ ਦੇ ਹਸਪਤਾਲ'

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ 'ਚ ਵੱਡੀ ਗਿਣਤੀ ਵਿਚ ਭਾਰਤੀ ਰਹਿ ਰਹੇ ਹਨ। ਹਾਲ ਹੀ ਵਿਚ ਕੈਨੇਡੀਅਨ ਨਾਗਰਿਕ ਚੈਡ ਇਰੋਜ਼ ਨੇ ਇੱਕ ਵੀਡੀਓ ਜਾਰੀ ਕਰਕੇ ਭਾਰਤੀਆਂ 'ਤੇ ਗੰਭੀਰ ਦੋਸ਼ ਲਾਏ ਹਨ। ਉਸ ਨੇ ਦਾਅਵਾ ਕੀਤਾ ਹੈ ਕਿ ਕਈ ਗਰਭਵਤੀ ਭਾਰਤੀ ਔਰਤਾਂ ਬੱਚੇ ਨੂੰ ਜਨਮ ਦੇਣ ਲਈ ਵਿਸ਼ੇਸ਼ ਤੌਰ 'ਤੇ ਕੈਨੇਡਾ ਆ ਰਹੀਆਂ ਹਨ। ਉਸ ਨੇ ਇਹ ਵੀ ਦੋਸ਼ ਲਾਇਆ ਕਿ ਇਹ ਔਰਤਾਂ ਕੈਨੇਡਾ ਦੀ ਸਿਹਤ ਸੰਭਾਲ ਪ੍ਰਣਾਲੀ ਦਾ ਫ਼ਾਇਦਾ ਉਠਾ ਰਹੀਆਂ ਹਨ। ਉਹ ਇਸਦੀ ਵਰਤੋਂ ਆਪਣੇ ਬੱਚਿਆਂ ਲਈ ਕੈਨੇਡੀਅਨ ਨਾਗਰਿਕਤਾ ਪ੍ਰਾਪਤ ਕਰਨ ਲਈ ਕਰ ਰਹੀਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਸ ਤੋਂ ਬਾਅਦ ਉਹ ਆਪਣੇ ਬੱਚੇ ਰਾਹੀਂ ਪੂਰੇ ਪਰਿਵਾਰ ਨੂੰ ਕੈਨੇਡਾ ਲਿਆਉਣ ਦਾ ਕੰਮ ਕਰਦੇ ਹਨ। ਉਨ੍ਹਾਂ ਦੇ ਇਸ ਦਾਅਵੇ ਤੋਂ ਬਾਅਦ



ਸੋਸ਼ਲ ਮੀਡੀਆ 'ਤੇ ਨਵੀਂ ਬਹਿਸ ਛਿੜ ਗਈ ਹੈ। ਇਹ ਦਾਅਵਾ ਉਸ ਸਮੇਂ ਕੀਤਾ ਗਿਆ ਹੈ, ਜਦੋਂ ਭਾਰਤ ਅਤੇ ਕੈਨੇਡਾ ਦੇ ਸਬੰਧਾਂ ਵਿਚ ਤਣਾਅ ਚੱਲ ਰਿਹਾ ਹੈ।

ਆਪਣੀ ਪੋਸਟ ਵਿਚ ਉਸਨੇ ਸਾਂਝਾ ਕੀਤਾ ਕਿ ਇੱਕ ਨਰਸ ਨੇ ਉਸਦੇ ਰਿਸ਼ਤੇਦਾਰ ਨੂੰ ਦੱਸਿਆ ਕਿ ਜਣੇਪਾ ਵਾਰਡ ਭਾਰਤੀ ਔਰਤਾਂ ਨਾਲ ਭਰੇ ਹੋਏ ਹਨ, ਜੋ ਕੈਨੇਡਾ ਵਿਚ ਜਣੇਪੇ ਲਈ ਆਈਆਂ ਸਨ। ਈਰੋਜ਼ ਨੇ ਮੰਨਿਆ ਕਿ ਕੈਨੇਡੀਅਨ ਹਸਪਤਾਲਾਂ ਨੂੰ ਸਾਰੇ ਮਰੀਜ਼ਾਂ ਨੂੰ ਬਰਾਬਰ ਦੇਖਭਾਲ ਪ੍ਰਦਾਨ ਕਰਨੀ ਚਾਹੀਦੀ ਹੈ। ਹਾਲਾਂਕਿ ਉਹ ਇਹ ਵੀ ਮਹਿਸੂਸ ਕਰਦਾ ਹੈ ਕਿ ਭਾਰਤੀ ਪ੍ਰਵਾਸੀ ਔਰਤਾਂ ਕੈਨੇਡਾ ਦੇ ਮੈਟਰਨਿਟੀ ਵਾਰਡਾਂ ਵਿਚ ਬਹੁਤ ਸਾਰੇ ਬਿਸਤਰਿਆਂ 'ਤੇ ਕਬਜ਼ਾ ਕਰ ਰਹੀਆਂ ਹਨ। ਉਸ ਨੇ ਐਕਸ 'ਤੇ ਲਿਖਿਆ, "ਨਰਸ ਨੇ ਮੇਰੀ ਭਤੀਜੀ ਨੂੰ ਦੱਸਿਆ ਕਿ ਜਣੇਪਾ ਵਾਰਡ ਭਾਰਤੀ ਔਰਤਾਂ ਨਾਲ ਭਰੇ ਹੋਏ ਹਨ, ਜੋ ਆਪਣੇ ਬੱਚੇ ਨੂੰ ਜਨਮ ਦੇਣ ਲਈ ਕੈਨੇਡਾ ਜਾਂਦੀਆਂ ਹਨ, ਕੈਨੇਡੀਅਨ ਨਾਗਰਿਕਤਾ ਹਾਸਲ ਕਰਨ ਲਈ ਬੱਚੇ ਨੂੰ ਉੱਥੇ ਜਨਮ ਦਿੰਦੀਆਂ ਹਨ। ਕੈਨੇਡੀਅਨ ਹਸਪਤਾਲ ਕਿਸੇ ਨੂੰ ਵੀ ਨਹੀਂ ਮੋੜਨਗੇ, ਇਸ ਲਈ ਉਹ ਇਨ੍ਹਾਂ ਸਾਰੀਆਂ ਵਿਦੇਸ਼ੀ ਭਾਰਤੀ ਔਰਤਾਂ ਨੂੰ ਸਵੀਕਾਰ ਕਰਦੇ ਹਨ, ਜਿਸ ਨਾਲ ਵਾਰਡ ਭਰ ਜਾਂਦੇ ਹਨ।

ਮੈਨੂੰ ਯਕੀਨ ਹੈ ਕਿ ਬੱਚੇ ਨੂੰ ਜਨਮ ਦੇਣ ਮਗਰੋਂ ਬਿੱਲ ਭਰਨਾ ਪਵੇਗਾ ਪਰ ਕਿਉਂਕਿ ਉਨ੍ਹਾਂ ਕੋਲ ਕੈਨੇਡੀਅਨ ਹੈਲਥ ਕੇਅਰ ਨਹੀਂ ਹੈ ਤਾਂ ਸਾਡੀ ਸਿਹਤ ਸੰਭਾਲ ਪ੍ਰਣਾਲੀ ਉਨ੍ਹਾਂ ਤੋਂ ਬਿੱਲ ਕਿਵੇਂ ਵਸੂਲੇਗੀ। ਸਾਡੀ ਸਿਹਤ ਸੰਭਾਲ ਪ੍ਰਣਾਲੀ ਦੀ ਵਰਤੋਂ ਕਰਨ ਤੋਂ ਬਾਅਦ ਉਹ ਆਪਣੇ ਬੱਚੇ ਨਾਲ ਭਾਰਤ ਵਾਪਸ ਆ ਜਾਂਦੇ ਹਨ। ਜਦੋਂ ਉਨ੍ਹਾਂ ਦਾ ਬੱਚਾ ਭਾਰਤ ਵਿਚ ਵੱਡਾ ਹੁੰਦਾ ਹੈ, ਤਾਂ ਉਹ ਇੱਕ ਕੈਨੇਡੀਅਨ ਨਾਗਰਿਕ ਦੇ ਰੂਪ ਵਿਚ ਆਪਣੇ ਮਾਤਾ-ਪਿਤਾ ਅਤੇ ਭੈਣ-ਭਰਾ ਨੂੰ ਸਪਾਂਸਰ ਕਰਦੇ ਹਨ ਅਤੇ ਪੂਰੇ ਪਰਿਵਾਰ ਨੂੰ ਲਿਆਉਂਦੇ ਹਨ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਹ ਸਭ ਕੈਨੇਡੀਅਨ ਟੈਕਸਦਾਤਾਵਾਂ ਦੇ ਖਰਚੇ 'ਤੇ ਫ਼ਰੀ ਹੋਵੇਗਾ।

# ਕੈਨੇਡਾ ਦੀ ਪੰਜਾਬਣ ਬਣੀ ਫੈਡਰਲ ਪੁਲਿਸ ਅਫਸਰ



**ਮਾਨਸਾ, (ਪੰਜਾਬ ਮੇਲ)-** ਮਾਨਸਾ ਜ਼ਿਲ੍ਹੇ ਦੇ ਕਸਬਾ ਝੁਨੀਰ ਦੀ ਧੀ ਕਿਰਨਜੀਤ ਕੌਰ ਨੇ ਕੈਨੇਡਾ ਦੀ ਫੈਡਰਲ ਪੁਲਿਸ ਅਫਸਰ ਬਣ ਕੇ ਜਿੱਥੇ ਆਪਣੇ ਮਾਪਿਆਂ ਦਾ ਨਾਂ ਚਮਕਾਇਆ ਹੈ, ਉੱਥੇ ਉਸ ਨੇ ਮਾਨਸਾ ਜ਼ਿਲ੍ਹੇ ਨੂੰ ਵੀ ਚਾਰ ਚੰਨ੍ਹ ਲਾਏ ਹਨ। ਛੋਟੀ ਉਮਰੇ ਸਖਤ ਮਿਹਨਤ ਕਰਨ ਵਾਲੀ ਕਿਰਨਜੀਤ ਕੌਰ ਨੇ 5 ਸਾਲ ਕਰਨਲ ਡਿਗਰੀ ਕਾਲਜ ਚੂਲੜ ਵਿਖੇ ਪ੍ਰੋਫੈਸਰ ਵਜੋਂ ਵੀ ਆਪਣੀਆਂ ਸੇਵਾਵਾਂ ਨਿਭਾਈਆਂ।

ਜ਼ਿਕਰਯੋਗ ਹੈ ਕਿ ਕਿਰਨਜੀਤ ਕੌਰ ਪੁੱਤਰੀ ਲਾਭ ਸਿੰਘ 2014 ਵਿਚ ਕੈਨੇਡੀਅਨ ਪਰਮਾਨੈਂਟ ਰੈਜੀਡੈਂਸੀ ਦੇ ਤੌਰ 'ਤੇ ਚਲੇ ਗਏ। ਕੈਨੇਡਾ ਰਹਿੰਦਿਆਂ ਉਨ੍ਹਾਂ ਨੇ ਬਹੁਤ ਸੰਘਰਸ਼ ਕੀਤਾ। 2019 'ਚ ਕਰਕਸ਼ਨਲ ਆਫੀਸਰ ਵਜੋਂ ਭਰਤੀ ਹੋ ਕੇ 5 ਸਾਲ ਸ਼ਾਨਦਾਰ ਸੇਵਾਵਾਂ ਨਿਭਾਈਆਂ। ਸਾਲ 2024 ਦੌਰਾਨ ਰੌਇਲ ਕੈਨੇਡੀਅਨ ਮਾਊਂਟਰ ਪੁਲਿਤ ਵਿਚ ਭਰਤੀ ਹੋ ਕੇ ਫੈਡਰਲ ਪੁਲਿਸ ਅਫਸਰ ਬਣੇ। ਉਨ੍ਹਾਂ ਆਪਣੀ ਮਿਹਨਤ ਪਿੱਛੇ ਜਿੱਥੇ ਆਪਣੇ ਮਾਪਿਆਂ, ਨਾਨਕਿਆਂ ਨੂੰ ਇਸ ਦਾ ਸਿਹਰਾ ਦਿੰਦੀ ਹੈ, ਉੱਥੇ ਉਨ੍ਹਾਂ ਦੇ ਘਰਾਂ 'ਚੋਂ ਮਾਮੇ ਦੇ ਬੇਟੇ ਡਾ. ਹਜ਼ੂਰ ਸਿੰਘ ਪ੍ਰੋਫੈਸਰ ਅਤੇ ਹੈੱਡ ਡਿਪਾਰਟਮੈਂਟ ਆਫ ਇੰਜੀਨੀਅਰਿੰਗ ਤਲਵੰਡੀ ਸਾਬੋ ਦਾ ਵੀ ਵਿਸ਼ੇਸ਼ ਧੰਨਵਾਦ ਕਰਦੀ ਹੈ, ਜਿਨ੍ਹਾਂ ਨੇ ਉਨ੍ਹਾਂ ਦੀ ਉੱਚ ਪੱਧਰ ਦੀ ਤਾਲੀਮ ਦੌਰਾਨ ਗਾਈਡ ਕੀਤਾ।

ਕਿਰਨਜੀਤ ਕੌਰ ਦਾ 2020 'ਚ ਵਿਆਹ ਹੋਇਆ ਅਤੇ 2021 'ਚ ਉਹ ਪਤੀ ਨੂੰ ਵੀ ਕੈਨੇਡਾ ਲੈ ਗਈ। ਕੈਨੇਡਾ ਰਹਿੰਦਿਆਂ ਉਨ੍ਹਾਂ ਨੇ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ ਨਿਭਾਇਆ। ਉਨ੍ਹਾਂ ਨੇ ਆਪਣੀਆਂ ਦੋਵਾਂ ਭੈਣਾਂ ਨੂੰ ਗਾਈਡ ਕਰਦਿਆਂ ਕੈਨੇਡਾ ਵਿਖੇ ਟੀਚਰ ਦੇ ਯੋਗ ਬਣਾਇਆ।

# ਦਿੱਲੀ ਦੇ ਟਰਾਂਸਪੋਰਟ ਮੰਤਰੀ ਕੈਲਾਸ਼ ਗਹਿਲੋਤ ਵੱਲੋਂ 'ਆਪ' ਤੋਂ ਅਸਤੀਫਾ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਵਿਚ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਸੂਬੇ ਦੇ ਟਰਾਂਸਪੋਰਟ ਮੰਤਰੀ ਕੈਲਾਸ਼ ਗਹਿਲੋਤ ਨੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ। 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਦਿੱਤੇ ਅਸਤੀਫ਼ੇ 'ਚ ਨਜਫਗੜ੍ਹ ਦੇ ਵਿਧਾਇਕ ਗਹਿਲੋਤ ਨੇ ਪਾਰਟੀ ਸਾਹਮਣੇ 'ਗੰਭੀਰ ਚੁਣੌਤੀਆਂ' ਵੱਲ ਇਸ਼ਾਰਾ ਕੀਤਾ। ਸੂਤਰਾਂ ਨੇ ਦੱਸਿਆ ਕਿ ਦਿੱਲੀ ਦੀ ਮੁੱਖ ਮੰਤਰੀ ਆਤਿਸ਼ੀ ਨੇ ਇਹ ਅਸਤੀਫਾ ਸਵੀਕਾਰ ਕਰ ਲਿਆ ਹੈ। ਕੇਜਰੀਵਾਲ 'ਤੇ ਚੁਟਕੀ ਲੈਂਦਿਆਂ ਗਹਿਲੋਤ ਨੇ 'ਸ਼ੀਸ਼ਮਹਿਲ' ਵਰਗੇ ਮੁੱਦੇ ਉਠਾਉਂਦਿਆਂ ਕਿਹਾ ਕਿ ਇਸ ਨਾਲ ਹਰ ਕਿਸੇ ਨੂੰ ਸ਼ੱਕ ਹੁੰਦਾ ਹੈ ਕਿ 'ਕੀ ਅਸੀਂ ਹਾਲੇ ਵੀ ਖੁਦ ਨੂੰ 'ਆਮ ਆਦਮੀ' ਸਮਝਦੇ ਹਾਂ।' ਭਾਜਪਾ ਨੇ ਕੇਜਰੀਵਾਲ ਦੀ ਪੁਰਾਣੀ ਰਿਹਾਇਸ਼ ਨੂੰ 'ਸ਼ੀਸ਼ਮਹਿਲ' ਦੱਸਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਲੋਕਾਂ ਦੇ ਅਧਿਕਾਰਾਂ ਲਈ ਲੜਨ ਦੀ ਥਾਂ, 'ਤੁਸੀਂ ਆਪਣੇ ਖ਼ੁਦ ਦੇ ਏਜੰਡੇ ਲਈ ਲੜਨ ਵਿਚ ਰੁੱਝੇ ਹੋਏ ਹੋ, ਜਿਸ ਨਾਲ ਦਿੱਲੀ ਵਾਲਿਆਂ ਨੂੰ ਬੁਨਿਆਦੀ ਸੇਵਾਵਾਂ ਦੀ ਸਪਲਾਈ ਰੁਕ ਗਈ ਹੈ।' 'ਆਪ' ਆਗੂਆਂ ਨੇ ਕਿਹਾ ਕਿ ਗਹਿਲੋਤ ਈ.ਡੀ. ਤੇ ਸੀ.ਬੀ.ਆਈ. ਦੇ ਕੇਸਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਉਨ੍ਹਾਂ ਕੋਲ ਭਾਜਪਾ 'ਚ ਸ਼ਾਮਲ ਹੋਣ ਤੋਂ ਇਲਾਵਾ ਕੋਈ ਬਦਲ ਨਹੀਂ ਬਚਿਆ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**




### ਯੂਜ਼ਰ ਦੀ ਪ੍ਰਾਈਵੇਸੀ ਨਾਲ ਜੁੜਿਆ ਮਾਮਲਾ

# ਵਟਸਐਪ ’ਤੇ ਭਾਰਤ ’ਚ ਲੱਗਾ 213 ਕਰੋੜ ਰੁਪਏ ਦਾ ਜੁਰਮਾਨਾ

**ਨਵੀਂ ਦਿੱਲੀ, (ਪੰਜਾਬ ਮੇਲ)-** ਦੁਨੀਆਂ ਦੇ ਟਾਪ-10 ਅਰਬਪਤੀਆਂ ’ਚ ਸ਼ਾਮਲ ਫੇਸਬੁੱਕ ਦੀ ਮੂਲ ਕੰਪਨੀ ਮੇਟਾ ਦੇ ਸੀ.ਈ.ਓ. ਮਾਰਕ ਜ਼ੁਕਰਬਰਗ ਨੂੰ ਭਾਰਤ ਤੋਂ ਵੱਡਾ ਝਟਕਾ ਲੱਗਾ ਹੈ। ਭਾਰਤੀ ਮੁਕਾਬਲੇਬਾਜ਼ੀ ਕਮਿਸ਼ਨ ਯਾਨੀ ਸੀ.ਸੀ.ਆਈ. ਨੇ ਮੇਟਾ ’ਤੇ 213.14 ਕਰੋੜ ਰੁਪਏ ਦਾ ਭਾਰੀ ਜੁਰਮਾਨਾ ਲਗਾਇਆ ਹੈ। ਜੁਰਮਾਨੇ ਦੀ ਇਹ ਕਾਰਵਾਈ ਵ੍ਹਟਸਐਪ ਦੀ ਪ੍ਰਾਈਵੇਸੀ ਪਾਲਿਸੀ ਨੂੰ ਲਾਗੂ ਕਰਨ ਅਤੇ ਯੂਜ਼ਰਸ ਦਾ ਡਾਟਾ ਚੋਰੀ ਕਰਨ ਦੇ ਦੋਸ਼ਾਂ ’ਤੇ ਕੀਤੀ ਗਈ ਹੈ। ਇਹ ਜੁਰਮਾਨਾ 2021 ਦੀ ਗੋਪਨੀਯਤਾ ਨੀਤੀ ਅਪਡੇਟ ਦੇ ਸਬੰਧ ਵਿਚ ਅਨੁਚਿਤ ਵਪਾਰਕ ਅਭਿਆਸਾਂ ਨੂੰ ਅਪਣਾਉਣ ਲਈ ਲਗਾਇਆ ਗਿਆ ਸੀ।

ਮਾਰਕ ਜ਼ੁਕਰਬਰਗ ਦੀ ਕੰਪਨੀ ਮੇਟਾ ’ਤੇ ਜੁਰਮਾਨਾ ਲਗਾਉਣ ਦੇ ਨਾਲ ਹੀ ਭਾਰਤੀ ਮੁਕਾਬਲੇਬਾਜ਼ੀ ਕਮਿਸ਼ਨ ਨੇ ਆਪਣੇ ਹੁਕਮ ’ਚ ਕਿਹਾ ਕਿ ਇਹ ਜੁਰਮਾਨਾ ਮੇਟਾ ’ਤੇ ਆਪਣੇ ਦਬਦਬੇ ਦੀ ਦੁਰਵਰਤੋਂ ਕਰਨ ਲਈ ਲਗਾਇਆ ਗਿਆ ਹੈ। ਆਦੇਸ਼ ਵਿਚ ਅੱਗੇ ਕਿਹਾ ਗਿਆ ਹੈ ਕਿ ਇਹ ਮਾਮਲਾ ਇਸ ਨਾਲ ਜੁੜਿਆ ਹੈ ਕਿ ਵ੍ਹਟਸਐਪ ਦੀ




2021 ਗੋਪਨੀਯਤਾ ਨੀਤੀ ਨੂੰ ਕਿਵੇਂ ਲਾਗੂ ਕੀਤਾ ਗਿਆ, ਉਪਭੋਗਤਾ ਦਾ ਡੇਟਾ ਕਿਵੇਂ ਇਕੱਠਾ ਕੀਤਾ ਗਿਆ ਅਤੇ ਇਸ ਨੂੰ ਦੂਜੀਆਂ ਕੰਪਨੀਆਂ ਨਾਲ ਵੀ ਸਾਂਝਾ ਕੀਤਾ ਗਿਆ।

ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਸੀ.ਸੀ.ਆਈ. ਨੇ ਨਾ ਸਿਰਫ ਮੇਟਾ ਇੰਕ ’ਤੇ ਜੁਰਮਾਨਾ ਲਗਾਇਆ ਹੈ, ਬਲਕਿ ਵ੍ਹਟਸਐਪ ਨੂੰ ਵੀ ਆਦੇਸ਼ ਦਿੱਤਾ ਹੈ ਕਿ ਉਹ ਆਪਣੇ ਪਲੇਟਫਾਰਮ ’ਤੇ ਇਕੱਠੇ ਕੀਤੇ ਉਪਭੋਗਤਾ ਡੇਟਾ ਨੂੰ ਹੋਰ ਮੇਟਾ ਉਤਪਾਦਾਂ ਜਾਂ ਕੰਪਨੀਆਂ ਨਾਲ ਇਸ਼ਤਿਹਾਰਬਾਜ਼ੀ ਲਈ ਸਾਂਝਾ ਨਾ ਕਰੇ। ਇਸ ’ਚ ਕਿਹਾ ਗਿਆ ਹੈ ਕਿ ਵ੍ਹਟਸਐਪ ਪੰਜ ਸਾਲ ਤੱਕ ਯੂਜ਼ਰਸ ਦਾ ਡਾਟਾ ਕਿਸੇ ਨਾਲ ਸ਼ੇਅਰ ਨਹੀਂ ਕਰ ਸਕੇਗਾ। ਜ਼ਿਕਰਯੋਗ ਹੈ ਕਿ ਭਾਰਤ ’ਚ ਵ੍ਹਟਸਐਪ ਦੇ 50 ਕਰੋੜ ਤੋਂ ਜ਼ਿਆਦਾ ਯੂਜ਼ਰਸ ਹਨ।

ਵ੍ਹਟਸਐਪ ਉਪਭੋਗਤਾਵਾਂ ਦੀ ਗੋਪਨੀਯਤਾ ਨੀਤੀ ਨਾਲ ਖਿਲਵਾੜ ਕਰਨ ਲਈ ਮਾਰਕ ਜ਼ੁਕਰਬਰਗ ਦੀ ਕੰਪਨੀ ’ਤੇ ਜੁਰਮਾਨਾ ਲਗਾਉਣ ਅਤੇ ਡਾਟਾ ਸਾਂਝਾ ਕਰਨ ’ਤੇ ਪਾਬੰਦੀ ਲਗਾਉਣ ਦੇ ਨਾਲ ਸੀ.ਸੀ.ਆਈ. ਨੇ ਇਹ ਵੀ ਨਿਰਦੇਸ਼ ਦਿੱਤਾ ਹੈ ਕਿ ਕੰਪਨੀ ਨੂੰ ਨਿਰਧਾਰਤ ਸਮੇਂ ਦੇ ਅੰਦਰ ਇਸ ਨੂੰ ਚੁੱਕਣ ਅਤੇ ਲਾਗੂ ਕਰਨ ਲਈ ਜ਼ਰੂਰੀ ਕਦਮ ਚੁੱਕਣੇ ਚਾਹੀਦੇ ਹਨ। ਦੱਸਣਯੋਗ ਹੈ ਕਿ ਰੈਗੂਲੇਟਰ ਨੇ ਮਾਰਚ 2021 ’ਚ ਵ੍ਹਟਸਐਪ ਦੀ ਸੋਧੀ ਹੋਈ ਨਿੱਜਤਾ ਨੀਤੀ ਦੀ ਜਾਂਚ ਸ਼ੁਰੂ ਕੀਤੀ ਸੀ। ਇਸ ਨੀਤੀ ਦੀ ਕਾਫੀ ਆਲੋਚਨਾ ਵੀ ਹੋਈ ਸੀ।

## ਭਾਰਤ ਦਾ ਮੋਸਟ ਵਾਂਟੇਡ ਗੈਂਗਸਟਰ ਅਨਮੋਲ ਬਿਸ਼ਨੋਈ ਅਮਰੀਕਾ ਪੁਲਿਸ ਵੱਲੋਂ ਗ੍ਰਿਫ਼ਤਾਰ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ’ਚ ਭਾਰਤ ਦੇ ਮੋਸਟ ਵਾਂਟੇਡ ਗੈਂਗਸਟਰ ਅਨਮੋਲ ਬਿਸ਼ਨੋਈ ਨੂੰ ਕੈਲੀਫੋਰਨੀਆ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਅਨਮੋਲ ਬਿਸ਼ਨੋਈ ਭਾਰਤ ਅਤੇ ਪੰਜਾਬ ਵਿਚ ਕਈ ਮਾਮਲਿਆਂ ਵਿਚ ਲੋੜੀਂਦਾ ਹੈ। ਭਾਰਤ ਸਰਕਾਰ ਜਲਦ ਹੀ ਉਸ ਦੀ ਹਵਾਲਗੀ ਦੀ ਮੰਗ ਕਰੇਗੀ।

ਗੌਰਤਲਬ ਹੈ ਕਿ ਅਨਮੋਲ ਬਿਸ਼ਨੋਈ, ਲਾਰੈਂਸ ਬਿਸ਼ਨੋਈ ਦਾ ਭਰਾ ਹੈ। ਉਸ ਨੇ ਮਸ਼ਹੂਰ ਫਿਲਮ ਅਦਾਕਾਰ ਸਲਮਾਨ ਖਾਨ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਸਲਮਾਨ ਦੇ ਘਰ ਫਾਇਰਿੰਗ ਮਾਮਲੇ ਵਿਚ ਵੀ ਉਹ ਮੁਲਜ਼ਮ ਸੀ। ਮੀਡੀਆ ਰਿਪੋਰਟਾਂ ਮੁਤਾਬਕ ਇਸ ਮਾਮਲੇ ਨੂੰ ਲੈ ਕੇ ਕੈਲੀਫੋਰਨੀਆ ਪੁਲਿਸ ਨੇ ਉਸ ’ਤੇ ਕਾਰਵਾਈ ਕੀਤੀ ਹੈ। ਭਾਰਤੀ ਏਜੰਸੀਆਂ ਵਿਚ ਮੋਸਟ ਵਾਂਟੇਡ ਸੀ। ਉਹ ਅਮਰੀਕਾ ’ਚ ਲੁਕਿਆ ਹੋਇਆ ਸੀ। ਉਹ ਮਰਹੂਮ ਸਿੱਧੂ ਮੂਸੇਵਾਲਾ ਦੇ ਕਤਲ ਦਾ ਮੁਲਜ਼ਮ ਵੀ ਹੈ। ਜੋਧਪੁਰ ਜੇਲ੍ਹ ਵਿਚ ਸਜ਼ਾ ਕੱਟ ਚੁੱਕਿਆ ਹੈ। ਬਾਬਾ ਸਿੱਦੀਕੀ ਮਾਮਲੇ ਵਿਚ ਵੀ ਲੋੜੀਂਦਾ ਹੈ। ਜਲਦ ਦੀ ਭਾਰਤ ਦੇ ਹਵਾਲਗੀ ਦੀ ਪ੍ਰਕਿਰਿਆ ਕੀਤੀ ਜਾਵੇਗੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**

## ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਵਧਾਈ ਕੈਨੇਡਾ ਦੀ ਚਿੰਤਾ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਸ਼ਰਨ ਦਾ ਦਾਅਵਾ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵੱਧ ਰਹੀ ਗਿਣਤੀ ’ਤੇ ਚਿੰਤਾ ਜ਼ਾਹਰ ਕੀਤੀ ਹੈ। ਮਿਲਰ ਨੇ ਇਸ ਸਬੰਧੀ ਕਾਲਜ ਆਫ ਇਮੀਗ੍ਰੇਸ਼ਨ ਐਂਡ ਸਿਟੀਜ਼ਨਸ਼ਿਪ ਕੰਸਲਟੈਂਟਸ (ਸੀ.ਆਈ.ਸੀ.ਸੀ.) ਦੇ ਪ੍ਰਧਾਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਜੌਹਨ ਮੁਰੇ ਨੂੰ ਪੱਤਰ ਲਿਖਿਆ ਹੈ। ਸੀ.ਆਈ.ਸੀ.ਸੀ. ਰੈਗੂਲੇਟਿਡ ਕੈਨੇਡੀਅਨ ਇਮੀਗ੍ਰੇਸ਼ਨ ਕੰਸਲਟੈਂਟਸ ਅਤੇ ਰੈਗੂਲੇਟਿਡ ਇੰਟਰਨੈਸ਼ਨਲ ਸਟੂਡੈਂਟ ਇਮੀਗ੍ਰੇਸ਼ਨ ਸਲਾਹਕਾਰਾਂ ਨੂੰ ਲਾਇਸੰਸ ਪ੍ਰਦਾਨ ਕਰਦਾ ਹੈ ਅਤੇ ਨਿਯੰਤ੍ਰਿਤ ਕਰਦਾ ਹੈ।

ਇਮੀਗ੍ਰੇਸ਼ਨ, ਰਫਿਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਦੇ ਅੰਕੜਿਆਂ ਅਨੁਸਾਰ, ਕੈਨੇਡੀਅਨ ਨਿਊਜ਼ ਆਊਟਲੈਟ ਦਿ ਗਲੋਬ ਐਂਡ ਮੇਲ ਨੇ ਰਿਪੋਰਟ ਦਿੱਤੀ ਕਿ ਲਗਭਗ 13,660 ਅੰਤਰਰਾਸ਼ਟਰੀ ਵਿਦਿਆਰਥੀਆਂ ਨੇ 2024 ਦੇ ਪਹਿਲੇ 9 ਮਹੀਨਿਆਂ ਵਿਚ ਪਨਾਹ ਮੰਗੀ ਹੈ, ਜੋ ਇੱਕ ਰਿਕਾਰਡ ਹੈ। ਪਿਛਲੇ ਸਾਲ ਇਹ ਅੰਕੜਾ ਲਗਭਗ 12,000 ਸੀ। 2018 ਵਿਚ, ਇਹ ਸਿਰਫ 1810 ਸੀ। ਅਜੇ 3 ਮਹੀਨਿਆਂ ਦੇ ਅੰਕੜਿਆਂ ਦੀ ਗਿਣਤੀ ਹੋਣੀ ਬਾਕੀ ਹੈ, ਜਿਸ ਨਾਲ



ਸੰਖਿਆ ਵਧਣ ਦੀ ਉਮੀਦ ਹੈ। ਕੈਨੇਡਾ ਵਿਚ ਭਾਰਤੀਆਂ ਵੱਲੋਂ ਪਨਾਹ ਦੇ ਦਾਅਵਿਆਂ ਵਿਚ ਵਾਧਾ ਹੋਇਆ ਹੈ।

ਮਿਲਰ ਨੇ ਪੱਤਰ ਵਿਚ ਲਿਖਿਆ, ਕੈਨੇਡਾ ਸੁਰੱਖਿਆ ਦੀ ਲੋੜ ਵਾਲੇ ਵਿਅਕਤੀਆਂ ਦੀ ਮਦਦ ਕਰਨ ਲਈ ਸਮਰਪਿਤ ਹੈ। ਹਾਲਾਂਕਿ, ਸ਼ਰਨਾਰਥੀਆਂ ਨੂੰ ਕੈਨੇਡਾ ਵਿਚ ਰਹਿਣ ਜਾਂ ਸਥਾਈ ਨਿਵਾਸ ਲਈ ਖ਼ੁਦ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਲਈ ਸਲਾਹ ਦੇਣਾ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਦੇ ਉਦੇਸ਼ਾਂ ਦੇ ਉਲਟ ਹੋਵੇਗਾ। ਮਿਲਰ ਨੇ ਸੀ.ਆਈ.ਸੀ.ਸੀ. ਨੂੰ ਲਾਇਸੰਸਸ਼ੁਦਾ ਸਲਾਹਕਾਰਾਂ ਦੀ ਜਾਂਚ ਕਰਨ ਦੀ ਬੇਨਤੀ ਕੀਤੀ ਹੈ, ਜੋ ਸ਼ਾਇਦ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪਨਾਹ ਦਾਅਵਿਆਂ ਨੂੰ ਅੱਗੇ ਵਧਾਉਣ ਲਈ ਗਲਤ ਢੰਗ ਨਾਲ ਸਲਾਹ ਦੇ ਰਹੇ ਹਨ।










# ਟਰੂਡੋ ਵੱਲੋਂ ਸਰਕਾਰ ਵੱਲੋਂ ਕੀਤੀਆਂ ਗਲਤੀਆਂ ਦਾ ਕਬੂਲਨਾਮਾ

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਨਿਆ ਹੈ ਕਿ ਉਨ੍ਹਾਂ ਦੀ ਸਰਕਾਰ ਨੇ ਕੁਝ ਗ਼ਲਤੀਆਂ ਕੀਤੀਆਂ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਯੂ-ਟਿਊਬ 'ਤੇ 6 ਮਿੰਟ ਤੋਂ ਵੱਧ ਦਾ ਵੀਡੀਓ ਪੋਸਟ ਕਰਦਿਆਂ ਕਿਹਾ ਕਿ ਉਹ ਕੈਨੇਡਾ ਦੀ ਇਮੀਗ੍ਰੇਸ਼ਨ ਨੀਤੀ 'ਚ ਵੱਡਾ ਬਦਲਾਅ ਕਰਨ ਜਾ ਰਹੇ ਹਨ। ਕੈਨੇਡਾ ਵਿਚ ਵਧਦੀ ਆਬਾਦੀ, ਮਹਿੰਗਾਈ ਅਤੇ ਨੌਕਰੀਆਂ ਦੀ ਕਮੀ ਕਾਰਨ ਟਰੂਡੋ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ।

ਪਿਛਲੇ ਮਹੀਨੇ ਕੈਨੇਡੀਅਨ ਸਰਕਾਰ ਨੇ ਐਲਾਨ ਕੀਤਾ ਸੀ ਕਿ ਉਹ ਅਗਲੇ ਸਾਲ ਪੀ.ਆਰਜ਼ ਦੀ ਗਿਣਤੀ ਵਿਚ 18 ਪ੍ਰਤੀਸ਼ਤ ਤੋਂ ਵੱਧ ਦੀ ਕਟੌਤੀ ਕਰੇਗੀ। ਸਰਕਾਰ ਨੇ 2025-27 ਇਮੀਗ੍ਰੇਸ਼ਨ ਪੱਧਰੀ ਯੋਜਨਾ ਦੇ ਤਹਿਤ ਇਸ ਦਾ ਐਲਾਨ ਕੀਤਾ ਸੀ। ਆਪਣੇ ਵੀਡੀਓ ਵਿਚ ਟਰੂਡੋ ਨੇ ਸਥਾਈ ਨਿਵਾਸੀਆਂ ਦੀ ਗਿਣਤੀ ਵਿਚ ਹਾਲ ਹੀ ਵਿਚ ਆਈ ਗਿਰਾਵਟ ਅਤੇ ਅਸਥਾਈ ਵਿਦੇਸ਼ੀ ਕਾਮਿਆਂ ਦੇ ਪ੍ਰੋਗਰਾਮ ਵਿਚ ਤਬਦੀਲੀਆਂ ਬਾਰੇ ਗੱਲ ਕੀਤੀ।

ਟਰੂਡੋ ਨੇ ਵੀਡੀਓ 'ਚ ਕਿਹਾ, "ਪਿਛਲੇ ਦੋ ਸਾਲਾਂ 'ਚ ਸਾਡੀ ਆਬਾਦੀ ਤੇਜ਼ੀ ਨਾਲ ਵਧੀ ਹੈ। ਫਰਜ਼ੀ ਕਾਲਜ ਅਤੇ ਵੱਡੇ ਕਾਰਪੋਰੇਸ਼ਨ ਆਪਣੇ ਮਕਸਦ ਲਈ ਸਾਡੀਆਂ ਇਮੀਗ੍ਰੇਸ਼ਨ ਨੀਤੀਆਂ ਦੀ ਦੁਰਵਰਤੋਂ ਕਰ ਰਹੇ ਹਨ।" ਟਰੂਡੋ ਨੇ

**ਕਿਹਾ: ਫੇਲ੍ਹ ਹੋਈ ਕੈਨੇਡਾ ਸਰਕਾਰ**



ਕਿਹਾ ਕਿ ਕੋਵਿਡ-19 ਮਹਾਮਾਰੀ ਤੋਂ ਬਾਅਦ ਕਾਮਿਆਂ ਨੂੰ ਦੇਸ਼ ਵਿਚ ਲਿਆਉਣ ਦੀ ਮੰਗ ਕੀਤੀ ਗਈ ਸੀ। ਉਸਨੇ ਕਿਹਾ, "ਅਸੀਂ ਕਾਮਿਆਂ ਨੂੰ ਸੱਦਾ ਦਿੱਤਾ ਕਿਉਂਕਿ ਉਸ ਸਮੇਂ ਇਹ ਸਹੀ ਚੋਣ ਸੀ। ਸਾਡੀ ਆਰਥਿਕਤਾ ਵਧੀ। ਰੈਸਟੋਰੈਂਟ ਅਤੇ ਸਟੋਰ ਦੁਬਾਰਾ ਖੁੱਲ੍ਹੇ, ਕਾਰੋਬਾਰ ਚੱਲਦੇ ਰਹੇ ਪਰ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਬਹੁਤ ਸਾਰੇ ਅਰਥਸ਼ਾਸਤਰੀਆਂ ਦੇ ਪੂਰਵ-ਅਨੁਮਾਨਾਂ ਦੇ ਬਾਵਜੂਦ ਅਸੀਂ ਮੰਦੀ ਤੋਂ ਬਚ ਗਏ। ਕੁਝ ਲੋਕਾਂ ਨੇ ਇਸ ਮੌਕੇ ਦੀ ਵਰਤੋਂ ਸਿਸਟਮ ਨੂੰ ਧੋਖਾ ਦੇਣ ਅਤੇ ਮੁਨਾਫ਼ਾ ਕਮਾਉਣ ਦੇ ਮੌਕੇ ਵਜੋਂ ਦੇਖਿਆ।"

ਟਰੂਡੋ ਨੇ ਅੱਗੇ ਕਿਹਾ, "ਬਹੁਤ ਸਾਰੇ ਕਾਲਜ ਅਤੇ ਯੂਨੀਵਰਸਿਟੀਆਂ ਆਪਣੇ ਮੁਨਾਫੇ ਨੂੰ ਵਧਾਉਣ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵਰਤੋਂ ਕਰਦੀਆਂ ਹਨ। ਇਸ ਧੋਖਾਧੜੀ ਨੂੰ ਰੋਕਣ ਦੀ ਲੋੜ ਹੈ।" ਉਨ੍ਹਾਂ ਕਿਹਾ ਕਿ ਕੁਝ ਸਿੱਖਿਆ ਸੰਸਥਾਵਾਂ ਦੁਆਰਾ ਘਰੇਲੂ ਵਿਦਿਆਰਥੀਆਂ ਦੁਆਰਾ ਅਦਾ ਕੀਤੀ ਰਕਮ ਦੇ ਮੁਕਾਬਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਹਜ਼ਾਰਾਂ ਡਾਲਰ ਹੋਰ ਵਸੂਲਣ ਲਈ ਜ਼ਿੰਮੇਵਾਰ ਠਹਿਰਾਇਆ। ਉਸ ਨੇ ਕਿਹਾ, "ਕੁਝ ਬੁਰੇ ਲੋਕ ਹਨ, ਜੋ ਨੌਕਰੀਆਂ, ਡਿਪਲੋਮੇ ਅਤੇ ਨਾਗਰਿਕਤਾ ਦੇ ਆਸਾਨ ਰਸਤੇ ਦੇ ਵਾਅਦਿਆਂ ਨਾਲ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ।" ਟਰੂਡੋ ਨੇ ਇਹ ਵੀ ਮੰਨਿਆ ਕਿ ਕੈਨੇਡਾ ਨੇ ਇਨ੍ਹਾਂ ਚੁਣੌਤੀਆਂ ਦਾ ਜਵਾਬ ਦੇਣ ਵਿਚ ਦੇਰੀ ਕੀਤੀ ਸੀ। ਉਸ ਨੇ ਕਿਹਾ, "ਜਦੋਂ ਮਹਾਮਾਰੀ ਤੋਂ ਬਾਅਦ ਸਥਿਤੀ ਠੀਕ ਹੋ ਗਈ ਹੈ ਅਤੇ ਕਾਰੋਬਾਰਾਂ ਨੂੰ ਹੁਣ ਵਾਧੂ ਕਰਮਚਾਰੀਆਂ ਦੀ ਜ਼ਰੂਰਤ ਨਹੀਂ ਹੈ।"

ਉਨ੍ਹਾਂ ਕਿਹਾ ਕਿ ਕੈਨੇਡਾ ਅਗਲੇ ਦੋ ਸਾਲਾਂ ਲਈ ਪ੍ਰਭਾਵੀ ਤੌਰ 'ਤੇ ਜਨਸੰਖਿਆ ਦੇ ਵਾਧੇ ਨੂੰ ਰੋਕਣਾ ਚਾਹੁੰਦਾ ਹੈ ਅਤੇ 2027 ਤੋਂ ਬਾਅਦ ਹੌਲੀ-ਹੌਲੀ ਇਸ ਨੂੰ ਟਿਕਾਊ ਰਫ਼ਤਾਰ ਤੱਕ ਵਧਾਉਣਾ ਸ਼ੁਰੂ ਕਰੇਗਾ। ਗੌਰਤਲਬ ਹੈ ਕਿ ਕੈਨੇਡਾ ਨੇ ਸਥਾਈ ਨਿਵਾਸ ਦੀ ਗਿਣਤੀ ਲਗਾਤਾਰ ਘਟਾਈ ਹੈ। 24 ਅਕਤੂਬਰ ਨੂੰ ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ, ਆਈ.ਆਰ.ਸੀ.ਸੀ. ਦੁਆਰਾ ਘੋਸ਼ਿਤ ਕੀਤੀ ਗਈ ਨਵੀਂ ਯੋਜਨਾ 2025 ਵਿਚ ਪ੍ਰਸਤਾਵਿਤ 500,000 ਤੋਂ 395,000 ਤੱਕ ਘਟੇਗੀ। ਇਸੇ ਤਰ੍ਹਾਂ 2026 ਲਈ ਇਹ ਗਿਣਤੀ 5,00,000 ਤੋਂ ਘਟਾ ਕੇ 380,000 ਕੀਤੀ ਜਾ ਰਹੀ ਹੈ। 2027 ਦਾ ਟੀਚਾ 3,65,000 ਹੈ। ਇਸ ਸਾਲ ਜਾਰੀ ਕੀਤੇ ਗਏ ਪੀ.ਆਰਜ਼ ਦੀ ਗਿਣਤੀ 4,85,000 ਸੀ। 18 ਸਤੰਬਰ ਨੂੰ ਆਈ.ਆਰ.ਸੀ.ਸੀ. ਨੇ ਕਿਹਾ ਕਿ 2025 ਲਈ ਸਟੱਡੀ ਪਰਮਿਟ ਜਾਰੀ ਕਰਨ ਦੀ ਸੀਮਾ 437,000 ਹੋਵੇਗੀ, ਜੋ ਇਸ ਸਾਲ ਲਈ 485,000 ਦੇ ਟੀਚੇ ਤੋਂ ਘੱਟ ਹੈ।

ਪ੍ਰਵਾਸੀਆਂ ਦੀ ਗਿਣਤੀ ਵਿਚ ਲਗਾਤਾਰ ਹੋ ਰਹੇ ਵਾਧੇ ਦੇ ਨਾਲ-ਨਾਲ ਕੈਨੇਡਾ ਵਿਚ ਘਰਾਂ ਦੀਆਂ ਕੀਮਤਾਂ ਵਿਚ ਵੀ ਵਾਧਾ ਹੋਣ ਕਾਰਨ ਲੋਕਾਂ ਨੂੰ ਰਹਿਣ-ਸਹਿਣ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਕਾਰਨ ਅਗਲੀਆਂ ਚੋਣਾਂ ਵਿਚ ਸੱਤਾਧਾਰੀ ਲਿਬਰਲ ਪਾਰਟੀ ਦੇ ਮੁੜ ਸੱਤਾ ਵਿਚ ਆਉਣ ਦੀਆਂ ਸੰਭਾਵਨਾਵਾਂ ਵੀ ਘਟਦੀਆਂ ਜਾ ਰਹੀਆਂ ਹਨ। ਕੈਨੇਡਾ ਵਿਚ ਅਕਤੂਬਰ 2025 ਵਿਚ ਚੋਣਾਂ ਹੋਣੀਆਂ ਹਨ। ਇਸ ਤੋਂ ਪਹਿਲਾਂ ਟਰੂਡੋ ਸਰਕਾਰ ਨੂੰ ਹਾਊਸ ਆਫ ਕਾਮਨਜ਼ ਵਿਚ ਬੇਭਰੋਸਗੀ ਮਤੇ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# 40 ਤੋਂ ਵੱਧ ਅਮਰੀਕੀ ਸੰਸਦ ਮੈਂਬਰਾਂ ਵੱਲੋਂ ਇਮਰਾਨ ਖਾਨ ਦੀ ਰਿਹਾਈ ਲਈ ਪੱਤਰ 'ਤੇ ਦਸਤਖ਼ਤ

**ਵਾਸ਼ਿੰਗਟਨ ਡੀ.ਸੀ.**, (ਪੰਜਾਬ ਮੇਲ)- ਇੱਕ ਵੱਡੇ ਘਟਨਾਕ੍ਰਮ ਵਿਚ 40 ਤੋਂ ਵੱਧ ਅਮਰੀਕੀ ਸੰਸਦ ਮੈਂਬਰਾਂ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਸਮੇਤ ਦੇਸ਼ ਦੇ ਹੋਰ ਸਾਰੇ ਸਿਆਸੀ ਕੈਦੀਆਂ ਦੀ ਤੁਰੰਤ ਰਿਹਾਈ ਦੀ ਵਕਾਲਤ ਕਰਨ ਲਈ ਕਿਹਾ ਹੈ। ਨਾਲ ਹੀ ਸੰਯੁਕਤ ਰਾਸ਼ਟਰ ਵਰਕਿੰਗ ਗਰੁੱਪ ਦੀ ਰਿਪੋਰਟ ਦੇ ਨਤੀਜਿਆਂ ਅਨੁਸਾਰ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਿਹਾ ਹੈ। ਜੀਓ ਟੀ.ਵੀ. ਨੇ ਇਸ ਸਬੰਧੀ ਜਾਣਕਾਰੀ ਦਿੱਤੀ।



ਬਾਹਰ ਜਾਣ ਵਾਲੇ ਰਾਸ਼ਟਰਪਤੀ ਬਾਇਡਨ ਨੂੰ ਲਿਖੇ ਇੱਕ ਪੱਤਰ ਵਿਚ ਕਾਂਗਰਸ ਦੇ ਲਗਭਗ 46 ਮੈਂਬਰਾਂ ਨੇ ਬਾਇਡਨ ਨੂੰ ਜੇਲ੍ਹ ਵਿਚ ਬੰਦ ਪ੍ਰਧਾਨ ਮੰਤਰੀ ਦੀ ਰਿਹਾਈ ਲਈ ਕਦਮ ਚੁੱਕਣ ਅਤੇ ਕਾਰਵਾਈ ਕਰਨ ਦੀ ਅਪੀਲ ਕੀਤੀ। ਇਸ ਵੇਰਵੇ ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.), ਅਮਰੀਕਨ ਵਿੰਗ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਸਾਂਝੇ ਕੀਤੇ ਹਨ। ਇਸ ਵਿਚ ਨੋਟ ਕੀਤਾ ਗਿਆ ਹੈ ਕਿ ਰਿਪਬਲਿਕਨ ਅਤੇ ਡੈਮੋਕ੍ਰੇਟਿਕ ਪਾਰਟੀਆਂ ਦੇ ਮੈਂਬਰਾਂ ਸਮੇਤ "ਅਮਰੀਕੀ ਪ੍ਰਤੀਨਿਧੀ ਸਭਾ ਦੇ 46 ਮੈਂਬਰਾਂ ਨੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਪੱਤਰ ਲਿਖ ਕੇ ਇਮਰਾਨ ਖਾਨ ਦੀ ਰਿਹਾਈ ਲਈ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ"। ਪੋਸਟ ਅਨੁਸਾਰ ਪੱਤਰ ਸਾਂਝੇ ਤੌਰ 'ਤੇ ਸੂਜ਼ਨ ਵਾਈਲਡ ਅਤੇ ਜੌਨ ਜੇਮਸ ਦੀ ਅਗਵਾਈ ਵਿਚ ਸੀ।

ਇਹ ਨੋਟ ਕਰਨਾ ਵੀ ਮਹੱਤਵਪੂਰਨ ਹੈ ਕਿ ਪੀ.ਟੀ.ਆਈ. ਨੇ ਕਿਹਾ ਕਿ ਪੱਤਰ ਵਿਚ ਅਮਰੀਕੀ ਰਾਜਦੂਤ ਡੋਨਾਲਡ ਬਲੋਮ ਦੀ ਭੂਮਿਕਾ ਅਤੇ 'ਪਾਕਿਸਤਾਨੀ ਅਮਰੀਕੀ ਭਾਈਚਾਰੇ ਦੀਆਂ ਚਿੰਤਾਵਾਂ ਨੂੰ ਆਪਣੇ ਕੰਮ ਵਿਚ ਸ਼ਾਮਲ ਕਰਨ ਵਿਚ ਅਸਫਲਤਾ' ਦੀ ਆਲੋਚਨਾ ਕੀਤੀ ਗਈ ਹੈ, ਜਿਸ ਵਿਚ 'ਸਿਆਸੀ ਕੈਦੀਆਂ ਦੀ ਰਿਹਾਈ, ਮਨੁੱਖੀ ਅਧਿਕਾਰਾਂ ਦੀ ਬਹਾਲੀ ਜਾਂ ਜਮਹੂਰੀ ਸਿਧਾਂਤਾਂ ਦਾ ਸਨਮਾਨ' ਦੀ ਵਕਾਲਤ ਵੀ ਸ਼ਾਮਲ ਹੈ। ਜੀਓ ਨਿਊਜ਼ ਮੁਤਾਬਕ ਪਾਕਿਸਤਾਨ ਨੇ ਮਤੇ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਇਹ "ਪਾਕਿਸਤਾਨ ਵਿਚ ਸਿਆਸੀ ਸਥਿਤੀ ਅਤੇ ਚੋਣ ਪ੍ਰਕਿਰਿਆ ਦੀ ਅਧੂਰੀ ਸਮਝ ਤੋਂ ਪੈਦਾ ਹੋਇਆ ਹੈ"। ਜੀਓ ਨਿਊਜ਼ ਅਨੁਸਾਰ ਬਾਇਡਨ ਨੂੰ ਲਿਖੇ ਆਪਣੇ ਪੱਤਰ ਵਿਚ ਅਮਰੀਕੀ ਸੰਸਦ ਮੈਂਬਰਾਂ ਨੇ ਐੱਚ. ਰੈਜ਼ 901 ਦੀ ਵਿਵਸਥਾ ਦਾ ਜ਼ਿਕਰ ਕੀਤਾ ਹੈ।

# ਕੈਨੇਡਾ 'ਚ 38 ਹਜ਼ਾਰ ਗ਼ੈਰਕਾਨੂੰਨੀ ਪ੍ਰਵਾਸੀਆਂ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ

- **ਸਰਕਾਰ ਵੱਲੋਂ ਅਗਲੇ ਸਾਲ ਤੱਕ ਕਰੀਬ 12 ਲੱਖ ਕੱਚੇ ਲੋਕਾਂ ਨੂੰ ਦੇਸ਼ 'ਚੋਂ ਕੱਢਣ ਦੀ ਤਿਆਰੀ**
- **ਕਾਰਵਾਈ ਤੇਜ਼ ਕਰਨ ਲਈ ਬਾਰਡਰ ਸਰਵਿਸ ਏਜੰਸੀ ਦੇ ਸਟਾਫ 'ਚ ਵਾਧਾ**
- **ਧੁੰਦਲਾ ਸਿਆਸੀ ਭਵਿੱਖ ਸੰਵਾਰਨ ਲਈ ਸਰਕਾਰ ਵੱਲੋਂ ਆਖਰੀ ਦਾਅ**

ਵੈਨਕੂਵਰ, (ਪੰਜਾਬ ਮੇਲ)- ਸਰਕਾਰ ਦੀਆਂ ਕਥਿਤ ਗਲਤ ਨੀਤੀਆਂ ਕਾਰਨ ਢਹਿ ਢੇਰੀ ਹੋਏ ਇਮੀਗ੍ਰੇਸ਼ਨ ਸਿਸਟਮ ਨੂੰ ਮੁੜ ਪੈਰਾਂ ਸਿਰ ਕਰਨ ਲਈ ਇਮੀਗ੍ਰੇਸ਼ਨ ਮੰਤਰੀ ਮਾਈਕ ਮਿਲਰ ਯਤਨਸ਼ੀਲ ਹਨ। ਸਰਕਾਰ ਅਗਲੇ ਸਾਲ ਤੱਕ ਕਰੀਬ 12 ਲੱਖ ਕੱਚੇ ਲੋਕਾਂ ਨੂੰ ਦੇਸ਼ 'ਚੋਂ ਕੱਢਣ ਦਾ ਮਨ ਬਣਾਈ ਬੈਠੀ ਹੈ ਅਤੇ ਇਸ ਕੰਮ 'ਚ ਤੇਜ਼ੀ ਲਿਆਉਣ ਲਈ ਬਾਰਡਰ ਸਰਵਿਸ ਏਜੰਸੀ (ਸੀ.ਬੀ.ਐੱਸ.ਏ.) ਦੇ ਅਮਲੇ ਦੀ ਨਫ਼ਰੀ 15 ਫੀਸਦੀ ਵਧਾਉਣ ਸਮੇਤ ਉਸ ਨੂੰ ਕੁਝ ਵਾਧੂ ਸ਼ਕਤੀਆਂ ਵੀ ਦੇ ਦਿੱਤੀਆਂ ਹਨ। ਸਰਕਾਰੀ ਵਿਭਾਗਾਂ ਦੇ ਸੂਤਰਾਂ ਅਨੁਸਾਰ ਏਜੰਸੀ ਕੋਲ 38,030 ਲੋਕਾਂ ਦੇ ਗ੍ਰਿਫਤਾਰੀ ਵਾਰੰਟ ਆ ਚੁੱਕੇ ਹਨ, ਜਿਨ੍ਹਾਂ ਨੂੰ ਅਗਲੇ ਦਿਨਾਂ 'ਚ ਉਨ੍ਹਾਂ ਦੇ ਪਿੱਤਰੀ ਦੇਸ਼ ਭੇਜਣ ਦੀ ਤਿਆਰੀ ਕੀਤੀ ਜਾ ਚੁੱਕੀ ਹੈ। ਇਨ੍ਹਾਂ 'ਚੋਂ ਬਹੁਤੇ ਉਹ ਹਨ, ਜੋ ਸੈਲਾਨੀ ਬਣ ਕੇ ਕੈਨੇਡਾ ਪੁੱਜੇ ਤੇ ਇਥੋਂ ਦੇ ਸਿਸਟਮ ਨਾਲ ਖਿਲਵਾੜ (ਅਣ-ਅਧਿਕਾਰਤ ਤੌਰ 'ਤੇ ਕੰਮ) ਕਰਦਿਆਂ ਫੜੇ ਗਏ। ਕੁਝ ਉਹ ਵੀ ਹਨ, ਜੋ ਵੀਜ਼ੇ ਜਾਂ ਵਰਕ ਪਰਮਿਟ ਦੀ ਮਿਆਦ ਖਤਮ ਹੋਣ ਤੋਂ ਬਾਅਦ ਇੱਥੇ ਹੀ ਟਿਕ ਗਏ। ਪਤਾ ਲੱਗਾ ਹੈ ਕਿ ਕੈਨੇਡਾ ਪਹੁੰਚੇ ਲੋਕਾਂ ਵੱਲੋਂ ਪੱਕੇ ਰਿਹਾਇਸ਼ੀ (ਪੀ.ਆਰ.) ਬਣਨ ਲਈ ਜਮ੍ਹਾਂ ਕਰਵਾਈਆਂ ਫਾਈਲਾਂ ਦੀ ਗਿਣਤੀ ਢਾਈ ਲੱਖ ਤੋਂ ਟੱਪ ਗਈ ਹੈ। ਇੰਨੀਆਂ ਫਾਈਲਾਂ ਦੇ ਨਿਬੇੜੇ ਲਈ ਆਮ ਤੌਰ 'ਤੇ 4-5 ਸਾਲ ਲੱਗਦੇ ਹਨ ਪਰ ਹੁਣ ਇਨ੍ਹਾਂ ਦਾ ਕੁਝ ਮਹੀਨਿਆਂ ਵਿਚ ਨਿਬੇੜਾ ਕਰਨ ਦੇ ਢੰਗ ਲੱਭੇ ਗਏ ਹਨ। ਆਵਾਸ ਮੰਤਰੀ ਦੇ ਨਿਰਦੇਸ਼ਾਂ ਹੇਠ ਵਿਭਾਗ ਵੱਲੋਂ ਫਾਈਲਾਂ ਦੇ ਇਸ ਢੇਰ ਦਾ ਵਰਗੀਕਰਨ ਕਰਕੇ, ਹਰ ਵਰਗ ਨੂੰ ਸਮੁੱਚੇ ਰੂਪ ਵਿਚ ਖਾਸ ਨੀਤੀਆਂ ਦੇ ਸਕੈਨਰ 'ਚੋਂ ਲੰਘਾ ਕੇ ਕੁਝ ਹਫਤਿਆਂ 'ਚ ਹਾਂ ਜਾਂ ਨਾਂ ਕਰਨ ਦੀ ਤਿਆਰੀ ਕਰ ਲਈ ਗਈ ਹੈ। ਬੇਸ਼ੱਕ ਕੱਚੇ ਲੋਕਾਂ ਦੀ ਐਨੀ ਵੱਡੀ ਗਿਣਤੀ ਨਾਲ ਸਿੱਝਣਾ ਸਰਕਾਰ ਲਈ ਸੌਖਾ ਕੰਮ ਨਹੀਂ। ਇਸੇ ਲਈ ਆਵਾਸ ਮੰਤਰੀ ਵੱਲੋਂ ਕੰਮ ਕਰਨ ਦੇ ਬੁਨਿਆਦੀ ਢਾਂਚੇ 'ਚ ਵੀ ਬਦਲਾਅ ਕੀਤੇ ਜਾ ਰਹੇ ਹਨ, ਤਾਂ ਕਿ ਅਗਲੇ ਸਾਲ 'ਚ ਮੌਜੂਦਾ ਅਬਾਦੀ ਨੂੰ ਬਰੇਕ ਹੀ ਨਹੀਂ, ਸਗੋਂ ਮੋੜਾ ਦੇ ਕੇ ਮਿੱਥੇ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕੇ।

ਪਿਛਲੇ ਮਹੀਨਿਆਂ ਵਿਚ ਹੋਈਆਂ ਕੁਝ ਸੰਸਦੀ ਉਪ ਚੋਣਾਂ ਵਿਚ ਸੱਤਾਧਾਰੀ ਲਿਬਰਲ ਪਾਰਟੀ ਦੇ ਉਮੀਦਵਾਰਾਂ ਦੀ ਝੋਲੀ ਪਈਆਂ ਨਾਮੋਸ਼ੀਜਨਕ ਹਾਰਾਂ ਤੋਂ ਸਰਕਾਰ ਨੂੰ ਆਪਣਾ ਭਵਿੱਖ ਦਿੱਸਣ ਲੱਗਾ ਹੈ ਤੇ ਆਖਰੀ ਦਾਅ ਵਜੋਂ ਸਰਕਾਰ ਨੇ ਸਖ਼ਤ ਕਦਮ ਚੁੱਕਣ ਦੀ ਝਿਜਕ ਲਾਹ ਦਿੱਤੀ ਹੈ। ਸਰਕਾਰ ਕੋਲ ਪਹੁੰਚੇ ਅੰਕੜਿਆਂ ਅਨੁਸਾਰ ਦੇਸ਼ 'ਚ 12,62,801 ਲੋਕ ਗੈਰਕਨੂੰਨੀ ਢੰਗ ਨਾਲ ਰਹਿ ਰਹੇ ਹਨ, ਜਿਨ੍ਹਾਂ ਨੂੰ ਵਾਪਸ ਭੇਜਣ ਤੋਂ ਬਾਅਦ ਹੀ ਸਿਹਤ, ਰਿਹਾਇਸ਼ ਅਤੇ ਰੁਜ਼ਗਾਰ ਮੌਕਿਆਂ ਦੇ ਸੰਤੁਲਨ ਵਿਚ ਆਏ ਵਿਗਾੜ ਨੂੰ ਮੁੜ ਪੈਰਾਂ ਸਿਰ ਕੀਤਾ ਜਾ ਸਕਦਾ ਹੈ।

ਆਬਾਦੀ ਅਤੇ ਸੇਵਾਵਾਂ ਦਾ ਸੰਤੁਲਨ ਠੀਕ ਕਰਨ ਦੀ ਸ਼ੁਰੂਆਤ ਤਾਂ ਸਰਕਾਰ ਨੇ ਵਿਦੇਸ਼ੀਆਂ ਦੇ ਵਰਕ ਪਰਮਿਟਾਂ ਦੇ ਨਵੀਨੀਕਰਨ ਉੱਤੇ ਸਖ਼ਤ ਪਬੰਦੀਆਂ ਨਾਲ ਪਿਛਲੇ ਸਾਲ ਤੋਂ ਹੀ ਕਰ ਦਿੱਤੀ ਸੀ। ਸੀ.ਬੀ.ਐੱਸ.ਏ. ਦੇ ਸੂਤਰਾਂ ਅਨੁਸਾਰ ਢਾਈ ਹਜ਼ਾਰ ਤੋਂ ਵੱਧ ਕੱਚੇ ਲੋਕਾਂ ਨੂੰ ਅਗਲੇ ਹਫਤੇ ਵਾਪਸ ਭੇਜਣ ਦੇ ਪ੍ਰਬੰਧ ਹੋ ਚੁੱਕੇ ਹਨ।

## ਟਰੂਡੋ ਨੇ ਇਮੀਗ੍ਰੇਸ਼ਨ ਨੀਤੀ ਵਿਚ ਖ਼ਾਮੀਆਂ ਮੰਨੀਆਂ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਨਿਆ ਕਿ ਉਨ੍ਹਾਂ ਦੀ ਸਰਕਾਰ ਨੇ ਇਮੀਗ੍ਰੇਸ਼ਨ ਨੀਤੀ ਵਿਚ ਗਲਤੀਆਂ ਕੀਤੀਆਂ ਹਨ, ਜਿਸ ਕਾਰਨ 'ਫਰਜ਼ੀ ਕਾਲਜਾਂ' ਅਤੇ ਵੱਡੀਆਂ ਕਾਰਪੋਰੇਸ਼ਨਾਂ ਵੱਲੋਂ ਆਪਣੇ ਨਿੱਜੀ ਹਿੱਤਾਂ ਲਈ ਸਿਸਟਮ ਦਾ ਸ਼ੋਸ਼ਣ ਕੀਤਾ ਗਿਆ। ਟਰੂਡੋ ਦਾ ਇਹ ਬਿਆਨ ਕੈਨੇਡਾ 'ਚ 2025 'ਚ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਲਿਬਰਲ ਪਾਰਟੀ ਦੀ ਲੋਕਪ੍ਰਿਅਤਾ 'ਚ ਆਈ ਕਮੀ ਦੌਰਾਨ ਆਇਆ ਹੈ। ਪ੍ਰਧਾਨ ਮੰਤਰੀ ਨੂੰ ਦੇਸ਼ ਵਿਚ ਰਿਹਾਇਸ਼ ਦੀ ਘਾਟ, ਮਹਿੰਗਾਈ ਅਤੇ ਸਿਹਤ ਤੇ ਆਵਾਜਾਈ ਪ੍ਰਣਾਲੀ 'ਚ ਆ ਰਹੇ ਵਿਗਾੜ ਕਾਰਨ ਆਪਣੀਆਂ ਨੀਤੀਆਂ ਲਈ ਲੋਕਾਂ ਦੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਰੂਡੋ ਨੇ ਆਪਣੇ ਯੂਟਿਊਬ ਚੈਨਲ 'ਤੇ ਸਾਂਝੀ ਕੀਤੀ ਵੀਡੀਓ ਵਿਚ ਕਿਹਾ, 'ਪਿਛਲੇ ਦੋ ਸਾਲਾਂ 'ਚ ਸਾਡੀ ਆਬਾਦੀ ਵਿਚ ਤੇਜ਼ੀ ਨਾਲ ਵਾਧਾ ਹੋਇਆ। ਫਰਜ਼ੀ ਕਾਲਜ ਅਤੇ ਵੱਡੀਆਂ ਚੇਨ ਕਾਰਪੋਰੇਸ਼ਨਾਂ ਆਪਣੇ ਹਿੱਤਾਂ ਲਈ ਸਾਡੀ ਇਮੀਗ੍ਰੇਸ਼ਨ ਪ੍ਰਣਾਲੀ ਦਾ ਸ਼ੋਸ਼ਣ ਕਰ ਰਹੀਆਂ ਹਨ। ਇਸ ਨਾਲ ਨਜਿੱਠਣ ਲਈ ਅਸੀਂ ਅਗਲੇ ਤਿੰਨ ਸਾਲ ਕੈਨੇਡਾ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਘਟਾ ਰਹੇ ਹਾਂ।' ਉਨ੍ਹਾਂ ਆਪਣੀ ਸਰਕਾਰ ਦੀ ਕਾਰਵਾਈ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ, 'ਅਸੀਂ ਕੁਝ ਗਲਤੀਆਂ ਕੀਤੀਆਂ, ਇਸੇ ਲਈ ਅਸੀਂ ਵੱਡਾ ਕਦਮ ਚੁੱਕ ਰਹੇ ਹਾਂ।'

## ਕੈਨੇਡਾ 'ਚ ਪੜ੍ਹਨ ਆਉਂਦੇ ਵਿਦਿਆਰਥੀਆਂ 'ਚ ਬਹੁਗਿਣਤੀ ਭਾਰਤੀ

ਭਾਰਤ ਦੇ ਹਾਈ ਕਮਿਸ਼ਨ ਅਨੁਸਾਰ ਕੈਨੇਡਾ 'ਚ ਪੜ੍ਹਨ ਆਉਂਦੇ ਵਿਦਿਆਰਥੀਆਂ 'ਚ ਬਹੁਗਿਣਤੀ ਭਾਰਤੀ ਹਨ। ਅੰਦਾਜ਼ੇ ਅਨੁਸਾਰ 4,27,000 ਭਾਰਤੀ ਵਿਦਿਆਰਥੀ ਕੈਨੇਡਾ ਵਿਚ ਪੜ੍ਹ ਰਹੇ ਹਨ। ਟਰੂਡੋ ਨੇ ਕਿਹਾ ਕਿ ਸਾਲਾਂ ਤੋਂ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਸਿਰਫ ਸਥਾਈ ਇਮੀਗ੍ਰੇਸ਼ਨ 'ਤੇ ਕੇਂਦਰਿਤ ਰਹੀ ਹੈ। ਲੋਕ ਆਪੋ-ਆਪਣੇ ਪਰਿਵਾਰਾਂ ਨਾਲ ਕੈਨੇਡਾ ਵਸਣ ਲਈ ਆਉਂਦੇ ਹਨ ਅਤੇ ਸਰਕਾਰ ਇਹ ਫੈਸਲਾ ਕਰਦੀ ਹੈ ਕਿ ਉਹ ਹਰ ਸਾਲ ਕਿੰਨੇ ਸਥਾਈ ਵਸਨੀਕਾਂ ਨੂੰ ਦਾਖਲ ਕਰਨਾ ਚਾਹੁੰਦੀ ਹੈ। ਹਾਲਾਂਕਿ ਇਸ ਦੌਰਾਨ ਅਸਥਾਈ ਇਮੀਗ੍ਰੇਸ਼ਨ ਵਿਚਾਲੇ ਹੀ ਰਹਿ ਗਈ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਨਵੀਂ ਇਮੀਗ੍ਰੇਸ਼ਨ ਯੋਜਨਾ ਅਨੁਸਾਰ ਉਹ ਸਥਾਈ ਅਤੇ ਅਸਥਾਈ ਦੋਵਾਂ ਤਰ੍ਹਾਂ ਦੇ ਪ੍ਰਵਾਸੀਆਂ ਦੀ ਗਿਣਤੀ ਘੱਟ ਕਰਨਾ ਚਾਹੁੰਦੇ ਹਨ।



# ਕੈਨੇਡੀਅਨ ਇਮੀਗ੍ਰੇਸ਼ਨ ਅਧਿਕਾਰੀ ਦਾ ਖੁਲਾਸਾ; 10 ਹਜ਼ਾਰ ਵਿਦਿਆਰਥੀਆਂ ਦੇ ਮਨਜ਼ੂਰੀ ਪੱਤਰ ਫਰਜ਼ੀ !

**ਓਟਾਵਾ, (ਪੰਜਾਬ ਮੇਲ)-** ਕੈਨੇਡਾ ਪੜ੍ਹਾਈ ਲਈ ਜਾਣ ਵਾਲੇ ਵਿਦਿਆਰਥੀਆਂ ਲਈ ਇਕ ਬਹੁਤ ਹੀ ਹੈਰਾਨ ਕਰਨ ਵਾਲੀ ਤੇ ਚਿੰਤਾ ਵਾਲੀ ਖਬਰ ਸਾਹਮਣੇ ਆਈ ਹੈ। ਕੈਨੇਡਾ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਇੰਚਾਰਜ ਇਮੀਗ੍ਰੇਸ਼ਨ ਅਧਿਕਾਰੀ ਨੇ ਖੁਲਾਸਾ ਕੀਤਾ ਹੈ ਕਿ ਇਸ ਸਾਲ ਕੈਨੇਡੀਅਨ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ 10,000 ਤੋਂ ਵੱਧ ਵਿਦੇਸ਼ੀ ਵਿਦਿਆਰਥੀ ਮਨਜ਼ੂਰੀ ਪੱਤਰਾਂ ਨੂੰ ਸੰਭਾਵੀ ਤੌਰ 'ਤੇ ਫਰਾਡ ਦੱਸਿਆ ਗਿਆ ਹੈ।

ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਵੱਲੋਂ ਜਾਰੀ ਅੰਕੜਿਆਂ ਵਿਚ ਬਹੁਤ ਸਾਰੇ ਵਿਦੇਸ਼ੀ ਵਿਦਿਆਰਥੀ ਮਿਲੇ ਹਨ, ਜਿਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਕੋਲ ਪੜ੍ਹਨ ਲਈ ਇੱਕ ਅਸਲੀ ਜਗ੍ਹਾ ਹੈ ਪਰ ਹੋ ਸਕਦਾ ਹੈ ਕਿ ਕੈਨੇਡਾ 'ਚ ਦਾਖਲ ਹੋਣ ਲਈ ਅਰਜ਼ੀ ਵਿਚ ਹੋ ਇਕ ਫਰਜ਼ੀ ਪੱਤਰ ਨੱਥੀ ਕਰ ਰਹੇ ਹੋਣ।

ਪਿਛਲੇ ਸਾਲ ਸਥਾਈ ਨਿਵਾਸ ਲਈ ਅਰਜ਼ੀ ਦੇਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਇੱਕ ਸਮੂਹ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਕਰਨ ਤੋਂ ਬਾਅਦ



ਸਖ਼ਤ ਜਾਂਚਾਂ ਦੀ ਸ਼ੁਰੂਆਤ ਕੀਤੀ ਗਈ ਸੀ ਕਿਉਂਕਿ ਭਾਰਤ ਵਿਚ ਇੱਕ ਗੈਰ-ਲਾਇਸੈਂਸੀ ਇਮੀਗ੍ਰੇਸ਼ਨ ਸਲਾਹਕਾਰ ਨੇ ਅਧਿਐਨ ਪਰਮਿਟ ਲਈ ਆਪਣੀਆਂ ਅਰਜ਼ੀਆਂ ਦੇ ਨਾਲ ਜਾਅਲੀ ਸਵੀਕ੍ਰਿਤੀ ਪੱਤਰ ਜਮ੍ਹਾਂ ਕਰਵਾਏ ਸਨ।

ਇਮੀਗ੍ਰੇਸ਼ਨ ਵਿਭਾਗ 'ਚ ਅੰਤਰਰਾਸ਼ਟਰੀ ਵਿਦਿਆਰਥੀ ਸ਼ਾਖਾ ਦੇ ਡਾਇਰੈਕਟਰ-ਜਨਰਲ ਬ੍ਰੌਨਵਿਨ ਮੇਅ ਨੇ ਪਿਛਲੇ ਹਫ਼ਤੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਜਦੋਂ ਤੋਂ ਆਈ.ਆਰ.ਸੀ.ਸੀ. ਨੇ ਪਿਛਲੇ ਸਾਲ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਮਨਜ਼ੂਰੀ ਪੱਤਰਾਂ ਦੀ ਪੁਸ਼ਟੀ ਕਰਨੀ ਸ਼ੁਰੂ ਕੀਤੀ ਹੈ। ਅਧਿਕਾਰੀਆਂ ਨੇ "ਮਨਜ਼ੂਰੀ ਦੇ 10,000 ਤੋਂ ਵੱਧ ਸੰਭਾਵੀ ਤੌਰ 'ਤੇ ਧੋਖਾਧੜੀ ਵਾਲੇ ਪੱਤਰਾਂ ਨੂੰ ਰੋਕਿਆ ਹੈ।"

ਉਸ ਨੇ ਕਿਹਾ ਕਿ ਵਿਭਾਗ ਦੁਆਰਾ ਪਿਛਲੇ 10 ਮਹੀਨਿਆਂ ਵਿਚ ਜਾਂਚ ਕੀਤੀਆਂ ਗਈਆਂ ਸਟੱਡੀ ਪਰਮਿਟ ਅਰਜ਼ੀਆਂ ਨਾਲ ਜੁੜੇ 500,000 ਮਨਜ਼ੂਰੀ ਪੱਤਰਾਂ ਵਿਚੋਂ 93 ਫੀਸਦੀ ਕਾਲਜ ਜਾਂ ਯੂਨੀਵਰਸਿਟੀ ਸਹੀ ਤਸਦੀਕ ਕੀਤੀਆਂ ਗਈਆਂ। ਪਰ 2 ਪ੍ਰਤੀਸ਼ਤ ਗੈਰ ਪ੍ਰਮਾਣਿਕ, 1 ਫੀਸਦੀ ਦੀ ਜਗ੍ਹਾ ਕਾਲਜ ਜਾਂ ਯੂਨੀਵਰਸਿਟੀ ਦੁਆਰਾ ਰੱਦ ਕਰ ਦਿੱਤੀ ਗਈ ਸੀ, ਜਦੋਂਕਿ ਦੂਜੇ ਮਾਮਲਿਆਂ 'ਚ ਕਾਲਜ ਅਤੇ ਯੂਨੀਵਰਸਿਟੀਆਂ ਇਹ ਦੱਸਣ ਵਿਚ ਅਸਫਲ ਰਹੀਆਂ ਕਿ ਕੀ ਬਿਨੈਕਾਰਾਂ ਨੂੰ ਪੜ੍ਹਨ ਲਈ ਜਗ੍ਹਾ ਦੀ ਪੇਸ਼ਕਸ਼ ਕਰਨ ਵਾਲੇ ਪੱਤਰ ਅਸਲ ਸਨ। ਉਸ ਨੇ ਕਾਮਨਜ਼ ਇਮੀਗ੍ਰੇਸ਼ਨ ਕਮੇਟੀ ਨੂੰ ਦੱਸਿਆ ਕਿ ਆਈ.ਆਰ.ਸੀ.ਸੀ. ਫਰਜ਼ੀ ਪੱਤਰਾਂ ਦੇ ਸਰੋਤ ਬਾਰੇ ਹੋਰ ਪੁੱਛਗਿੱਛ ਕਰ ਰਹੀ ਹੈ।

ਐਨੀ ਬਿਊਡੋਇਨ, ਇੱਕ ਸਾਬਕਾ ਇਮੀਗ੍ਰੇਸ਼ਨ ਅਧਿਕਾਰੀ ਜੋ ਹੁਣ ਇੱਕ ਰਜਿਸਟਰਡ ਇਮੀਗ੍ਰੇਸ਼ਨ ਸਲਾਹਕਾਰ ਹੈ, ਨੇ ਕਿਹਾ ਕਿ ਉਹ ਸੰਭਾਵੀ ਧੋਖਾਧੜੀ ਦੇ ਪੈਮਾਨੇ ਤੋਂ ਹੈਰਾਨ ਨਹੀਂ ਸੀ। ਉਸਨੇ ਕਿਹਾ ਕਿ ਵਿਸਤ੍ਰਿਤ ਪ੍ਰਣਾਲੀ ਦੀ ਸ਼ੁਰੂਆਤ ਤੋਂ ਪਹਿਲਾਂ, ਪ੍ਰਸ਼ਨਾਤਮਕ ਸਵੀਕ੍ਰਿਤੀ ਪੱਤਰਾਂ ਨੂੰ ਵੇਖਣਾ ਅਸਾਧਾਰਨ ਨਹੀਂ ਸੀ। ਇੱਕ ਮਾਮਲੇ ਵਿਚ ਉਸਨੇ ਨੌਜਵਾਨ ਕੋਰੀਆਈ ਔਰਤਾਂ ਦੇ ਇੱਕ ਸਮੂਹ ਨੂੰ ਦੇਖਿਆ। ਸਾਰੀਆਂ ਨੂੰ ਇੱਕੋ ਸੰਸਥਾ ਤੋਂ ਇੱਕੋ ਮਨਜ਼ੂਰੀ ਪੱਤਰ ਮਿਲੇ ਸਨ। ਮੰਨਿਆ ਜਾ ਰਿਹਾ ਹੈ ਕਿ ਉਹ ਸੈਕਸ-ਤਸਕਰੀ ਦੀ ਕਾਰਵਾਈ ਨਾਲ ਜੁੜੇ ਹੋਏ ਸਨ।

ਉਸ ਨੇ ਕਿਹਾ ਕਿ ਇਹ ਧੋਖਾਧੜੀ ਦੀ ਵੱਡੀ ਕਾਰਵਾਈ ਹੈ। ਅਸੀਂ ਖੁਸ਼ ਸੀ, ਜਦੋਂ ਆਈ.ਆਰ.ਸੀ.ਸੀ. ਨੇ ਇਹ ਜਾਂਚ ਕਰਨ ਦਾ ਇੱਕ ਤੇਜ਼, ਕੁਸ਼ਲ ਤਰੀਕਾ ਰੱਖਿਆ ਕਿ ਕੀ ਮਨਜ਼ੂਰੀ ਪੱਤਰ ਅਸਲੀ ਜਾਰੀ ਕੀਤੇ ਗਏ ਸਨ।

ਐੱਨ.ਡੀ.ਪੀ. ਇਮੀਗ੍ਰੇਸ਼ਨ ਆਲੋਚਕ ਜੈਨੀ ਕਵਾਨ ਨੇ ਕਿਹਾ ਕਿ ਸਰਕਾਰ ਵੱਲੋਂ ਹਾਲ ਹੀ ਵਿਚ 10,000 ਜਾਅਲੀ ਦਾਖਲਾ ਪੱਤਰਾਂ ਦਾ ਪਰਦਾਫਾਸ਼ ਕੀਤੇ ਜਾਣ ਦਾ ਖੁਲਾਸਾ ਬਹੁਤ ਚਿੰਤਾਜਨਕ ਹੈ। ਇਹ ਗੈਰ-ਸੰਵੇਦਨਸ਼ੀਲ ਹੈ ਕਿ ਲਿਬਰਲਾਂ ਨੇ ਬੇਈਮਾਨਾਂ ਨੂੰ ਇੰਨੇ ਲੰਬੇ ਸਮੇਂ ਤੱਕ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸ਼ੋਸ਼ਣ ਅਤੇ ਦੁਰਵਿਵਹਾਰ ਕਰਨ ਦੀ ਇਜਾਜ਼ਤ ਦਿੱਤੀ। ਸਰਕਾਰ ਨੂੰ ਨਾ ਸਿਰਫ ਇਹ ਪਛਾਣ ਕਰਨ ਦੀ ਜ਼ਰੂਰਤ ਹੈ ਕਿ ਉਹ ਕੌਣ ਹਨ, ਬਲਕਿ ਉਨ੍ਹਾਂ ਨੂੰ ਉਨ੍ਹਾਂ ਸੰਸਥਾਵਾਂ ਦੀ ਵੀ ਪਛਾਣ ਕਰਨ ਦੀ ਜ਼ਰੂਰਤ ਹੈ, ਜੋ ਕਿਸੇ ਵੀ ਧੋਖਾਧੜੀ ਦੀਆਂ ਯੋਜਨਾਵਾਂ ਵਿਚ ਸਹਿਯੋਗ ਕਰ ਸਕਦੇ ਹਨ।

# ਟਰੂਡੋ ਸਰਕਾਰ ਵੱਲੋਂ ਪ੍ਰਦਰਸ਼ਨ 'ਚ ਸ਼ਾਮਲ ਹੋਏ ਪੁਲਿਸ ਅਧਿਕਾਰੀ ਸੋਹੀ ਨੂੰ ਕਲੀਨ ਚਿੱਟ

**ਓਟਾਵਾ, (ਪੰਜਾਬ ਮੇਲ)-** ਕੈਨੇਡੀਅਨ ਸਰਕਾਰ ਨੇ ਖਾਲਿਸਤਾਨ ਪੱਖੀ ਪ੍ਰਦਰਸ਼ਨ 'ਚ ਹਿੱਸਾ ਲੈਣ ਦੇ ਦੋਸ਼ 'ਚ ਮੁਅੱਤਲ ਕੀਤੇ ਗਏ ਇੱਕ ਪੁਲਿਸ ਅਧਿਕਾਰੀ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਇਸ ਪ੍ਰਦਰਸ਼ਨ ਵਿਚ ਸ਼ਾਮਲ ਲੋਕ ਬਰੈਂਪਟਨ ਦੇ ਇਕ ਹਿੰਦੂ ਮੰਦਰ ਦੇ ਕੈਂਪਸ ਵਿਚ ਗਏ ਅਤੇ ਸ਼ਰਧਾਲੂਆਂ 'ਤੇ ਹਮਲਾ ਕੀਤਾ।

ਕੈਨੇਡੀਅਨ ਖੇਤਰੀ ਪੁਲਿਸ ਨੇ ਕਿਹਾ ਕਿ ਮੰਦਰ ਹਮਲੇ ਦੀ ਵਾਇਰਲ ਵੀਡੀਓ 'ਚ ਦਿਖਾਈ ਦੇਣ ਵਾਲੇ ਪੁਲਿਸ ਅਧਿਕਾਰੀ ਹਰਿੰਦਰ ਸੋਹੀ ਆਤਮ ਸਮਰਪਣ ਕਰਨ ਤੋਂ ਇਨਕਾਰ ਕਰਨ ਵਾਲਿਆਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। 3 ਨਵੰਬਰ ਦੀਆਂ ਕਈ ਵੀਡੀਓਜ਼ 'ਚ ਸੋਹੀ ਨੂੰ ਖਾਲਿਸਤਾਨੀ ਝੰਡਾ ਲਹਿਰਾਉਂਦੇ ਹੋਏ ਦੇਖਿਆ ਗਿਆ।

ਹੁਣ ਕੈਨੇਡਾ ਦੀ ਸਥਾਨਕ ਪੀਲ ਪੁਲਿਸ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਅਧਿਕਾਰੀ ਨੇ ਜਾਂਚ ਦੌਰਾਨ ਕਾਨੂੰਨੀ ਤੌਰ 'ਤੇ ਆਪਣੀ ਡਿਊਟੀ ਨਿਭਾਈ। ਇਹ ਘਟਨਾ ਦੀਵਾਲੀ ਦੇ ਹਫਤੇ ਦੇ ਅੰਤ 'ਤੇ ਵਾਪਰੀ, ਜਦੋਂ ਖਾਲਿਸਤਾਨ ਪੱਖੀ ਪ੍ਰਦਰਸ਼ਨਕਾਰੀਆਂ ਨੇ ਬਰੈਂਪਟਨ ਦੇ ਹਿੰਦੂ ਸਭਾ ਮੰਦਰ ਵਿਚ ਦਾਖਲ ਹੋ ਕੇ ਭੰਨ-ਤੋੜ ਕੀਤੀ, ਜਿੱਥੇ ਭਾਰਤੀ ਹਾਈ ਕਮਿਸ਼ਨ ਨੇ ਇੱਕ ਜਨਤਕ ਕੈਂਪ ਲਗਾਇਆ ਸੀ। ਜਦੋਂ ਭੀੜ ਭਾਰਤ ਵਿਰੋਧੀ ਨਾਅਰੇ ਲਗਾ ਰਹੀ ਸੀ, ਤਾਂ ਪੀਲ ਪੁਲਿਸ ਦੇ ਸਾਰਜੈਂਟ ਸੋਹੀ ਨੇ ਖਾਲਿਸਤਾਨੀ ਝੰਡੇ ਫੜੇ ਹੋਏ ਸਨ।

ਹੁਣ ਸੋਹੀ ਨੂੰ ਕਲੀਨ ਚਿੱਟ ਦੇਣਾ ਹੈਰਾਨੀਜਨਕ ਹੈ। ਪੀਲ ਪੁਲਿਸ ਨੇ ਕਿਹਾ ਕਿ ਸੋਹੀ ਲੋਕਾਂ ਨੂੰ ਹਥਿਆਰਬੰਦ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਕਿਉਂਕਿ ਵੀਡੀਓ ਵਿਚ ਉਹ ਸਿਵਲੀਅਨ ਕੱਪੜਿਆਂ ਵਿਚ ਅਤੇ ਡਿਊਟੀ ਤੋਂ ਬਾਹਰ ਦਿਖਾਈ ਦੇ ਰਿਹਾ ਸੀ। ਪੁਲਿਸ ਨੇ ਕਿਹਾ ਕਿ ਮੰਦਰ ਦੇ ਨੇੜੇ ਵਿਰੋਧ ਪ੍ਰਦਰਸ਼ਨ ਤੇਜ਼ੀ ਨਾਲ ਵਧ ਗਿਆ, ਸੁਰੱਖਿਆ ਚਿੰਤਾਵਾਂ ਵਧੀਆਂ ਅਤੇ ਅਧਿਕਾਰੀਆਂ ਨੇ ਉਹ ਚੀਜ਼ਾਂ ਜ਼ਬਤ ਕਰ ਲਈਆਂ, ਜੋ ਹਥਿਆਰਾਂ ਵਜੋਂ ਵਰਤੀਆਂ ਜਾ ਸਕਦੀਆਂ ਸਨ।

ਪੀਲ ਪੁਲਿਸ ਦਾ ਕਹਿਣਾ ਹੈ ਕਿ ਅਧਿਕਾਰੀਆਂ ਨੇ ਸਥਿਤੀ ਕਾਬੂ ਕਰਨ ਦੀ ਕੋਸ਼ਿਸ਼ ਕੀਤੀ। ਕੈਨੇਡੀਅਨ ਪੁਲਿਸ ਨੇ ਕਿਹਾ ਕਿ ਸ਼ਾਂਤੀ ਅਤੇ ਵਿਵਸਥਾ





ਬਣਾਈ ਰੱਖਣ ਲਈ ਅਫਸਰਾਂ ਨੇ ਬਹੁਤ ਸਾਰੀਆਂ ਚੀਜ਼ਾਂ ਨੂੰ ਜ਼ਬਤ ਕਰਨਾ ਸ਼ੁਰੂ ਕਰ ਦਿੱਤਾ, ਜਿਨ੍ਹਾਂ ਨੂੰ ਹਥਿਆਰਾਂ ਵਜੋਂ ਵਰਤਿਆ ਜਾ ਸਕਦਾ ਸੀ, ਜਿਸ ਵਿਚ ਬੱਲੇ, ਡੰਡੇ ਅਤੇ ਝੰਡੇ ਸ਼ਾਮਲ ਸਨ।

ਪੀਲ ਪੁਲਿਸ ਨੇ ਝਗੜੇ ਦੀ ਅਫਸਰ ਬਾਡੀਕੈਮ ਫੁਟੇਜ ਜਾਰੀ ਕੀਤੀ, ਜਿਸ ਵਿਚ ਸੋਹੀ ਇੱਕ ਵਿਅਕਤੀ ਤੋਂ ਹਥਿਆਰਬੰਦ ਖੋਹਣ ਦੀ ਕੋਸ਼ਿਸ਼ ਕਰਦਾ ਦਿਖਾਈ ਦਿੰਦਾ ਹੈ, ਜੋ ਆਪਣਾ ਹਥਿਆਰ ਸੌਂਪਣ ਤੋਂ ਇਨਕਾਰ ਕਰ ਰਿਹਾ ਸੀ ਅਤੇ ਹਮਲਾ ਕਰ ਦਿੰਦਾ ਹੈ। ਫੁਟੇਜ 'ਚ ਦੇਖਿਆ ਜਾ ਰਿਹਾ ਹੈ ਕਿ ਅਧਿਕਾਰੀ ਇਕ ਵਿਅਕਤੀ ਵੱਲ ਜਾਂਦਾ ਹੈ ਜਿਸ ਦੇ ਹੱਥ ਵਿਚ ਸੋਟੀ ਹੈ ਅਤੇ ਉਹ ਉਸ ਤੋਂ ਖੋਹਣ ਦੀ ਕੋਸ਼ਿਸ਼ ਕਰ ਰਿਹਾ ਹੈ। ਵਿਅਕਤੀ ਨੇ ਵਿਰੋਧ ਕੀਤਾ, ਜਿਸ ਤੋਂ ਬਾਅਦ ਦੋਵਾਂ ਧਿਰਾਂ ਵਿਚਕਾਰ ਥੋੜ੍ਹੀ ਜਿਹੀ ਝੜਪ ਹੋਈ ਅਤੇ ਫਿਰ ਅਧਿਕਾਰੀ ਨੇ ਡੰਡਾ ਜ਼ਬਤ ਕਰ ਲਿਆ ਅਤੇ ਭੀੜ ਨੂੰ ਖਿੰਡਾਇਆ।

ਦੱਸ ਦਈਏ ਕਿ ਪੁਲਿਸ ਅਤੇ ਖਾਲਿਸਤਾਨੀ ਸਮਰਥਕਾਂ ਵਿਚਾਲੇ ਹੋਏ ਝਗੜੇ ਦੌਰਾਨ ਕੈਨੇਡੀਅਨ ਪੁਲਿਸ ਅਧਿਕਾਰੀ ਹਰਿੰਦਰ ਸੋਹੀ ਖਾਲਿਸਤਾਨੀ ਝੰਡੇ ਨੂੰ ਫੜੇ ਕੈਮਰੇ 'ਚ ਕੈਦ ਹੋ ਗਿਆ ਸੀ, ਜਦੋਂ ਕਿ ਸਮਰਥਕ ਲਾਠੀਆਂ ਨਾਲ ਲੈਸ ਭਾਰਤ ਵਿਰੋਧੀ ਨਾਅਰੇ ਲਗਾ ਰਹੇ ਸਨ। ਪੀਲ ਰੀਜਨਲ ਪੁਲਿਸ ਦੇ ਸਾਰਜੈਂਟ ਸੋਹੀ ਨੂੰ ਵੀਡੀਓ ਵਾਇਰਲ ਹੋਣ ਤੋਂ ਬਾਅਦ ਮੁਅੱਤਲ ਕਰ ਦਿੱਤਾ ਗਿਆ ਸੀ। ਕੈਨੇਡੀਅਨ ਪੁਲਿਸ ਨੇ ਬਿਆਨ 'ਚ ਕਿਹਾ ਕਿ ਜਾਂਚ ਤੋਂ ਬਾਅਦ, ਇਹ ਨਿਰਧਾਰਤ ਕੀਤਾ ਗਿਆ ਸੀ ਕਿ ਵੀਡੀਓ ਵਿਚ ਦਿਖਾਇਆ ਗਿਆ ਅਧਿਕਾਰੀ ਇੱਕ ਵਿਅਕਤੀ ਤੋਂ ਹਥਿਆਰ ਖੋਣ ਦੀ ਕੋਸ਼ਿਸ਼ ਕਰ ਰਿਹਾ ਸੀ, ਜਿਸਨੇ ਆਪਣਾ ਹਥਿਆਰ ਸੌਂਪਣ ਤੋਂ ਇਨਕਾਰ ਕਰ ਦਿੱਤਾ ਅਤੇ ਟਕਰਾਅ ਕਰਨ ਲੱਗ ਗਿਆ। ਇਸ ਤਰ੍ਹਾਂ ਉਸਨੇ ਕਾਨੂੰਨੀ ਤੌਰ 'ਤੇ ਆਪਣੀ ਡਿਊਟੀ ਨਿਭਾਈ।

# ਭਾਰਤੀਆਂ ਲਈ ਜਰਮਨੀ ਜਾਰੀ ਕਰੇਗਾ 2 ਲੱਖ ਵੀਜ਼ਾ

**ਬਰਲਿਨ, (ਪੰਜਾਬ ਮੇਲ)-** ਜਰਮਨੀ ਦੀ ਸਰਕਾਰ ਨੇ ਆਪਣੇ ਲੇਬਰ ਮਾਰਕੀਟ ਨੂੰ ਹੁਲਾਰਾ ਦੇਣ ਲਈ ਪਿਛਲੇ ਸਾਲ ਇਮੀਗ੍ਰੇਸ਼ਨ ਨਿਯਮਾਂ ਵਿਚ ਢਿੱਲ ਦਿੱਤੀ ਸੀ, ਪਰ ਮੌਜੂਦਾ ਸਮੇਂ ਦੇਸ਼ ਨੂੰ ਕਾਮਿਆਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹੇ ਵਿਚ ਜਰਮਨੀ ਨੇ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ (2024) ਵਿਚ ਹੁਨਰਮੰਦ ਕਾਮਿਆਂ ਦੇ ਪੇਸ਼ੇਵਰ ਵੀਜ਼ਿਆਂ ਦੀ ਗਿਣਤੀ ਵਿਚ 10 ਪ੍ਰਤੀਸ਼ਤ ਵਾਧਾ ਕਰਨ ਦਾ ਫ਼ੈਸਲਾ ਕੀਤਾ ਹੈ। ਜਰਮਨ ਸਰਕਾਰ ਦੇ ਤਿੰਨ ਮੰਤਰਾਲਿਆਂ ਦੇ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਇਸ ਸਾਲ ਦੇ ਅੰਤ ਤੱਕ ਲਗਭਗ 2,00,000 ਪੇਸ਼ੇਵਰ ਵੀਜ਼ੇ ਜਾਰੀ ਕੀਤੇ ਜਾਣਗੇ। ਇਹ 2023 ਦੇ



ਮੁਕਾਬਲੇ 10 ਫੀਸਦੀ ਦਾ ਵਾਧਾ ਹੈ। ਸਰਕਾਰ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ।

ਜਰਮਨੀ ਲਗਾਤਾਰ ਮਜ਼ਦੂਰਾਂ ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ ਅਤੇ ਦੇਸ਼ ਵਿਚ ਇਸ ਸਮੇਂ 13 ਲੱਖ ਤੋਂ ਵੱਧ ਕਾਮਿਆਂ ਲਈ ਨੌਕਰੀਆਂ ਹਨ। ਅਜਿਹੇ 'ਚ ਜਰਮਨੀ ਦੇ ਇਸ ਫ਼ੈਸਲੇ ਦਾ ਫ਼ਾਇਦਾ ਭਾਰਤੀਆਂ ਨੂੰ ਹੋ ਸਕਦਾ ਹੈ। ਡੀ.ਡਬਲਯੂ. ਦੀ ਇੱਕ ਰਿਪੋਰਟ ਅਨੁਸਾਰ ਜਰਮਨ ਸਰਕਾਰ ਨੇ ਪਿਛਲੇ ਸਾਲ ਕੈਨੇਡਾ ਤੋਂ ਪ੍ਰੇਰਿਤ ਪੁਆਇੰਟ-ਅਧਾਰਿਤ ਪ੍ਰਣਾਲੀ ਅਪਣਾਈ ਹੈ। ਇਸਨੂੰ ਮੌਕਾ ਕਾਰਡ (**Opportunity card**) ਵਜੋਂ ਜਾਣਿਆ ਜਾਂਦਾ ਹੈ, ਜੋ ਪੇਸ਼ੇਵਰਾਂ ਅਤੇ ਯੂਨੀਵਰਸਿਟੀ ਗ੍ਰੈਜੂਏਟਾਂ ਲਈ ਦੇਸ਼ ਵਿਚ ਦਾਖਲ ਹੋਣਾ, ਅਧਿਐਨ ਕਰਨਾ ਅਤੇ ਕੰਮ ਲੱਭਣਾ ਕਾਫ਼ੀ ਆਸਾਨ ਬਣਾਉਂਦਾ ਹੈ। ਇਸ ਨੇ ਗੈਰ-ਯੂਰਪੀ ਦੇਸ਼ਾਂ ਦੇ ਹੁਨਰਮੰਦ ਕਾਮਿਆਂ ਨੂੰ ਉਨ੍ਹਾਂ ਦੀਆਂ ਯੋਗਤਾਵਾਂ ਨੂੰ ਮਾਨਤਾ ਦਿੱਤੇ ਬਿਨਾਂ ਜਰਮਨੀ ਵਿਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਹੈ।

ਜਰਮਨ ਸਰਕਾਰ ਦੇ ਬਿਆਨ ਵਿਚ ਕਿਹਾ ਗਿਆ ਹੈ ਕਿ ਜਰਮਨੀ ਵਿਚ ਪੜ੍ਹਾਈ ਕਰਨ, ਕਿੱਤਾਮੁਖੀ ਸਿਖਲਾਈ ਪੂਰੀ ਕਰਨ ਜਾਂ ਵਿਦੇਸ਼ੀ ਯੋਗਤਾਵਾਂ ਨੂੰ ਮਾਨਤਾ ਦੇਣ ਵਾਲੇ ਵੀਜ਼ਾ ਵਿਚ ਬਹੁਤ ਦਿਲਚਸਪੀ ਦੇਖੀ ਗਈ ਹੈ। ਗੈਰ-ਯੂਰਪੀ ਰਾਜਾਂ ਦੇ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਿਆਂ ਦੀ ਗਿਣਤੀ ਵਿਚ 20 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਜਰਮਨੀ ਦੀ ਗ੍ਰਹਿ ਮੰਤਰੀ ਨੈਨਸੀ ਫੇਜ਼ਰ ਨੇ ਕਿਹਾ ਹੈ, 'ਪ੍ਰਤਿਭਾਸ਼ਾਲੀ ਨੌਜਵਾਨ ਜਰਮਨੀ ਵਿਚ ਆਪਣੀ ਪੜ੍ਹਾਈ ਅਤੇ ਸਿਖਲਾਈ ਨੂੰ ਹੋਰ ਆਸਾਨੀ ਨਾਲ ਪੂਰਾ ਕਰ ਸਕਦੇ ਹਨ। ਮੌਕਾ ਕਾਰਡ ਹੁਨਰਮੰਦ ਲੋਕਾਂ ਨੂੰ ਆਸਾਨੀ ਨਾਲ ਯੋਗ ਨੌਕਰੀ ਪ੍ਰਾਪਤ ਕਰਨ ਦਾ ਮੌਕਾ ਦੇ ਰਿਹਾ ਹੈ। ਮੰਤਰੀ ਅੰਨਾਲੇਨਾ ਬੇਰਬੌਕ ਨੇ ਵੀ ਇਨ੍ਹਾਂ ਸੁਧਾਰਾਂ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਦੇਸ਼ ਵਿੱਚ ਲਗਾਤਾਰ ਮਜ਼ਦੂਰਾਂ ਦੀ ਕਮੀ ਨੂੰ ਦੂਰ ਕਰਨ ਵਿਚ ਮਦਦ ਮਿਲੇਗੀ।

# ਯੂ.ਏ.ਈ. ਵੱਲੋਂ ਪਾਕਿਸਤਾਨੀ ਨਾਗਰਿਕਾਂ ਲਈ ਵੀਜ਼ਾ ਪਾਬੰਦੀ !

**ਇਸਲਾਮਾਬਾਦ, (ਪੰਜਾਬ ਮੇਲ)-** ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਨੇ ਪਾਕਿਸਤਾਨੀ ਨਾਗਰਿਕਾਂ ਨੂੰ ਵੀਜ਼ਾ ਦੇਣਾ ਬੰਦ ਕਰ ਦਿੱਤਾ ਹੈ, ਇਥੋਂ ਤੱਕ ਕਿ ਪਾਕਿਸਤਾਨੀ ਮਸ਼ਹੂਰ ਹਸਤੀਆਂ ਅਤੇ ਕਾਰੋਬਾਰੀਆਂ ਨੂੰ ਵੀ ਯੂ.ਏ.ਈ. ਦੀ ਯਾਤਰਾ ਕਰਨ ਲਈ ਵੀਜ਼ਾ ਨਹੀਂ ਮਿਲ ਰਿਹਾ ਹੈ। ਯੂ.ਏ.ਈ. 'ਚ ਪਾਕਿਸਤਾਨ ਦੇ ਰਾਜਦੂਤ ਫੈਸਲ ਨਿਆਜ਼ ਤਿਰਮਿਜ਼ੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਯੂ.ਏ.ਈ. ਵਿਚ ਪਾਕਿਸਤਾਨੀ ਦੂਤਘਰ ਨੇ ਆਪਣੇ ਐਕਸ ਅਕਾਊਂਟ ਤੋਂ ਇੱਕ ਵੀਡੀਓ ਪੋਸਟ ਕੀਤੀ ਹੈ। ਇਸ ਪੋਸਟ 'ਚ ਪਾਕਿਸਤਾਨ ਦੇ ਰਾਜਦੂਤ ਫੈਜ਼ਲ ਨਿਆਜ਼ ਤਿਰਮਿਜ਼ੀ ਕਹਿ ਰਹੇ ਹਨ ਕਿ ਪਾਕਿਸਤਾਨੀਆਂ ਨੂੰ ਵੀਜ਼ਾ ਨਾ ਮਿਲਣ ਦੇ ਮੁੱਦੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੇਕਰ ਉਹ ਵੀਜ਼ਾ ਲੈਣਾ ਚਾਹੁੰਦੇ ਹਨ, ਤਾਂ ਪਾਕਿਸਤਾਨੀਆਂ ਕੋਲ ਵਾਪਸੀ ਦੀਆਂ ਟਿਕਟਾਂ, ਹੋਟਲ ਬੁਕਿੰਗ ਅਤੇ 3000 ਦਿਰਹਮ ਵੀ ਹੋਣੇ ਚਾਹੀਦੇ ਹਨ। ਅਸੀਂ ਐੱਫ.ਆਈ.ਏ. ਨੂੰ ਇਹ ਵੀ ਕਿਹਾ ਹੈ ਕਿ ਜੋ ਲੋਕ ਤੁਹਾਨੂੰ ਚਿਹਰੇ ਤੋਂ ਨਜ਼ਰ ਆ ਰਹੇ ਹਨ ਕਿ ਇਨ੍ਹਾਂ ਕੋਲ ਨਾ ਵਰਕ ਵੀਜ਼ਾ ਹੈ ਅਤੇ ਉਹ ਸੈਰ-ਸਪਾਟੇ ਲਈ ਵੀ ਨਹੀਂ ਜਾ ਰਹੇ ਹਨ, ਸਗੋਂ ਕਿਸੇ ਹੋਰ ਮਕਸਦ ਲਈ ਜਾ ਰਹੇ ਹਨ। ਉਨ੍ਹਾਂ ਨੂੰ ਨਾ ਸਿਰਫ਼ ਰੋਕੋ, ਸਗੋਂ ਉਨ੍ਹਾਂ 'ਤੇ ਪਾਬੰਦੀ ਵੀ ਲਗਾਓ।

ਅਮੀਰਾਤ ਸਰਕਾਰ ਦੁਆਰਾ ਪਾਕਿਸਤਾਨੀ ਦੂਤਘਰ ਨਾਲ ਸਾਂਝੇ ਕੀਤੇ ਗਏ ਦਸਤਾਵੇਜ਼ਾਂ ਤੋਂ ਪਤਾ ਲੱਗਿਆ ਹੈ ਕਿ ਕੁਝ ਪਾਕਿਸਤਾਨੀ ਨਾਗਰਿਕਾਂ ਦੇ ਵਿਵਹਾਰ ਦੀਆਂ ਸ਼ਿਕਾਇਤਾਂ ਦੇ ਬਾਅਦ ਕੈਬਨਿਟ ਦੀ ਬੈਠਕ ਵਿਚ ਵੀਜ਼ਾ ਪਾਬੰਦੀ 'ਤੇ ਚਰਚਾ ਕੀਤੀ ਗਈ ਸੀ। ਇਨ੍ਹਾਂ ਸ਼ਿਕਾਇਤਾਂ ਵਿਚ ਵਿਰੋਧ ਪ੍ਰਦਰਸ਼ਨਾਂ ਵਿਚ ਹਿੱਸਾ ਲੈਣਾ, ਯੂ.ਏ.ਈ. ਸਰਕਾਰ ਦੀਆਂ ਨੀਤੀਆਂ ਦੀ ਆਨਲਾਈਨ ਆਲੋਚਨਾ ਅਤੇ ਡਿਜੀਟਲ ਪਲੇਟਫਾਰਮਾਂ ਦੀ ਦੁਰਵਰਤੋਂ ਅਤੇ ਦੂਜੇ ਪ੍ਰਵਾਸੀ ਭਾਈਚਾਰਿਆਂ ਦੇ ਮੁਕਾਬਲੇ ਚੋਰੀ, ਧੋਖਾਧੜੀ, ਭੀਖ ਮੰਗਣ, ਵੇਸਵਾਗਮਨੀ ਅਤੇ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਅਪਰਾਧਾਂ ਸਮੇਤ ਹੋਰ ਅਪਰਾਧਿਕ ਗਤੀਵਿਧੀਆਂ ਵਿਚ ਪਾਕਿਸਤਾਨੀ ਨਾਗਰਿਕਾਂ ਦੀ ਵਧੇਰੇ ਸ਼ਮੂਲੀਅਤ ਸ਼ਾਮਲ ਹੈ। ਅਜਿਹੀਆਂ ਕਾਰਵਾਈਆਂ ਨੂੰ ਯੂ.ਏ.ਈ. ਦੇ ਅਕਸ ਲਈ ਨੁਕਸਾਨਦੇਹ ਵਜੋਂ ਦੇਖਿਆ ਗਿਆ, ਜਿਸ ਕਾਰਨ ਸਰਕਾਰ ਨੇ ਪਾਕਿਸਤਾਨੀ ਨਾਗਰਿਕਾਂ 'ਤੇ ਵੀਜ਼ਾ ਪਾਬੰਦੀ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ।

# ਵਿਜੇ ਮਾਲਿਆ ਤੇ ਨੀਰਵ ਮੋਦੀ ਦੀ ਜਲਦ ਭਾਰਤ ਵਾਪਸੀ ਦੀ ਸੰਭਾਵਨਾ !

**ਨਵੀਂ ਦਿੱਲੀ, (ਪੰਜਾਬ ਮੇਲ)-** ਬ੍ਰਾਜ਼ੀਲ 'ਚ ਆਯੋਜਿਤ ਜੀ-20 ਸੰਮੇਲਨ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਬ੍ਰਿਟਿਸ਼ ਹਮਰੁਤਬਾ ਕੀਰ ਸਟਾਰਮਰ ਨਾਲ ਆਪਣੀ ਪਹਿਲੀ ਮੁਲਾਕਾਤ ਬ੍ਰਿਟੇਨ ਤੋਂ ਭਗੌੜੇ ਭਾਰਤੀ ਕਾਰੋਬਾਰੀਆਂ ਵਿਜੇ ਮਾਲਿਆ ਅਤੇ ਨੀਰਵ ਮੋਦੀ ਦੀ ਹਵਾਲਗੀ ਦੀ ਮੰਗ ਕੀਤੀ ਅਤੇ ਬ੍ਰਿਟੇਨ ਵਿਚ ਭਾਰਤ ਦੇ ਆਰਥਿਕ ਅਪਰਾਧੀਆਂ ਦੇ ਮੁੱਦੇ ਨੂੰ ਸੁਲਝਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਹ ਪਹਿਲੀ ਵਾਰ ਸੀ, ਜਦੋਂ ਦੋਹਾਂ ਨੇਤਾਵਾਂ ਨੇ ਇਸ ਮੁੱਦੇ 'ਤੇ ਖੁੱਲ੍ਹ ਕੇ ਚਰਚਾ ਕੀਤੀ ਅਤੇ ਨੀਰਵ ਮੋਦੀ ਅਤੇ ਵਿਜੇ ਮਾਲਿਆ ਵਰਗੇ ਭਗੌੜਿਆਂ ਖਿਲਾਫ ਸਖਤ ਕਾਰਵਾਈ ਦੀ ਜ਼ਰੂਰਤ 'ਤੇ ਸਹਿਮਤੀ ਪ੍ਰਗਟਾਈ।

ਪ੍ਰਧਾਨ ਮੰਤਰੀ ਮੋਦੀ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ ਨਾਲ ਗੱਲ ਕਰਦੇ ਹੋਏ ਨੀਰਵ ਮੋਦੀ ਅਤੇ ਵਿਜੇ

- **ਪ੍ਰਧਾਨ ਮੰਤਰੀ ਮੋਦੀ ਨੇ ਬ੍ਰਿਟਿਸ਼ ਪੀ.ਐੱਮ. ਨਾਲ ਕੀਤੀ ਮੁਲਾਕਾਤ**
- **ਪ੍ਰਵਾਸ ਅਤੇ ਹਵਾਲਗੀ ਪ੍ਰਕਿਰਿਆਵਾਂ ਵਿਚ ਤੇਜ਼ੀ ਲਿਆਉਣ 'ਤੇ ਸਹਿਮਤੀ**

ਮਾਲਿਆ ਵਰਗੇ ਭਗੌੜਿਆਂ ਦੀ ਭਾਰਤ ਵਾਪਸੀ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਜ਼ਰੂਰਤ ਜ਼ਾਹਰ ਕੀਤੀ। ਦੋਵੇਂ ਨੇਤਾ ਇਸ ਗੱਲ 'ਤੇ ਸਹਿਮਤ ਹੋਏ ਕਿ ਪ੍ਰਵਾਸ ਅਤੇ ਹਵਾਲਗੀ ਨਾਲ ਜੁੜੇ ਮਾਮਲਿਆਂ ਵਿਚ ਤੇਜ਼ੀ ਲਿਆਉਣੀ ਚਾਹੀਦੀ ਹੈ। ਇਸ ਸਬੰਧੀ ਦੋਵਾਂ ਦੇਸ਼ਾਂ ਵਿਚਾਲੇ ਸਹਿਯੋਗ ਵਧਾਉਣ 'ਤੇ ਵੀ ਗੱਲਬਾਤ ਹੋਈ।

ਇੱਥੇ ਦੱਸ ਦੇਈਏ ਕਿ ਮਾਰਚ





2016 ਤੋਂ ਬ੍ਰਿਟੇਨ ਵਿਚ ਰਹਿ ਰਹੇ ਅਤੇ ਭਾਰਤ ਹਵਾਲਗੀ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਵਿਜੇ ਮਾਲਿਆ, ਉਸ ਦੀ ਬੰਦ ਹੋ ਚੁੱਕੀ ਕਿੰਗਫਿਸ਼ਰ ਏਅਰਲਾਈਨਜ਼ ਨਾਲ ਸਬੰਧਤ 9,000 ਕਰੋੜ ਰੁਪਏ ਤੋਂ ਵੱਧ ਦੇ ਬੈਂਕ ਕਰਜ਼ ਡਿਫਾਲਟ ਕੇਸ ਵਿਚ ਮੁਲਜ਼ਮ ਹੈ। ਉਥੇ ਹੀ ਭਗੌੜਾ ਹੀਰਾ ਵਪਾਰੀ ਨੀਰਵ ਮੋਦੀ ਪਿਛਲੇ 5 ਸਾਲਾਂ ਤੋਂ ਲੰਡਨ ਦੀ ਜੇਲ੍ਹ ਵਿਚ ਬੰਦ ਹੈ। ਉਹ ਭਾਰਤ ਵਿਚ ਧੋਖਾਧੜੀ ਅਤੇ ਮਨੀ ਲਾਂਡਰਿੰਗ ਦੇ ਦੋਸ਼ਾਂ ਦਾ ਸਾਹਮਣਾ ਕਰਨ ਲਈ ਆਪਣੀ ਹਵਾਲਗੀ ਦੀ ਲੜਾਈ ਹਾਰ ਚੁੱਕਾ ਹੈ।

# ਅਰਸ਼ ਡੱਲਾ ਕੇਸ: ਕੈਨੇਡੀਅਨ ਅਦਾਲਤ ਵੱਲੋਂ ਮੁਕੱਦਮੇ ਦੇ ਟੈਲੀਕਾਸਟ ’ਤੇ ਪੂਰਨ ਪਾਬੰਦੀ

**ਓਨਟਾਰੀਓ, (ਪੰਜਾਬ ਮੇਲ)-** ਕੈਨੇਡਾ ’ਚ ਗ੍ਰਿਫ਼ਤਾਰ ਕੀਤੇ ਗਏ ਖਾਲਿਸਤਾਨ ਟਾਈਗਰ ਫੋਰਸ (ਕੇ.ਟੀ.ਐੱਫ.) ਦੇ ਮੁਖੀ ਅਰਸ਼ ਸਿੰਘ ਗਿੱਲ ਉਰਫ ਅਰਸ਼ ਡੱਲਾ ਦੇ ਮਾਮਲੇ ਵਿਚ ਕੈਨੇਡਾ ਦੀ ਓਨਟਾਰੀਓ ਅਦਾਲਤ ਨੇ ਇਕ ਵੱਡਾ ਫੈਸਲਾ ਸੁਣਾਇਆ ਹੈ। ਅਦਾਲਤ ਨੇ ਫੈਸਲੇ ਵਿਚ ਹੁਕਮ ਦਿੱਤਾ ਕਿ ਅਰਸ਼ ਡੱਲਾ ਅਤੇ ਸਹਿ-ਦੋਸ਼ੀ ਗੁਰਜੰਟ ਸਿੰਘ ਦੇ ਮੁਕੱਦਮੇ ਦੀ ਅਦਾਲਤੀ ਕਾਰਵਾਈ ਦਾ ਕੋਈ ਪ੍ਰਸਾਰਣ ਜਾਂ ਪ੍ਰਕਾਸ਼ਨ ਜਾਂ ਇਲੈਕਟ੍ਰਾਨਿਕ ਪ੍ਰਸਾਰਣ ਨਹੀਂ ਕੀਤਾ ਜਾਵੇਗਾ। ਇਹ ਪਾਬੰਦੀ ਮੁਕੱਦਮੇ ਦੀ ਸੁਣਵਾਈ ਪੂਰੀ ਹੋਣ ਤੱਕ ਲਾਗੂ ਰਹੇਗੀ। ਇਹ ਹੁਕਮ ਕੈਨੇਡੀਅਨ ਸਰਕਾਰ ਦੇ ਵਕੀਲ ਦੀ ਉਸ ਪਟੀਸ਼ਨ ਦੇ ਬਾਅਦ ਆਇਆ ਹੈ, ਜਿਸ ਵਿਚ ਅਦਾਲਤ ਨੂੰ ਕਾਰਵਾਈ ਦੀ ਕਵਰੇਜ ’ਤੇ ਪਾਬੰਦੀ ਲਗਾਉਣ ਦੀ ਬੇਨਤੀ ਕੀਤੀ ਗਈ ਸੀ।



ਇਹ ਘਟਨਾਕ੍ਰਮ ਭਾਰਤ ਵੱਲੋਂ ਡੱਲਾ ਦੀ ਗ੍ਰਿਫਤਾਰੀ ਤੋਂ ਬਾਅਦ ਕੈਨੇਡਾ ਤੋਂ ਉਸ ਦੀ ਹਵਾਲਗੀ ਲਈ ਕੈਨੇਡਾ ਕੋਲ ਬੇਨਤੀ ਕਰਨ ਦੀ ਗੱਲ ਕਹੇ ਜਾਣ ਤੋਂ ਬਾਅਦ ਆਇਆ ਹੈ। ਕੈਨੇਡੀਅਨ ਪੁਲਿਸ ਨੇ ਪਿਛਲੇ ਮਹੀਨੇ ਦੇ ਅਖੀਰ ਵਿਚ ਡੱਲਾ ਨੂੰ ਗ੍ਰਿਫਤਾਰ ਕੀਤਾ ਸੀ। ਭਾਰਤ ਨੇ 2023 ਵਿਚ ਉਸ ਨੂੰ ਅੱਤਵਾਦੀ ਘੋਸ਼ਿਤ ਕੀਤਾ ਸੀ ਅਤੇ ਜੁਲਾਈ 2023 ’ਚ ਕੈਨੇਡਾ ਨੂੰ ਉਸ ਦੀ ਅਸਥਾਈ ਗ੍ਰਿਫਤਾਰੀ ਲਈ ਬੇਨਤੀ ਕੀਤੀ ਸੀ, ਜਿਸ ਨੂੰ ਪਹਿਲਾਂ ਰੱਦ ਕਰ ਦਿੱਤਾ ਗਿਆ ਸੀ। ਭਾਰਤ ’ਚ ਅਰਸ਼ ਡੱਲਾ ਦੇ ਅਪਰਾਧਿਕ ਰਿਕਾਰਡ ਅਤੇ ਕੈਨੇਡਾ ’ਚ ਇਸੇ ਤਰ੍ਹਾਂ ਦੀਆਂ ਗ਼ੈਰ-ਕਾਨੂੰਨੀ ਸਰਗਰਮੀਆਂ ’ਚ ਉਸ ਦੀ ਸ਼ਮੂਲੀਅਤ ਨੂੰ ਵੇਖਦਿਆਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਸ ਨੂੰ ਭਾਰਤ ’ਚ ਨਿਆਂ ਲਈ ਹਵਾਲਗੀ ਜਾਂ ਦੇਸ਼-ਨਿਕਾਲਾ ਦਿੱਤਾ ਜਾਵੇਗਾ।

ਵਿਦੇਸ਼ ਮੰਤਰਾਲਾ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਅਰਸ਼ ਦੀ ਗ੍ਰਿਫਤਾਰੀ ਦੀ ਖਬਰ ’ਤੇ ਮੀਡੀਆ ਦੇ ਸਵਾਲਾਂ ਦੇ ਜਵਾਬ ’ਚ ਬੀਤੇ ਦਿਨੀਂ ਕਿਹਾ ਸੀ ਕਿ ਅਸੀਂ ਖਾਲਿਸਤਾਨ ਟਾਈਗਰ ਫੋਰਸ ਦੇ ਅਸਲ ਮੁਖੀ, ਐਲਾਨੇ ਅਪਰਾਧੀ ਅਰਸ਼ ਸਿੰਘ ਗਿੱਲ ਉਰਫ ਅਰਸ਼ ਡੱਲਾ ਦੀ ਕੈਨੇਡਾ ’ਚ ਗ੍ਰਿਫਤਾਰੀ ’ਤੇ 10 ਨਵੰਬਰ ਤੋਂ ਪ੍ਰਸਾਰਿਤ ਮੀਡੀਆ ਰਿਪੋਰਟਾਂ ਵੇਖੀਆਂ ਹਨ। ਕੈਨੇਡਾ ਦੇ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਨੇ ਗ੍ਰਿਫਤਾਰੀ ’ਤੇ ਵਿਆਪਕ ਤੌਰ ’ਤੇ ਰਿਪੋਰਟ ਦਿੱਤੀ ਹੈ। ਅਸੀਂ ਸਮਝਦੇ ਹਾਂ ਕਿ ਓਨਟਾਰੀਓ ਕੋਰਟ ਨੇ ਮਾਮਲੇ ਨੂੰ ਸੁਣਵਾਈ ਲਈ ਸੂਚੀਬੱਧ ਕਰ ਦਿੱਤਾ ਹੈ। ਭਾਰਤ ਨੇ ਇਸ ਮਾਮਲੇ ਵਿਚ ਵਾਧੂ ਜਾਣਕਾਰੀ ਅਤੇ ਸਬੂਤ ਵੀ ਕੈਨੇਡੀਅਨ ਅਧਿਕਾਰੀਆਂ ਨੂੰ ਸੌਂਪੇ ਹਨ, ਤਾਂ ਜੋ ਡੱਲਾ ਨੂੰ ਜਲਦੀ ਤੋਂ ਜਲਦੀ ਭਾਰਤ ਲਿਆਂਦਾ ਜਾ ਸਕੇ। ਡੱਲਾ ਦੀ ਗ੍ਰਿਫਤਾਰੀ ਅੱਤਵਾਦ ਦੇ ਮੁੱਦੇ ’ਤੇ ਭਾਰਤ ਅਤੇ ਕੈਨੇਡਾ ਵਿਚਾਲੇ ਸਹਿਯੋਗ ਵਧਾਉਣ ਦੀ ਦਿਸ਼ਾ ’ਚ ਇਕ ਮਹੱਤਵਪੂਰਨ ਕਦਮ ਹੈ। ਭਾਰਤ ਨੂੰ ਹੁਣ ਉਮੀਦ ਹੈ ਕਿ ਕੈਨੇਡਾ ਛੇਤੀ ਹੀ ਉਸ ਦੀ ਹਵਾਲਗੀ ਪ੍ਰਕਿਰਿਆ ਨੂੰ ਮਨਜ਼ੂਰੀ ਦੇ ਦੇਵੇਗਾ, ਤਾਂ ਜੋ ਡੱਲਾ ਨੂੰ ਭਾਰਤ ਲਿਆਂਦਾ ਜਾ ਸਕੇ ਅਤੇ ਉਸ ਦੇ ਖਿਲਾਫ ਲੰਬਿਤ ਮਾਮਲਿਆਂ ’ਚ ਕਾਰਵਾਈ ਕੀਤੀ ਜਾ ਸਕੇ।

ਅਰਸ਼ ਡੱਲਾ ਹੱਤਿਆ, ਹੱਤਿਆ ਦੀ ਕੋਸ਼ਿਸ਼, ਜਬਰਨ ਵਸੂਲੀ ਅਤੇ ਅੱਤਵਾਦੀ ਫੰਡਿੰਗ ਸਮੇਤ ਅੱਤਵਾਦੀ ਕਾਰਵਾਈਆਂ ਦੇ 50 ਤੋਂ ਜ਼ਿਆਦਾ ਮਾਮਲਿਆਂ ’ਚ ਲੋੜੀਂਦਾ ਅਪਰਾਧੀ ਹੈ। ਮਈ 2022 ’ਚ ਉਸ ਦੇ ਖਿਲਾਫ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਸੀ। ਉਸ ਨੂੰ 2023 ’ਚ ਭਾਰਤ ’ਚ ਅੱਤਵਾਦੀ ਵਜੋਂ ਨਾਮਜ਼ਦ ਕੀਤਾ ਗਿਆ ਸੀ।

## ਜਲਦ ਹੀ ਭਾਰਤ ਦੌਰਾ ਕਰ ਸਕਦੇ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ

**ਮਾਸਕੋ, (ਪੰਜਾਬ ਮੇਲ)-** ਕ੍ਰੇਮਲਿਨ ਦੇ ਪ੍ਰੈੱਸ ਸਕੱਤਰ ਦਮਿਤਰੀ ਪੇਸਕੋਵ ਨੇ ਮੰਗਲਵਾਰ ਨੂੰ ਕਿਹਾ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਜਲਦ ਹੀ ਭਾਰਤ ਦਾ ਦੌਰਾ ਕਰ ਸਕਦੇ ਹਨ। ਪੇਸਕੋਵ ਨੇ ਰੂਸ ਦੀ ਪ੍ਰਮੁੱਖ ਸਮਾਚਾਰ ਏਜੰਸੀ ਆਰ.ਆਈ.ਏ. ਨੋਵੋਸਤੀ ਦੇ ਹਵਾਲੇ ਨਾਲ ਕਿਹਾ, ‘ਮੈਨੂੰ ਉਮੀਦ ਹੈ ਕਿ ਬਹੁਤ ਜਲਦੀ, ਅਸੀਂ ਉਨ੍ਹਾਂ (ਵਲਾਦੀਮੀਰ ਪੁਤਿਨ) ਦੇ ਦੌਰੇ ਦੀਆਂ ਸਹੀ ਤਾਰੀਖਾਂ ਤੈਅ ਕਰਾਂਗੇ। ਤੁਸੀਂ ਜਾਣਦੇ ਹੋ, ਸਾਡੇ ਨੇਤਾ ਇੱਕ-ਦੂਜੇ ਦੇ ਇੱਥੇ ਦੌਰੇ ਕਰਦੇ ਰਹਿੰਦੇ ਹਨ। ਇਸ ਲਈ ਪ੍ਰਧਾਨ ਮੰਤਰੀ ਮੋਦੀ ਦੇ ਰੂਸ ਦੇ 2 ਦੌਰਿਆਂ ਤੋਂ ਬਾਅਦ ਹੁਣ ਰਾਸ਼ਟਰਪਤੀ ਪੁਤਿਨ ਦੇ ਭਾਰਤ ਦੌਰੇ ਦੀ ਉਮੀਦ ਹੈ।’



ਪੇਸਕੋਵ ਨੇ ਕਿਹਾ, “ਅਸੀਂ ਇਸ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਾਂ। ਅਸੀਂ ਇਸ ਦੌਰੇ ਦੀ ਤਿਆਰੀ ਬਹੁਤ ਸਾਵਧਾਨੀ ਨਾਲ ਸ਼ੁਰੂ ਕਰਾਂਗੇ। ਅਸੀਂ ਇਸ ਪਲ ਨੂੰ ਬਹੁਤ ਮਹੱਤਵ ਦਿੰਦੇ ਹਾਂ। ਫਿਲਹਾਲ ਮੇਰੇ ਕੋਲ ਕੋਈ ਤਾਰੀਖ ਨਹੀਂ ਹੈ।” ਇੱਥੇ ਦੱਸ ਦੇਈਏ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸੀ ਰਾਸ਼ਟਰਪਤੀ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ ਸੀ, ਜਦੋਂ ਦੋਵਾਂ ਨੇਤਾਵਾਂ ਨੇ ਜੁਲਾਈ ਵਿਚ ਮਾਸਕੋ ਵਿਚ ਸਿਖਰ ਵਾਰਤਾ ਕੀਤੀ ਸੀ।

## ਸਾਊਦੀ ਅਰਬ ਵੱਲੋਂ ਇਸ ਸਾਲ ਹੁਣ ਤੱਕ 100 ਤੋਂ ਵੱਧ ਵਿਦੇਸ਼ੀਆਂ ਨੂੰ ਦਿੱਤੀ ਸਜ਼ਾ-ਏ-ਮੌਤ

**ਕਤਰ, (ਪੰਜਾਬ ਮੇਲ)-** ਸਾਊਦੀ ਅਰਬ ਨੇ ਇਸ ਸਾਲ 100 ਤੋਂ ਵੱਧ ਵਿਦੇਸ਼ੀ ਨਾਗਰਿਕਾਂ ਨੂੰ ਮੌਤ ਦੀ ਸਜ਼ਾ ਦਿੱਤੀ ਹੈ। ਹਾਲ ਹੀ ਵਿਚ ਯਮਨ ਦੇ ਇਕ ਨਾਗਰਿਕ ਨੂੰ ਮੱਧ ਪੂਰਬ ਦੇ ਰਾਜ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦੇ ਦੋਸ਼ ਵਿਚ ਮੌਤ ਦੀ ਸਜ਼ਾ ਦਿੱਤੀ ਗਈ ਸੀ। ਇਸ ਦੇ ਨਾਲ 2024 ਵਿਚ ਸਾਊਦੀ ਅਰਬ ਵੱਲੋਂ ਕੁੱਲ 101 ਵਿਦੇਸ਼ੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ। ਏ.ਐੱਫ.ਪੀ. ਦੀ ਰਿਪੋਰਟ ਮੁਤਾਬਕ ਇਹ ਅੰਕੜਾਂ 2023 ਅਤੇ 2022 ਦੇ ਅੰਕੜਿਆਂ ਨਾਲੋਂ ਤਿੰਨ ਗੁਣਾ ਜ਼ਿਆਦਾ ਹੈ, ਜਦੋਂ ਅਧਿਕਾਰੀਆਂ ਨੇ ਹਰ ਸਾਲ 34 ਵਿਦੇਸ਼ੀ ਨਾਗਰਿਕਾਂ ਨੂੰ ਮੌਤ ਦੀ ਸਜ਼ਾ ਦਿੱਤੀ ਸੀ। ਰਿਪੋਰਟ ਮੁਤਾਬਕ ਇਸ ਸਾਲ ਫਾਂਸੀ ਦਿੱਤੇ ਗਏ ਵਿਦੇਸ਼ੀਆਂ ’ਚ ਪਾਕਿਸਤਾਨ ਦੇ 21, ਯਮਨ ਦੇ 20, ਸੀਰੀਆ ਦੇ 14, ਨਾਈਜੀਰੀਆ ਦੇ 10, ਮਿਸਰ ਦੇ 9, ਜਾਰਡਨ ਦੇ 8, ਇਥੋਪੀਆ ਦੇ 7 ਅਤੇ ਸੂਡਾਨ, ਭਾਰਤ, ਅਫਗਾਨਿਸਤਾਨ ਤੋਂ 3-3 ਅਤੇ ਸ਼੍ਰੀਲੰਕਾ, ਇਰੀਟ੍ਰੀਆ ਅਤੇ ਫਿਲੀਪੀਨਜ਼ ਤੋਂ 1-1 ਸਨ।

ਬਰਲਿਨ ਸਥਿਤ ਯੂਰਪੀਅਨ-ਸਾਊਦੀ ਆਰਗੇਨਾਈਜ਼ੇਸ਼ਨ ਫਾਰ ਹਿਊਮਨ ਰਾਈਟਸ (ਈ.ਐੱਸ.ਓ.ਐੱਚ.ਆਰ.) ਦੇ ਕਾਨੂੰਨੀ ਨਿਰਦੇਸ਼ਕ ਤਾਹਾ ਅਲ-ਹਾਜੀ ਮੁਤਾਬਕ, “ਇਹ ਇੱਕ ਸਾਲ ਵਿਚ ਵਿਦੇਸ਼ੀ ਲੋਕਾਂ ਨੂੰ ਫਾਂਸੀ ਦਿੱਤੇ ਜਾਣ ਦੀ ਸਭ ਤੋਂ ਵੱਡੀ ਸੰਖਿਆ ਹੈ। ਇਸ ਤੋਂ ਪਹਿਲਾਂ ਸਾਊਦੀ ਅਰਬ ਨੇ ਇੱਕ ਸਾਲ ਵਿਚ ਕਦੇ ਵੀ 100 ਵਿਦੇਸ਼ੀਆਂ ਨੂੰ ਫਾਂਸੀ ਨਹੀਂ ਦਿੱਤੀ ਹੈ।” ਉਥੇ ਹੀ ਮਨੁੱਖੀ ਅਧਿਕਾਰ ਸਮੂਹਾਂ ਨੇ ਮੌਤ ਦੀ ਸਜ਼ਾ ਦੀ ਵਰਤੋਂ ’ਤੇ ਸਾਊਦੀ ਅਰਬ ਦੀ ਆਲੋਚਨਾ ਕੀਤੀ ਹੈ। ਐਮਨੇਸਟੀ ਇੰਟਰਨੈਸ਼ਨਲ ਦੇ ਅਨੁਸਾਰ, ਸਾਊਦੀ ਅਰਬ ਨੇ 2023 ਵਿਚ ਚੀਨ ਅਤੇ ਈਰਾਨ ਤੋਂ ਬਾਅਦ ਤੀਜੇ ਸਭ ਤੋਂ ਵੱਧ ਕੈਦੀਆਂ ਨੂੰ ਫਾਂਸੀ ਦਿੱਤੀ। ਇਸ ਸਾਲ ਖਾੜੀ ਦੇਸ਼ ਨੇ 3 ਦਹਾਕਿਆਂ ਤੋਂ ਵੱਧ ਸਮੇਂ ਵਿਚ ਵੱਡੀ ਗਿਣਤੀ ਵਿਚ ਫਾਂਸੀ ਦੀ ਸਜ਼ਾ ਦਿੱਤੀ। ਸਾਲ 1995 ਸਾਊਦੀ ਅਰਬ ਨੇ 192 ਲੋਕਾਂ ਨੂੰ ਫਾਂਸੀ ਦਿੱਤੀ ਸੀ ਅਤੇ 2022 ਵਿਚ 196 ਲੋਕਾਂ ਨੂੰ ਫਾਂਸੀ ਦਿੱਤੀ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ ’ਤੇ ਕਲਿੱਕ ਕਰੋ :
www.punjabmailusa.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV ’ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port ’ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ ’ਚ ਵੇਖੋ ਅਤੇ ਰੇਡੀਓ ’ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV ’ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਕੈਨੇਡਾ ਬਣ ਸਕਦੈ ਦੁਨੀਆਂ ਦੀ ਅਗਲੀ ਪਰਮਾਣੂ ਊਰਜਾ 'ਸੁਪਰਪਾਵਰ'!

ਓਟਾਵਾ, (ਪੰਜਾਬ ਮੇਲ)- ਵਿਸ਼ਵ ਵਿਚ ਵਧ ਰਹੇ ਜਲਵਾਯੂ ਸੰਕਟ ਦੇ ਹੱਲ ਲਈ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ। ਇਸ ਲਈ ਪ੍ਰਮਾਣੂ ਊਰਜਾ ਦੀ ਵਰਤੋਂ 'ਤੇ ਨਵੇਂ ਸਿਰੇ ਤੋਂ ਜ਼ੋਰ ਦਿੱਤਾ ਜਾ ਰਿਹਾ ਹੈ ਅਤੇ ਇਸ ਵਿਚ ਯੂਰੇਨੀਅਮ ਦੇ ਭੰਡਾਰ ਬਹੁਤ ਮਹੱਤਵਪੂਰਨ ਹਨ। ਅਜਿਹੀ ਸਥਿਤੀ ਵਿਚ ਪਰਮਾਣੂ ਊਰਜਾ ਵਿਚ ਕੈਨੇਡਾ ਦੀ ਭੂਮਿਕਾ ਭਵਿੱਖ ਵਿਚ ਅਹਿਮ ਬਣ ਸਕਦੀ ਹੈ। ਯੂਰੇਨੀਅਮ ਦੇ ਆਪਣੇ ਵਿਸ਼ਾਲ ਭੰਡਾਰਾਂ ਦੀ ਮਦਦ ਨਾਲ ਕੈਨੇਡਾ ਆਉਣ ਵਾਲੇ ਸਾਲਾਂ ਵਿਚ ਪ੍ਰਮਾਣੂ ਊਰਜਾ ਦੀ ਮਹਾਂਸ਼ਕਤੀ ਵੀ ਬਣ ਸਕਦਾ ਹੈ। ਦੋ ਦਹਾਕਿਆਂ ਤੋਂ ਯੂਰੇਨੀਅਮ ਮਾਈਨਿੰਗ 'ਤੇ ਕੰਮ ਕਰ ਰਹੇ ਕਾਰੋਬਾਰੀ ਲੇਅ ਕਿਊਰੀਰ ਦਾ ਕਹਿਣਾ ਹੈ ਕਿ ਇਸ ਖੇਤਰ ਨੂੰ ਲੈ ਕੇ ਦੁਨੀਆਂ ਦੇ ਨਜ਼ਰੀਏ 'ਚ ਵੱਡੀ ਤਬਦੀਲੀ ਆ ਰਹੀ ਹੈ।

ਬੀ.ਬੀ.ਸੀ. ਦੀ ਰਿਪੋਰਟ ਮੁਤਾਬਕ 2011 ਵਿਚ ਜਾਪਾਨ ਵਿਚ ਫੁਕੁਸ਼ੀਮਾ ਪਰਮਾਣੂ ਪਲਾਂਟ ਦੇ ਹਾਦਸੇ ਨੇ ਪਰਮਾਣੂ ਊਰਜਾ ਬਾਰੇ ਦੁਨੀਆਂ ਦਾ ਨਜ਼ਰੀਆ ਨਕਾਰਾਤਮਕ ਬਣਾ ਦਿੱਤਾ ਸੀ ਪਰ ਪਿਛਲੇ ਪੰਜ ਸਾਲਾਂ ਵਿਚ ਇਹ ਨਜ਼ਰੀਆ ਬਦਲ ਗਿਆ ਹੈ। ਇਹੀ ਕਾਰਨ ਹੈ ਕਿ ਇਸ ਸਾਲ ਯੂਰੇਨੀਅਮ ਦੀ ਗਲੋਬਲ ਕੀਮਤ 200 ਫੀਸਦੀ ਤੋਂ



ਜ਼ਿਆਦਾ ਵਧ ਗਈ ਹੈ। ਆਸਟ੍ਰੇਲੀਆਈ ਮੂਲ ਦੇ ਕਾਰੋਬਾਰੀ ਲੇਅ ਇਸ ਤਬਦੀਲੀ ਦਾ ਕ੍ਰੈਡਿਟ ਉਸ ਰਵੱਈਏ ਨੂੰ ਦਿੰਦੇ ਹਨ, ਜੋ 2018 ਵਿਚ ਬਿਲ ਗੇਟਸ ਦੁਆਰਾ ਪਰਮਾਣੂ ਸ਼ਕਤੀ ਨੂੰ "ਜਲਵਾਯੂ ਤਬਦੀਲੀ ਦਾ ਮੁਕਾਬਲਾ ਕਰਨ ਲਈ ਆਦਰਸ਼" ਦੱਸੇ ਜਾਣ ਤੋਂ ਬਾਅਦ ਆਈ ਹੈ।

ਲੇਅ ਕੈਨੇਡਾ ਦੇ ਉੱਤਰੀ ਸਸਕੈਚਵਨ ਵਿਚ ਯੂਰੇਨੀਅਮ-ਅਮੀਰ ਅਥਾਬਾਸਕਾ ਬੇਸਿਨ ਵਿਚ ਮਾਈਨਿੰਗ ਕਰਨ ਵਾਲੀ ਇੱਕ ਕੰਪਨੀ ਨੇਕਸਜੇਨ ਦਾ ਮੁਖੀ ਹੈ। ਇਸ ਪ੍ਰਾਜੈਕਟ ਦੀ ਲਾਗਤ ਕਰੀਬ ਚਾਰ ਅਰਬ ਡਾਲਰ ਹੈ। ਇਹ ਕੀਮਤ ਉਦੋਂ ਹੈ, ਜਦੋਂ ਇਹ ਖਾਨ 2028 ਤੋਂ ਬਾਅਦ ਹੀ ਵਪਾਰਕ ਤੌਰ 'ਤੇ ਚਾਲੂ ਹੋਵੇਗੀ। ਜੇਕਰ ਇਸ ਨੂੰ ਰੈਗੂਲੇਟਰਾਂ ਵੱਲੋਂ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਨੇਕਸਗੇਨ ਦਾ ਇਹ ਪ੍ਰੋਜੈਕਟ ਆਉਣ ਵਾਲੇ ਦਹਾਕੇ ਵਿਚ ਕੈਨੇਡਾ ਨੂੰ ਵਿਸ਼ਵ ਦਾ ਸਭ ਤੋਂ ਵੱਡਾ ਯੂਰੇਨੀਅਮ ਉਤਪਾਦਕ ਬਣਾ ਦੇਵੇਗਾ।

ਨੇਕਸਗੇਨ ਤੋਂ ਇਲਾਵਾ, ਕਈ ਹੋਰ ਕੰਪਨੀਆਂ ਵੀ ਖੇਤਰ ਵਿਚ ਮਾਈਨਿੰਗ ਪ੍ਰੋਜੈਕਟ ਸ਼ੁਰੂ ਕਰ ਰਹੀਆਂ ਹਨ। ਇਸ ਕਾਰਨ ਕਈ ਬੰਦ ਪਈਆਂ ਖਾਣਾਂ ਮੁੜ ਖੋਲ੍ਹ ਦਿੱਤੀਆਂ ਗਈਆਂ ਹਨ। ਮਾਈਨਿੰਗ ਕੰਪਨੀਆਂ ਕੈਨੇਡਾ ਨੂੰ ਪ੍ਰਮਾਣੂ ਊਰਜਾ ਦੇ ਪ੍ਰਮੁੱਖ ਖਿਡਾਰੀ ਵਜੋਂ ਦੇਖ ਰਹੀਆਂ ਹਨ, ਜੋ ਯੂਰੇਨੀਅਮ ਦੀ ਮੰਗ ਨੂੰ ਪੂਰਾ ਕਰਦਾ ਹੈ। ਸੀ.ਓ.ਪੀ. 28 ਜਲਵਾਯੂ ਸੰਮੇਲਨ ਵਿਚ, ਦੋ ਦਰਜਨ ਦੇਸ਼ਾਂ ਨੇ 2050 ਤੱਕ ਆਪਣੇ ਪ੍ਰਮਾਣੂ ਊਰਜਾ ਉਤਪਾਦਨ ਨੂੰ ਤਿੰਨ ਗੁਣਾ ਕਰਨ ਦਾ ਵਾਅਦਾ ਕੀਤਾ ਹੈ। ਅਜਿਹੇ 'ਚ ਆਉਣ ਵਾਲੇ ਸਮੇਂ 'ਚ ਇਸ 'ਤੇ ਖਾਸ ਜ਼ੋਰ ਦਿੱਤਾ ਜਾ ਰਿਹਾ ਹੈ।

ਮੈਕਮਾਸਟਰ ਯੂਨੀਵਰਸਿਟੀ ਦੇ ਨਿਊਕਲੀਅਰ ਇੰਜੀਨੀਅਰਿੰਗ ਦੇ ਪ੍ਰੋਫੈਸਰ ਮਾਰਕਸ ਪਿਰੋ ਦਾ ਕਹਿਣਾ ਹੈ ਕਿ ਕੈਨੇਡਾ ਦੇ ਅਥਾਬਾਸਕਾ ਖੇਤਰ ਨੂੰ ਖਾਸ ਬਣਾਉਣ ਵਾਲੀ ਗੱਲ ਇਹ ਹੈ ਕਿ ਇਸ ਦਾ ਯੂਰੇਨੀਅਮ ਖਾਸ ਤੌਰ 'ਤੇ ਉੱਚ ਦਰਜੇ ਦਾ ਹੈ। ਪੀਰੋ ਮੁਤਾਬਕ ਕੈਨੇਡਾ ਨੇ ਆਪਣੇ ਯੂਰੇਨੀਅਮ ਨੂੰ ਦੂਜੇ ਦੇਸ਼ਾਂ ਨੂੰ ਵੇਚਣ ਲਈ ਸਖ਼ਤ ਨਿਯਮ ਬਣਾਏ ਹਨ। ਕੈਨੇਡਾ ਨੇ ਇਸ ਦੀ ਵਰਤੋਂ ਸਿਰਫ ਪਰਮਾਣੂ ਊਰਜਾ ਉਤਪਾਦਨ ਲਈ ਕਰਨ ਦਾ ਹੁਕਮ ਦਿੱਤਾ ਹੈ। ਕੈਨੇਡਾ ਨੂੰ ਮਾਈਨਿੰਗ ਤੋਂ ਲੈ ਕੇ ਨਿਰਮਾਣ ਪੜਾਅ ਤੱਕ ਪ੍ਰਮਾਣੂ ਈਂਧਨ ਪੈਦਾ ਕਰਨ ਦੀ ਸਮਰੱਥਾ ਕਾਰਨ 'ਟੀਅਰ-ਵਨ ਪ੍ਰਮਾਣੂ ਰਾਸ਼ਟਰ' ਵਜੋਂ ਵੀ ਜਾਣਿਆ ਜਾਂਦਾ ਹੈ। ਕੈਨੇਡਾ ਵਰਤਮਾਨ ਵਿਚ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਯੂਰੇਨੀਅਮ ਉਤਪਾਦਕ ਹੈ, ਜੋ ਕੁੱਲ ਵਿਸ਼ਵ ਉਤਪਾਦਨ ਦਾ ਲਗਭਗ 13 ਪ੍ਰਤੀਸ਼ਤ ਹੈ। NexGen ਦਾ ਅੰਦਾਜ਼ਾ ਹੈ ਕਿ ਜਦੋਂ ਇਸਦੀ ਖਾਨ ਚਾਲੂ ਹੋ ਜਾਂਦੀ ਹੈ ਤਾਂ ਇਹ ਇਸ ਨੂੰ ਵਧਾ ਕੇ 25 ਪ੍ਰਤੀਸ਼ਤ ਕਰ ਦੇਵੇਗਾ।

ਪ੍ਰਮਾਣੂ ਊਰਜਾ ਨੂੰ ਕੁਦਰਤੀ ਗੈਸ ਜਾਂ ਕੋਲੇ ਵਰਗੇ ਹੋਰ ਬਾਲਣਾਂ ਨਾਲੋਂ ਘੱਟ ਕਾਰਬਨ ਨਿਕਾਸ ਲਈ ਜਾਣਿਆ ਜਾਂਦਾ ਹੈ। ਇਸ ਕਾਰਨ ਇਹ ਵਾਤਾਵਰਣ ਨੂੰ ਘੱਟ ਨੁਕਸਾਨ ਪਹੁੰਚਾਉਂਦਾ ਹੈ ਅਤੇ ਜਲਵਾਯੂ ਸੰਕਟ ਵਿਚ ਇੱਕ ਬਿਹਤਰ ਵਿਕਲਪ ਬਣ ਜਾਂਦਾ ਹੈ। ਵਰਲਡ ਨਿਊਕਲੀਅਰ ਐਸੋਸੀਏਸ਼ਨ ਦਾ ਅੰਦਾਜ਼ਾ ਹੈ ਕਿ ਦੁਨੀਆਂ ਭਰ ਵਿਚ ਪੈਦਾ ਹੋਣ ਵਾਲੀ ਬਿਜਲੀ ਦਾ 10 ਪ੍ਰਤੀਸ਼ਤ ਪ੍ਰਮਾਣੂ ਸਰੋਤਾਂ ਤੋਂ ਆਉਂਦਾ ਹੈ, ਜਦੋਂਕਿ 50 ਪ੍ਰਤੀਸ਼ਤ ਤੋਂ ਵੱਧ ਗੈਸ ਅਤੇ ਕੋਲੇ ਤੋਂ ਪੈਦਾ ਹੁੰਦਾ ਹੈ।

# ਬ੍ਰਿਟੇਨ 'ਚ 'ਟੈਕਸ ਵਾਧੇ' ਹਜ਼ਾਰਾਂ ਕਿਸਾਨਾਂ ਵੱਲੋਂ ਸੰਸਦ ਨੇੜੇ ਪ੍ਰਦਰਸ਼ਨ

**ਲੰਡਨ, (ਪੰਜਾਬ ਮੇਲ)**- ਬ੍ਰਿਟੇਨ ਸਰਕਾਰ ਵੱਲੋਂ ਟੈਕਸਾਂ 'ਚ ਵਾਧਾ ਕਰਨ ਦੇ ਫੈਸਲੇ ਖਿਲਾਫ ਮੰਗਲਵਾਰ ਨੂੰ ਹਜ਼ਾਰਾਂ ਕਿਸਾਨਾਂ ਨੇ ਸੰਸਦ ਨੇੜੇ ਪ੍ਰਦਰਸ਼ਨ ਕੀਤਾ। ਵਿਵਾਦ ਉਦੋਂ ਸ਼ੁਰੂ ਹੋਇਆ, ਜਦੋਂ ਸਰਕਾਰ ਨੇ ਪਿਛਲੇ ਮਹੀਨੇ ਆਪਣੇ ਬਜਟ 'ਚ 1990 ਦੇ ਦਹਾਕੇ ਤੋਂ ਲਾਗੂ ਟੈਕਸ ਛੋਟ ਨੂੰ ਖਤਮ ਕਰਨ ਦਾ ਫੈਸਲਾ ਕੀਤਾ, ਜਿਸ ਦੇ ਤਹਿਤ ਖੇਤੀਬਾੜੀ ਜਾਇਦਾਦ ਨੂੰ ਵਿਰਾਸਤੀ ਟੈਕਸ ਤੋਂ ਛੋਟ ਦਿੱਤੀ ਗਈ ਸੀ। ਇਸ ਦੇ ਵਿਰੋਧ 'ਚ ਕਿਸਾਨ ਬੈਨਰ ਅਤੇ ਖਿਡੌਣਾ ਟਰੈਕਟਰ ਲੈ ਕੇ ਸੜਕਾਂ 'ਤੇ ਉਤਰ ਆਏ।

ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇ ਡਾਊਨਿੰਗ ਸਟ੍ਰੀਟ ਦਫਤਰ ਦੇ ਆਲੇ-ਦੁਆਲੇ ਗਲੀਆਂ ਵਿਚ ਕਿਸਾਨਾਂ




ਦੁਆਰਾ ਕੀਤੇ ਗਏ ਪ੍ਰਦਰਸ਼ਨ ਦੇ ਸਹਿ-ਸੰਗਠਕ ਓਲੀ ਹੈਰੀਸਨ ਨੇ ਕਿਹਾ, "ਹਰ ਕੋਈ ਗੁੱਸੇ ਵਿਚ ਹੈ। ਪ੍ਰਬੰਧਕਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਕੇਂਦਰੀ ਲੰਡਨ ਵਿਚ ਖੇਤੀ ਮਸ਼ੀਨਰੀ ਨਾ ਲਿਆਉਣ ਦੀ ਅਪੀਲ ਕੀਤੀ। ਹਾਲਾਂਕਿ, ਕੁਝ ਟਰੈਕਟਰ ਡਾਊਨਿੰਗ ਸਟ੍ਰੀਟ ਦੇ ਨੇੜੇ ਤੋਂ ਲੰਘੇ। ਇਸ ਦੌਰਾਨ ਕਿਸਾਨਾਂ ਨੇ ਤਖ਼ਤੀਆਂ ਫੜੀਆਂ ਹੋਈਆਂ ਸਨ ਅਤੇ ਬੈਨਰ ਵੀ ਫੜੇ ਹੋਏ ਸਨ, ਜਿਨ੍ਹਾਂ 'ਤੇ ਲਿਖਿਆ ਸੀ, 'ਜੇ ਕਿਸਾਨ ਨਹੀਂ ਹੋਣਗੇ, ਤਾਂ ਰੋਟੀ ਨਹੀਂ ਮਿਲੇਗੀ', 'ਕਿਸਾਨਾਂ ਦੇ ਨਾਲ ਖੜ੍ਹੇ ਹੋਵੋ, ਸਟਾਰਮਰ ਨਾਲ ਨਹੀਂ।' ਹੋਰ 1,800 ਕਿਸਾਨਾਂ ਨੂੰ ਨੈਸ਼ਨਲ ਫਾਰਮਰਜ਼ ਯੂਨੀਅਨ (ਐੱਨ.ਐੱਫ.ਯੂ.) ਦੁਆਰਾ ਆਯੋਜਿਤ ਸੰਸਦ ਮੈਂਬਰਾਂ ਦੀ "ਮਾਸ ਲਾਬੀ" ਲਈ ਸੰਸਦ ਵਿਚ ਬੁਲਾਇਆ ਗਿਆ ਸੀ। 'ਮਾਸ ਲਾਬੀ' ਉਦੋਂ ਹੁੰਦੀ ਹੈ, ਜਦੋਂ ਵੱਡੀ ਗਿਣਤੀ ਵਿਚ ਲੋਕ ਆਪਣੇ ਸੰਸਦ ਮੈਂਬਰਾਂ ਅਤੇ ਉੱਚ ਸਦਨ ਦੇ ਮੈਂਬਰਾਂ ਨਾਲ ਪਹਿਲਾਂ ਹੀ ਸੰਪਰਕ ਕਰਦੇ ਹਨ ਅਤੇ ਉਸੇ ਦਿਨ ਉਨ੍ਹਾਂ ਨੂੰ ਸੰਸਦ ਵਿਚ ਮਿਲਣ ਦਾ ਪ੍ਰਬੰਧ ਕਰਦੇ ਹਨ। ਮਾਸ ਲਾਬੀਆਂ ਆਮ ਤੌਰ 'ਤੇ ਵੱਡੇ ਰਾਸ਼ਟਰੀ ਜਾਂ ਖੇਤਰੀ ਮੁਹਿੰਮ ਸਮੂਹਾਂ ਦੁਆਰਾ ਆਯੋਜਿਤ ਕੀਤੀਆਂ ਜਾਂਦੀਆਂ ਹਨ, ਜੋ ਉਨ੍ਹਾਂ ਨੂੰ ਲੰਡਨ ਵਿਚ ਇੱਕ ਜਨਤਕ ਰੈਲੀ ਜਾਂ ਪ੍ਰਦਰਸ਼ਨ ਦੇ ਨਾਲ ਸੰਗਠਿਤ ਕਰਦੇ ਹਨ।

# ਡੈਨਮਾਰਕ ਦੀ ਵਿਕਟੋਰੀਆ ਬਣੀ ਮਿਸ ਯੂਨੀਵਰਸ

**■ ਭਾਰਤ ਦੀ ਰੀਆ ਸਿੰਘਾ ਸਿਖਰਲੀਆਂ 30 ਸੁੰਦਰੀਆਂ ਵਿਚ ਸ਼ਾਮਲ**

**ਨਵੀਂ ਦਿੱਲੀ, (ਪੰਜਾਬ ਮੇਲ)**- ਡੈਨਮਾਰਕ ਦੀ ਵਿਕਟੋਰੀਆ ਕਜੇਅਰ ਥੇਲਵਿਗ ਨੇ ਸਾਲ 2024 ਦਾ ਮਿਸ ਯੂਨੀਵਰਸ ਦਾ ਖ਼ਿਤਾਬ ਜਿੱਤਿਆ ਹੈ। ਕੌਮਾਂਤਰੀ ਖ਼ੂਬਸੂਰਤੀ ਮੁਕਾਬਲੇ ਦਾ ਪੁਰਸਕਾਰ ਪਹਿਲੀ ਵਾਰ ਡੈਨਮਾਰਕ ਦੀ ਝੋਲੀ ਪਿਆ ਹੈ। ਇਸ ਮੁਕਾਬਲੇ ਦਾ 73ਵਾਂ ਐਡੀਸ਼ਨ ਲੰਘੀ ਰਾਤ ਮੈਕਸਿਕੋ ਦੇ ਐਰੇਨਾ ਸ਼ਹਿਰ 'ਚ ਕਰਵਾਇਆ ਗਿਆ, ਜਿਸ ਵਿਚ 120 ਮੁਲਕਾਂ ਦੀਆਂ ਸੁੰਦਰੀਆਂ ਨੇ ਹਿੱਸਾ ਲਿਆ। ਇਸ ਮੁਕਾਬਲੇ 'ਚ ਮਿਸ ਨਾਇਜੀਰੀਆ ਚਿਡਿੰਮਾ ਐਡੇਟਸ਼ਾਈਨਾ ਨੂੰ ਦੂਜਾ, ਜਦਕਿ ਮਿਸ ਮੈਕਸਿਕੋ ਮਾਰੀਆ ਫਰਨਾਂਡਾ ਬੈਲਟਰਾਨ ਨੂੰ ਤੀਜਾ ਸਥਾਨ ਹਾਸਲ ਹੋਇਆ ਹੈ।

ਮਿਸ ਯੂਨੀਵਰਸ ਦੇ ਅਧਿਕਾਰਤ ਇੰਸਟਾਗ੍ਰਾਮ ਪੇਜ 'ਤੇ ਇੱਕ ਪੋਸਟ 'ਚ ਲਿਖਿਆ ਗਿਆ, 'ਇੱਕ ਨਵੇਂ ਯੁੱਗ ਦੀ ਸ਼ੁਰੂਆਤ! ਡੈਨਮਾਰਕ ਨੂੰ 73ਵੀਂ ਮਿਸ ਯੂਨੀਵਰਸ ਦੀ



**ਮਿਸ ਯੂਨੀਵਰਸ ਦਾ ਖਿਤਾਬ ਜਿੱਤਣ ਮਗਰੋਂ ਖ਼ੁਸ਼ੀ ਜ਼ਾਹਰ ਕਰਦੀ ਹੋਈ ਡੈਨਮਾਰਕ ਦੀ ਵਿਕਟੋਰੀਆ ਕਜੇਅਰ ਥੇਲਵਿਗ।**

ਵਧਾਈ। ਉਮੀਦ ਹੈ ਕਿ ਤੁਹਾਡਾ ਦੌਰ ਦੁਨੀਆਂ ਭਰ ਦੀਆਂ ਮਹਿਲਾਵਾਂ ਨੂੰ ਪ੍ਰੇਰਿਤ ਕਰੇਗਾ।' ਹੀਰੇ ਵੇਚਣ ਦੇ ਕਾਰੋਬਾਰ 'ਚ ਕੰਮ ਕਰਨ ਵਾਲੀ ਤੇ ਪਸ਼ੂਆਂ ਦੀ ਰਾਖੀ ਕਰਨ ਵਾਲੀ ਵਕੀਲ ਥੇਲਵਿਗ ਨੂੰ ਨਿਕਾਰਾਗੁਆ ਦੀ ਮਿਸ ਯੂਨੀਵਰਸ 2023 ਸ਼ੇਨਿਸ ਪਲੈਸਿਓਸ ਨੇ ਜਿੱਤ ਦਾ ਤਾਜ ਪਹਿਨਾਇਆ। ਮੁਕਾਬਲੇ 'ਚ ਭਾਰਤ ਦੀ ਨੁਮਾਇੰਦਗੀ ਕਰ ਰਹੀ ਰੀਆ ਸਿੰਘਾ ਸਿਖਰਲੀਆਂ 30 ਸੁੰਦਰੀਆਂ ਦੀ ਸੂਚੀ 'ਚ ਸ਼ਾਮਲ ਰਹੀ। ਮਿਸ ਯੂਨੀਵਰਸ 2024 ਦੇ ਮੁਕਾਬਲੇ ਦੀ ਮੇਜ਼ਬਾਨੀ ਮਾਰੀਓ ਲੋਪੇਜ਼, ਮਿਸ ਯੂਨੀਵਰਸ 2012 ਓਲੀਵੀਆ ਕੁਲਪੋ, ਪ੍ਰੈਜ਼ੈਂਟਰ ਜ਼ੂਰੀ ਹਾਲ ਅਤੇ ਮਿਸ ਯੂਨੀਵਰਸ 2018 ਕੈਟਰੀਓਨਾ ਗਰੇਅ ਨੇ ਕੀਤੀ। ਮੈਕਸਿਕੋ ਨੇ ਤੀਜੀ ਵਾਰ ਇਸ ਮੁਕਾਬਲੇ ਦੀ ਮੇਜ਼ਬਾਨੀ ਕੀਤੀ ਹੈ।

## ਯੂ.ਪੀ. 'ਚ ਸਾਬਕਾ ਪਾਕਿ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਨਾਲ ਜੁੜੀ ਜ਼ਮੀਨ ਦੀ ਹੋਈ ਨਿਲਾਮੀ

**ਬਾਗਪਤ, (ਪੰਜਾਬ ਮੇਲ)**- ਉੱਤਰ ਪ੍ਰਦੇਸ਼ ਦੇ ਬਾਗਪਤ ਜ਼ਿਲ੍ਹੇ ਦੇ ਕੋਟਾਨਾ 'ਚ ਸਥਿਤ ਤੇ ਦੁਸ਼ਮਣ ਜਾਇਦਾਦ ਕਰਾਰ ਦਿੱਤੀ ਗਈ ਦੋ ਹੈਕਟੇਅਰ ਜ਼ਮੀਨ ਤਿੰਨ ਵਿਅਕਤੀਆਂ ਨੇ 1 ਕਰੋੜ 38 ਲੱਖ 16 ਹਜ਼ਾਰ ਰੁਪਏ ਵਿਚ ਖਰੀਦੀ ਹੈ ਅਤੇ ਨਿਲਾਮੀ ਦੀ ਇਸ ਰਕਮ ਦਾ ਚੌਥਾ ਹਿੱਸਾ ਪੈਸਾ ਜਮ੍ਹਾਂ ਕਰਵਾ ਦਿੱਤਾ ਗਿਆ ਹੈ। ਨਿਲਾਮੀ ਵਿਚ ਵੇਚੀ ਗਈ ਇਹ ਜ਼ਮੀਨ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਨਾਲ ਸਬੰਧਤ ਦੱਸੀ ਜਾਂਦੀ ਹੈ, ਹਾਲਾਂਕਿ ਇਹ ਵੀ ਆਖਿਆ ਜਾਂਦਾ ਹੈ ਕਿ ਪਰਵੇਜ਼ ਮੁਸ਼ੱਰਫ਼ ਇਸ ਜ਼ਮੀਨ ਵਿਚ ਕਦੇ ਵੀ ਨਹੀਂ ਆਏ ਸਨ।

ਜ਼ਿਲ੍ਹੇ ਦੇ ਐਡੀਸ਼ਨਲ ਜ਼ਿਲ੍ਹਾ ਮੈਜਿਸਟਰੇਟ (ਏ.ਡੀ.ਐੱਮ.) ਪੰਕਜ ਵਰਮਾ ਨੇ ਇਹ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕੁੱਲ 13 ਵਿੱਘੇ ਜ਼ਮੀਨ ਵਾਲੇ ਅੱਠ ਪਲਾਟ ਤਿੰਨ ਵਿਅਕਤੀਆਂ ਵੱਲੋਂ ਆਨਲਾਈਨ ਨਿਲਾਮੀ ਰਾਹੀਂ 1 ਕਰੋੜ 38 ਲੱਖ 16 ਹਜ਼ਾਰ ਰੁਪਏ ਵਿਚ ਖਰੀਦੇ ਗਏ ਸਨ।

ਸਫਾ 1 ਦਾ ਬਾਕੀ

## ਪੰਜਾਬ ਦੇ 4 ਹਲਕਿਆਂ 'ਚ ਜ਼ਿਮਨੀ...

ਵੱਲੋਂ ਅੰਮ੍ਰਿਤਾ ਵੜਿੰਗ, ਬੀ.ਜੇ.ਪੀ. ਵੱਲੋਂ ਮਨਪ੍ਰੀਤ ਸਿੰਘ ਬਾਦਲ ਅਤੇ ਆਮ ਆਦਮੀ ਪਾਰਟੀ ਵੱਲੋਂ ਹਰਦੀਪ ਸਿੰਘ ਡਿੰਪੀ ਢਿੱਲੋਂ ਚੋਣ ਮੈਦਾਨ ਵਿਚ ਸਨ। ਬਰਨਾਲਾ ਤੋਂ ਭਾਜਪਾ ਵੱਲੋਂ ਕੇਵਲ ਸਿੰਘ ਢਿੱਲੋਂ, ਕਾਂਗਰਸ ਵੱਲੋਂ ਕੁਲਦੀਪ ਸਿੰਘ ਢਿੱਲੋਂ ਅਤੇ ਆਮ ਆਦਮੀ ਪਾਰਟੀ ਵੱਲੋਂ ਹਰਿੰਦਰ ਸਿੰਘ ਧਾਲੀਵਾਲ ਨੂੰ ਆਪਣਾ ਉਮੀਦਵਾਰ ਖੜ੍ਹਾ ਕੀਤਾ ਗਿਆ ਸੀ।

ਡੇਰਾ ਬਾਬਾ ਨਾਨਕ ਵਿਧਾਨ ਸਭਾ ਹਲਕੇ ਤੋਂ ਭਾਜਪਾ ਵੱਲੋਂ ਰਵੀ ਕਰਨ ਸਿੰਘ ਕਾਹਲੋਂ, ਕਾਂਗਰਸ ਵੱਲੋਂ ਜਤਿੰਦਰ ਕੌਰ ਰੰਧਾਵਾ ਅਤੇ ਆਮ ਆਦਮੀ ਪਾਰਟੀ ਵੱਲੋਂ ਗੁਰਦੀਪ ਸਿੰਘ ਰੰਧਾਵਾ ਨੂੰ ਚੋਣ ਉਮੀਦਵਾਰ ਵਿਚ ਉਤਾਰਿਆ ਗਿਆ ਸੀ।

ਰਾਖਵਾਂ ਹਲਕਾ ਚੱਬੇਵਾਲ ਤੋਂ ਇਨ੍ਹਾਂ ਜ਼ਿਮਨੀ ਚੋਣਾਂ ਲਈ ਕਾਂਗਰਸ ਪਾਰਟੀ ਨੇ ਰਣਜੀਤ ਕੁਮਾਰ ਨੂੰ, ਆਮ ਆਦਮੀ ਪਾਰਟੀ ਨੂੰ ਇਸ਼ਾਂਨ ਚੱਬੇਵਾਲ ਨੂੰ ਚੋਣ ਮੈਦਾਨ 'ਚ ਉਤਾਰਿਆ ਸੀ। ਇਨ੍ਹਾਂ ਉਮੀਦਵਾਰਾਂ ਤੋਂ ਇਲਾਵਾ ਕੁੱਝ ਹੋਰ ਉਮੀਦਵਾਰਾਂ ਦੀ ਵੀ ਕਿਸਮਤ ਈ.ਵੀ.ਐੱਮ. 'ਚ ਬੰਦ ਹੋ ਗਈ ਹੈ ਅਤੇ ਇਨ੍ਹਾਂ ਦੀ ਕਿਸਮਤ ਦਾ ਫੈਸਲਾ 23 ਨਵੰਬਰ ਨੂੰ ਹੋਵੇਗਾ।

ਸਫਾ 1 ਦਾ ਬਾਕੀ

## ਬ੍ਰਿਟਿਸ਼ ਕੋਲੰਬੀਆ ਮੰਤਰੀ ਮੰਡਲ 'ਚ...

ਰਵੀ ਪਰਮਾਰ ਨੂੰ ਜੰਗਲਾਤ ਮੰਤਰੀ ਬਣਾਇਆ ਗਿਆ ਹੈ। ਰਵੀ ਕਾਹਲੋਂ ਨੂੰ ਪਹਿਲੇ ਵਿਭਾਗ ਹਾਊਸਿੰਗ ਦੇ ਨਾਲ ਹੁਣ ਮਿਊਂਸਿਪਲ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ। 24 ਮੰਤਰੀਆਂ ਅਤੇ ਚਾਰ ਰਾਜ ਮੰਤਰੀਆਂ ਦੇ ਨਾਲ ਕੁਝ ਪਾਰਲੀਮਾਨੀ ਸਕੱਤਰ ਵੀ ਬਣਾਏ ਗਏ ਹਨ, ਜਿਨ੍ਹਾਂ ਵਿਚ ਜੈਸੀ ਸੁੰਨੜ, ਹਰਵਿੰਦਰ ਸੰਧੂ, ਆਮਨਾ ਸ਼ਾਹ ਤੇ ਸੁਨੀਤਾ ਧੀਰ ਸ਼ਾਮਲ ਹਨ। ਡੇਵਿਡ ਈਬੀ ਵੱਲੋਂ ਸਾਰੇ ਭਾਈਚਾਰਿਆਂ ਦੀ ਹੋਂਦ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਨੂੰ ਵਿਧਾਨ ਸਭਾ ਵਿਚ ਬਣਦਾ ਹਿੱਸਾ ਦਿੱਤਾ ਗਿਆ ਹੈ। ਉਨ੍ਹਾਂ ਔਰਤਾਂ ਨੂੰ ਵੀ ਬਰਾਬਰਤਾ ਨਾਲ ਨਿਵਾਜਿਆ ਹੈ। ਪਿਛਲੇ ਮੰਤਰੀ ਮੰਡਲ ਵਿਚ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ ਕੁਝ ਆਗੂਆਂ ਦੇ ਵਿਭਾਗ ਇਸ ਵਾਰ ਬਦਲ ਦਿੱਤੇ ਗਏ ਹਨ। ਸੱਤ ਸਾਲ ਤੋਂ ਸਿਹਤ ਮੰਤਰੀ ਵਜੋਂ ਸੇਵਾਵਾਂ ਨਿਭਾਅ ਰਹੇ ਐਂਡਰੀਅਨ ਡਿਕਸ ਨੂੰ ਇਸ ਵਾਰ ਊਰਜਾ ਵਿਭਾਗ ਦਿੱਤਾ ਗਿਆ ਹੈ।

ਸਫਾ 1 ਦਾ ਬਾਕੀ

## ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ...

ਘਟਨਾਵਾਂ ਨਾਲ ਇਤਿਹਾਸ ਭਰਿਆ ਪਿਆ ਹੈ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਜਿਹਾਦੀ ਗਰੁੱਪ, ਤਮਿਲ ਟਾਈਗਰ ਤੇ ਖਾਲਿਸਤਾਨੀ ਸੋਚ ਵਾਲੇ ਲੋਕਾਂ ਨੂੰ ਪਨਾਹ ਦੇ ਕੇ ਪੁਸ਼ਤ ਪਨਾਹੀ ਕਰਨ ਦੀ ਗਲਤੀ ਦੇ ਨਤੀਜੇ ਹੁਣ ਸਾਰੇ ਦੇਸ਼ ਵਾਸੀਆਂ ਨੂੰ ਭੁਗਤਣੇ ਪੈ ਰਹੇ ਨੇ। ਇਸ ਮੌਕੇ ਉਨ੍ਹਾਂ ਨੂੰ ਸ਼ਾਂਤੀ ਪੁਰਸਕਾਰ ਨਾਲ ਵੀ ਸਨਮਾਨਿਆ ਗਿਆ।

ਸਫਾ 1 ਦਾ ਬਾਕੀ

## ਸੁਖਬੀਰ ਦਾ ਅਸਤੀਫ਼ਾ ਹੋਇਆ...

ਕਮੇਟੀ ਦਾ ਕਹਿਣਾ ਹੈ ਕਿ ਸਾਨੂੰ ਸੁਖਬੀਰ ਬਾਦਲ ਦੀ ਲੀਡਰਸ਼ਿਪ 'ਤੇ ਪੂਰਾ ਭਰੋਸਾ ਹੈ ਤੇ ਅਸੀਂ ਚਾਹੁਦੇ ਹਾਂ ਕਿ ਉਹ ਅੱਗੇ ਵੀ ਪ੍ਰਧਾਨ ਵਜੋਂ ਪਾਰਟੀ ਦੀ ਅਗਵਾਈ ਕਰਦੇ ਰਹਿਣ, ਇਸ ਵੇਲੇ ਦੀ ਇਹ ਮੁੱਖ ਲੋੜ ਹੈ। ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਉਨ੍ਹਾਂ ਨੂੰ ਜ਼ਿਲ੍ਹਾ ਪ੍ਰਧਾਨਾਂ, ਹਲਕਾ ਇੰਚਾਰਜਾਂ, ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਯੂਥ ਅਕਾਲੀ ਦਲ ਤੇ ਇਸਤਰੀ ਅਕਾਲੀ ਦਲ ਦੇ ਮੈਂਬਰਾਂ ਤੋਂ ਸੁਖਬੀਰ ਅਸਤੀਫ਼ਾ ਦਣ ਮਗਰੋਂ ਦੋ ਦਿਨਾਂ ਵਿਚ ਅਣਗਿਣਤ ਫੋਨ ਆਏ ਹਨ। ਕੁਝ ਮੈਂਬਰਾਂ ਨੇ ਤਾਂ ਪਾਰਟੀ ਪ੍ਰਧਾਨ ਨਾਲ ਇਕਜੁੱਟਤਾ ਪ੍ਰਗਟ ਕਰਨ ਵਾਸਤੇ ਆਪੋ-ਆਪਣੇ ਅਸਤੀਫੇ ਵੀ ਭੇਜ ਦਿੱਤੇ ਹਨ।

ਉਨ੍ਹਾਂ ਕਿਹਾ ਕਿ ਇਹ ਸਾਰੇ ਵਾਪਰ ਰਹੇ ਘਟਨਾਕ੍ਰਮ ਤੋਂ ਚਿੰਤਤ ਹਨ ਅਤੇ ਨਿੱਜੀ ਤੌਰ 'ਤੇ ਆਪਣਾ ਰੋਸ ਵੀ ਜ਼ਾਹਰ ਕਰ ਰਹੇ ਹਨ।

ਸਫਾ 1 ਦਾ ਬਾਕੀ

## ਟਰੰਪ ਦੇ ਰਾਸ਼ਟਰਪਤੀ ਚੁਣੇ ਜਾਣ ਮਗਰੋਂ...

ਨਿਰਧਾਰਤ ਕੀਤੇ ਗਏ ਹਨ, ਜਿਸ ਦੇ ਤਹਿਤ ਕੈਨੇਡਾ ਭਰ ਵਿਚ ਦਾਖਲੇ ਦੀਆਂ 35 ਜ਼ਮੀਨੀ ਬੰਦਰਗਾਹਾਂ 'ਤੇ ਸੇਵਾ ਸਮੇਂ ਵਿਚ ਬਦਲਾਅ ਕੀਤਾ ਗਿਆ ਹੈ। ਏਜੰਸੀ ਨੇ ਕਿਹਾ ਕਿ ਯੂ.ਐੱਸ.-ਕੈਨੇਡਾ ਅਲਾਈਨਮੈਂਟ ਦੋਵਾਂ ਦੇਸ਼ਾਂ ਨੂੰ ਅਪ੍ਰਵਾਨਿਤ ਯਾਤਰੀਆਂ ਅਤੇ ਸਾਮਾਨ ਨੂੰ ਦੂਜੇ ਦੇਸ਼ ਨੂੰ ਵਾਪਸ ਕਰਨ ਦੀ ਆਗਿਆ ਦੇਵੇਗੀ, ਜੋ ਕਿ ਉਦੋਂ ਵਧੇਰੇ ਮੁਸ਼ਕਲ ਹੁੰਦਾ ਹੈ, ਜਦੋਂ ਸਰਹੱਦ ਦਾ ਇੱਕ ਪਾਸਾ ਬੰਦ ਹੁੰਦਾ ਹੈ, ਜਦੋਂ ਕਿ ਦੂਜਾ ਖੁੱਲ੍ਹਾ ਰਹਿੰਦਾ ਹੈ।

ਰੀਲੀਜ਼ ਅਨੁਸਾਰ ਇਹ ਉਪਾਅ ਸੀ.ਬੀ.ਐੱਸ.ਏ. ਨੂੰ ਪ੍ਰਵੇਸ਼ ਦੀਆਂ ਵਿਅਸਤ ਬੰਦਰਗਾਹਾਂ 'ਤੇ ਅਫਸਰਾਂ ਨੂੰ ਤਾਇਨਾਤ ਕਰਕੇ ਆਪਣੇ ਸਰੋਤਾਂ ਦੀ ਵਧੇਰੇ ਕੁਸ਼ਲਤਾ ਨਾਲ ਵਰਤੋਂ ਕਰਨ ਦੀ ਆਗਿਆ ਦੇਵੇਗਾ, ਜਿਸ ਵਿਚ ਕਾਨੂੰਨ ਲਾਗੂ ਕਰਨ ਦੀਆਂ ਗਤੀਵਿਧੀਆਂ ਦਾ ਪ੍ਰਬੰਧਨ ਕਰਦੇ ਹੋਏ ਯਾਤਰੀਆਂ ਅਤੇ ਸਾਮਾਨ ਦੀ ਵਾਪਸੀ ਦੀ ਪ੍ਰਕਿਰਿਆ ਬਿਹਤਰ ਹੋਵੇਗੀ। ਇਸ ਵਿਚ ਕਿਹਾ ਗਿਆ ਹੈ ਕਿ ਪ੍ਰਵੇਸ਼ ਦੀਆਂ ਲਗਭਗ ਸਾਰੀਆਂ ਬੰਦਰਗਾਹਾਂ ਉਨ੍ਹਾਂ ਘੰਟਿਆਂ ਦੌਰਾਨ ਔਸਤਨ ਦੋ ਜਾਂ ਘੱਟ ਕਾਰਾਂ ਜਾਂ ਵਪਾਰਕ ਟਰੱਕਾਂ ਦੀ ਪ੍ਰਤੀ ਘੰਟਾ ਪ੍ਰਕਿਰਿਆ ਕਰ ਰਹੀਆਂ ਹਨ, ਜੋ ਹੁਣ ਕੰਮ ਨਹੀਂ ਕਰਨਗੇ ਅਤੇ ਯਾਤਰੀਆਂ ਕੋਲ 100 ਕਿਲੋਮੀਟਰ ਦੇ ਘੇਰੇ ਵਿਚ ਇੱਕ ਵਿਕਲਪਿਕ ਸਰਹੱਦ ਪਾਰ ਕਰਨ ਦਾ ਵਿਕਲਪ ਹੈ। ਇੱਥੇ ਦੱਸ ਦਈਏ ਕਿ ਸੰਯੁਕਤ ਰਾਜ ਅਤੇ ਕੈਨੇਡਾ ਦੁਨੀਆਂ ਦੀ ਸਭ ਤੋਂ ਲੰਬੀ ਅੰਤਰਰਾਸ਼ਟਰੀ ਸਰਹੱਦ ਨੂੰ ਸਾਂਝਾ ਕਰਦੇ ਹਨ, ਜੋ ਕਿ 8,891 ਕਿਲੋਮੀਟਰ ਤੱਕ ਫੈਲੀ ਹੋਈ ਹੈ, ਜਿਸ ਵਿਚ 120 ਜ਼ਮੀਨੀ ਬੰਦਰਗਾਹਾਂ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

# PUNJAB MAIL USA

## TV Channel, Newspaper, Radio

**All over America, Canada, Australia & Europe**

## 24 Hours 7 Days



**Gold # 2867, Gem # 375, TV Zon # 6888,**
**Glow TV # 1828, Tashan # 131, Real TV etc.**

For any Information & Advertisement Call at

## +1-916-320-9444

E-mail: punjabmailtv@gmail.com

Iphone/Andriod App : Punjab Mail USA

Web: punjabmailusa.com

Facebook Page : Punjab Mail USA

## ਬਾਬੇ ਤਾਰੇ ਚਾਰਿ ਚਕਿ

# ਬਾਬਾ ਨਾਨਕ ਜੀ ਦਾ ਖਾਨਦਾਨੀ ਪਿਛੋਕੜ

-ਦਿਲਜੀਤ ਸਿੰਘ ਬੇਦੀ
ਮੋ: 76579-68570
ਪੰਜਾਬ ਮੇਲUSA



ਬਾਬੇ ਤਾਰੇ ਚਾਰਿ ਚਕਿ ਪੁਸਤਕ ਸ. ਜਗਦੀਸ਼ ਸਿੰਘ ਢਿੱਲੋਂ ਦੀ ਕਈ ਦਹਾਕਿਆਂ ਦੀ ਘਾਲਣਾ ਹੈ। ਉਹ ਗੁਰੂ ਨਾਨਕ ਜੀ ਦੇ ਜੀਵਨ, ਪਿਛੋਕੜ ਤੇ ਰਾਜਨੀਤਿਕ, ਧਾਰਮਿਕ, ਸਮਾਜਿਕ ਹਾਲਾਤਾਂ ਦਾ ਜਿਥੇ ਮੁਲਾਂਕਣ ਕਰਦਾ ਹੈ, ਉਥੇ ਉਨ੍ਹਾਂ ਦੇ ਜੀਵਨ ਸਬੰਧੀ ਨਵੇਂ ਤੱਥ ਵੀ ਪੇਸ਼ ਕਰਦਾ ਹੈ। ਬਾਬਾ ਨਾਨਕ ਦੇ ਪੜਦਾਦਾ 'ਰਾਮ ਨਾਰਾਇਣ ਬੇਦੀ' ਖਤਰੀ ਦੇ ਘਰ ਬਾਬਾ ਨਾਨਕ ਦੇ ਦਾਦਾ 'ਸ਼ਿਵ ਨਾਰਾਇਣ' ਜੀ ਦਾ ਜਨਮ 1418 ਈ. ਨੂੰ ਪਿੰਡ ਪਠੇਵਿੰਡ ਜ਼ਿਲ੍ਹਾ ਤਰਨਤਾਰਨ ਵਿਖੇ ਹੋਇਆ। ਬਾਬਾ ਰਾਮ ਨਾਰਾਇਣ ਦੇ ਘਰ ਬਾਬਾ ਸ਼ਿਵ ਨਾਰਾਇਣ ਤੋਂ ਬਿਨਾਂ ਇਕ ਹੋਰ ਪੁੱਤਰ ਬਾਬਾ 'ਸੰਪਤ' ਜੀ ਵੀ ਸੀ। ਬਾਬਾ ਸ਼ਿਵ ਨਾਰਾਇਣ ਦੇ ਜੁਆਨ ਹੋਣ ਉਤੇ ਬਾਬਾ ਸ਼ਿਵ ਨਾਰਾਇਣ ਜੀ ਦਾ ਵਿਆਹ 1431 ਈ. ਨੂੰ ਮਾਤਾ ਬਨਾਰਸੀ ਦੇਵੀ ਨਾਲ ਹੋਇਆ। ਬਾਬਾ ਸ਼ਿਵ ਨਾਰਾਇਣ ਦੇ ਘਰ ਮਾਤਾ ਬਨਾਰਸੀ ਦੇਵੀ ਦੇ ਉਦਰ ਤੋਂ ਬਾਬਾ ਨਾਨਕ ਦੇ ਪਿਤਾ ਕਲਿਆਣ ਰਾਏ ਉਰਫ ਕਾਲੂ ਜੀ ਦਾ ਜਨਮ 1440 ਈ. ਨੂੰ ਅਤੇ ਬਾਬਾ ਨਾਨਕ ਦੇ ਚਾਚਾ ਲਾਲ ਚੰਦ ਉਰਫ ਲਾਲੂ ਜੀ ਦਾ ਜਨਮ 1443 ਈ. ਨੂੰ ਹੋਇਆ।

ਬਾਬਾ ਕਾਲੂ ਜੀ ਦਾ ਵਿਆਹ 1461 ਈ. ਨੂੰ ਪਿੰਡ ਚਾਹਲ (ਜ਼ਿਲ੍ਹਾ ਲਾਹੌਰ) ਵਾਸੀ ਬਾਬਾ ਰਾਮਦੇਵ ਝੰਗੜ ਅਤੇ ਮਾਤਾ ਸਭਰਾਈ ਜੀ ਦੀ ਪੁੱਤਰੀ ਮਾਤਾ ਤ੍ਰਿਪਤਾ ਜੀ ਨਾਲ ਹੋਇਆ। ਬਾਬਾ ਰਾਮ ਦੇਵ ਦੇ ਇਕ ਪੁੱਤਰ ਕ੍ਰਿਸ਼ਨ ਚੰਦ ਜੀ ਵੀ ਸੀ। ਬਾਬਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਨੇ 1464 ਈ. ਨੂੰ ਆਪਣੀ ਪਹਿਲੀ ਸੰਤਾਨ ਬੀਬੀ ਨਾਨਕੀ ਨੂੰ ਆਪਣੇ ਪੇਕੇ ਪਿੰਡ ਚਾਹਲ ਵਿਖੇ ਜਨਮ ਦਿੱਤਾ ਅਤੇ 1469 ਈ. ਨੂੰ ਗੁਰੂ ਨਾਨਕ ਦੇਵ ਜੀ ਨੇ ਤਲਵੰਡੀ ਰਾਏ ਭੋਏ ਵਿਖੇ ਅਵਤਾਰ ਧਾਰਿਆ। ਬਾਬਾ ਨਾਨਕ ਦਾ ਜਨਮ ਦਿਨ ਪੁਰਾਣੇ ਸਮੇਂ ਤੋਂ ਹੀ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ।

ਬਾਬਾ ਨਾਨਕ ਜੀ ਦਾ ਵਿਆਹ ਬਟਾਲਾ ਨਿਵਾਸੀ ਭਾਈ ਮੂਲ ਚੰਦ ਚੋਣੇ ਖੱਤਰੀ ਦੀ ਪੁੱਤਰੀ ਮਾਤਾ ਸੁਲੱਖਣੀ ਜੀ ਨਾਲ 24 ਜੇਠ 1544 ਬਿ. (1487) ਨੂੰ ਬਟਾਲਾ ਵਿਖੇ ਹੋਇਆ। ਬਾਬਾ ਨਾਨਕ ਦੇ ਘਰ ਮਾਤਾ ਸੁਲੱਖਣੀ ਜੀ ਦੀ ਕੁੱਖ ਤੋਂ ਬਾਬਾ ਨਾਨਕ ਦੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਦਾ ਜਨਮ 1493 ਈ. ਅਤੇ ਛੋਟੇ ਪੁੱਤਰ ਬਾਬਾ ਲੱਛਮੀ ਦਾਸ ਦਾ ਜਨਮ 1496 ਈ. ਨੂੰ ਸੁਲਤਾਨਪੁਰ ਲੋਧੀ ਵਿਖੇ ਹੋਇਆ। 1489 ਈ. ਨੂੰ ਦਿੱਲੀ ਦੇ ਬਾਦਸ਼ਾਹ ਬਹਿਲੋਲ ਲੋਧੀ ਦੀ ਮੌਤ ਹੋ ਗਈ। ਉਸ ਦਾ ਪੁੱਤਰ ਨਿਜ਼ਾਮ ਖਾਂ ਆਪਣਾ ਨਾਂ ਸਿਕੰਦਰ ਲੋਧੀ ਰੱਖ ਕੇ ਹਿੰਦੁਸਤਾਨ ਦਾ ਬਾਦਸ਼ਾਹ ਬਣ ਗਿਆ। ਸੋਹਲਵੀਂ ਸਦੀ ਦੇ ਸ਼ੁਰੂ ਵਿਚ ਸਿਕੰਦਰ ਲੋਧੀ ਨੇ ਦੌਲਤ ਖਾਂ ਲੋਧੀ ਨੂੰ ਲਾਹੌਰ ਦਾ ਨਵਾਬ ਲਾ ਦਿੱਤਾ ਅਤੇ ਜਲੰਧਰ ਦੋਆਬ ਵੀ ਉਸ ਦੇ ਕੋਲ ਹੀ ਰਹਿਣ ਦਿੱਤਾ। ਰਾਏ ਭੋਏ ਭੱਟੀ ਵਡੇਰੀ ਉਮਰ ਦਾ ਹੋ ਗਿਆ ਸੀ। ਉਸ ਦੀ ਜਾਗੀਰ ਦੀ ਦੇਖਭਾਲ ਉਸ ਦਾ ਪੁੱਤਰ 'ਰਾਏ ਬੁਲਾਰ ਭੱਟੀ' (1447-1515) ਕਰਦਾ ਸੀ। ਰਾਏ ਬੁਲਾਰ ਭੱਟੀ ਦੇ ਕੋਈ ਉਲਾਦ ਪੈਦਾ ਨਾ ਹੋਈ। ਰਾਏ ਬੁਲਾਰ ਭੱਟੀ ਬਾਬਾ ਨਾਨਕ ਨੂੰ ਨਬੀ ਪੈਗੰਬਰ ਮੰਨਦਾ ਸੀ। ਰਾਏ ਬੁਲਾਰ ਭੱਟੀ ਨੇ ਬਾਬਾ ਨਾਨਕ ਅੱਗੇ ਪੁੱਤਰ ਦੀ ਦਾਤ ਲਈ ਅਰਜੋਈ ਕੀਤੀ। ਬਾਬਾ ਨਾਨਕ ਨੇ ਅੱਲ੍ਹਾ ਪਾਕ ਅੱਗੇ ਇਸ ਦੀ ਫਰਿਆਦ ਕੀਤੀ। ਅਗਲੇ ਹੀ ਸਾਲ ਰਾਏ ਬੁਲਾਰ ਭੱਟੀ ਦੇ ਘਰ ਅੱਲ੍ਹਾ ਪਾਕ ਨੇ ਪੁੱਤਰ ਦੀ ਦਾਤ ਬਖਸ਼ੀ। ਫਿਰ ਰਾਏ ਬੁਲਾਰ ਭੱਟੀ ਵਲੋਂ ਪੁੱਤਰ ਪ੍ਰਾਪਤੀ ਦੀ ਖੁਸ਼ੀ ਵਿਚ ਆਪਣੇ ਸਕੇ ਸੰਬੰਧੀਆਂ ਨੂੰ ਇਕ ਵੱਡੀ ਵੈਸ਼ਨੋ ਦਾਅਵਤ ਦਿੱਤੀ ਗਈ। ਇਸ ਦਾਅਵਤ ਵਿਚ ਸੁਲਤਾਨਪੁਰ ਲੋਧੀ ਤੋਂ ਰਾਏ ਬੁਲਾਰ ਭੱਟੀ ਦਾ ਭਣੋਈਆ ਦੌਲਤ ਖਾਂ ਲੋਧੀ ਉਚੇਚੇ ਤੌਰ 'ਤੇ ਸ਼ਾਮਲ ਹੋਣ ਲਈ ਆਇਆ। ਰਾਏ ਬੁਲਾਰ ਭੱਟੀ ਵਲੋਂ ਇਸ ਖੁਸ਼ੀ ਭਰੇ ਮੌਕੇ ਉਤੇ ਬਾਬਾ ਨਾਨਕ ਦਾ ਸ਼ੁਕਰਗੁਜ਼ਾਰ ਹੁੰਦਿਆਂ ਆਪਣੀ



ਜਾਗੀਰ ਦੀ 1500 ਮੁਰੱਬੇ ਜ਼ਮੀਨ ਵਿਚੋਂ ਅੱਧੀ ਜਾਗੀਰ 750 ਮੁਰੱਬੇ ਭਾਵ 18750 ਏਕੜ ਜ਼ਮੀਨ 'ਹਜ਼ਰਤ ਬਾਬਾ ਨਾਨਕ ਅਲਹਿ ਸਲਾਮ' ਦੇ ਨਾਂ ਕਰ ਦਿੱਤੀ ਗਈ ਅਤੇ ਇੰਤਕਾਲ ਤਬਦੀਲ ਕਰ ਦਿੱਤਾ ਗਿਆ।

ਅੱਜ ਵੀ ਨਨਕਾਣਾ ਸਾਹਿਬ ਦੇ ਮਾਲ ਵਿਭਾਗ ਦੇ ਰਿਕਾਰਡ ਵਿਚ 750 ਮੁਰੱਬੇ ਜ਼ਮੀਨ ਭਾਵ 18750 ਏਕੜ ਜ਼ਮੀਨ ਦਾ ਮਾਲਕ, ਕਾਬਜ਼ ਅਤੇ ਕਾਸ਼ਤਕਾਰ 'ਹਜਰਤ ਬਾਬਾ ਨਾਨਕ ਅਲਹਿ ਸਲਾਮ' ਹੈ। ਇਸ 750 ਮੁਰੱਬੇ ਜ਼ਮੀਨ ਵਿਚ 24 ਪਿੰਡ ਵਸਦੇ ਹਨ ਪਰ ਜ਼ਮੀਨ ਬਾਬਾ ਨਾਨਕ ਦੇ ਨਾਂ ਬੋਲਦੀ ਹੈ। ਜਿਵੇਂ ਕੋਟ ਦਰਬਾਰ ਸਾਹਿਬ, ਰੱਤੂ ਆਣਾ, ਧੂਰ ਕੋਟ, ਕੋਟ ਸਾਧੂ ਰਾਮ, ਕੋਟ ਦਿਆਲ ਦਾਸ, ਲਲਾਰ ਗੰਗਾ ਰਾਮ, ਕੋਟ ਲਾਭ ਦਾਸ, ਝੁਗੀਆਂ ਨੌਲਾਂ, ਵਾੜਾ ਗਾਬਿਆਂ, ਵਾੜਾ ਅੰਨ੍ਹਿਆਂ, ਭਾਗੋ ਵਾਲੀ, ਰਾਮ ਪੁਰ, ਧੁਪ ਸੜੀ, ਨਾਲੀ ਵਾਲਾ, ਦਰੀਆ, ਟੇਲ ਮਾਨ ਜੀ, ਕੋਟ ਲਹਿਣਾ ਦਾਸ, ਕੋਟ ਸੰਤ ਰਾਮ, ਕੋਟ ਨਰੈਣ ਸਿੰਘ, ਸ਼ਹੀਦੀ ਕੋਟ, ਵਾੜਾ ਨਰੈਣ ਸਿੰਘ, ਖਿਪ ਵਾਲਾ, ਵਾੜਾ ਭੰਬਿਆਂ, ਵਾੜਾ ਤਰਖਾਣਾ ਆਦਿ।

**ਬਾਬਾ ਨਾਨਕ ਦੀ ਜਗੀਰ 750 ਮੁਰੱਬੇ ਭਾਵ 18750 ਏਕੜ ਜ਼ਮੀਨ ਵਿਚੋਂ ਇਨ੍ਹਾਂ ਪਿੰਡਾਂ ਦੀ 15928 ਏਕੜ ਜ਼ਮੀਨ ਵਾਹੀਯੋਗ ਹੈ। ਲੇਖਕ ਬਾਬੇ ਤਾਰੇ ਚੱਕ ਵਿਚ ਬਾਬਾ ਜੀ ਦੀਆਂ ਯਾਤਰਾਵਾਂ ਦਾ ਵੇਰਵਾ ਵੀ ਦਿੰਦਾ ਹੈ। ਗੁਰੂ ਨਾਨਕ ਬਾਬਾ ਨੇ 78 ਦੇਸ਼ਾਂ ਦੀ ਯਾਤਰਾ ਕੀਤੀ। ਬਾਬਾ ਨਾਨਕ ਦੀਆਂ ਉਦਾਸੀਆਂ ਅਨੁਸਾਰ ਅੱਜ ਦੇ ਦੇਸ਼, ਬਾਬਾ ਨਾਨਕ ਦੇ ਸਮੇਂ ਭਾਰਤ ਦੀ ਰਾਜਨੀਤਿਕ ਦਸ਼ਾ, ਆਰਥਿਕ ਦਸ਼ਾ, ਸਮਾਜਿਕ ਦਸ਼ਾ, ਧਾਰਮਿਕ ਦਸ਼ਾ, ਬਾਬਾ ਨਾਨਕ ਦਾ ਖਾਨਦਾਨੀ ਪਿਛੋਕੜ, ਨਨਕਾਣਾ ਸਾਹਿਬ ਦਾ ਪਿਛੋਕੜ, ਅਤੇ ਪੰਜਾਬ ਦੀਆਂ ਬਾਰਾਂ ਦਾ ਜ਼ਿਕਰ ਹੈ। ਬਾਬਾ ਨਾਨਕ ਦੀਆਂ ਚਾਰ ਉਦਾਸੀਆਂ ਤੋਂ ਇਲਾਵਾ ਹੋਰ ਯਾਤਰਾਵਾਂ ਦਾ ਵਰਨਣ ਬਾਖੂਬੀ ਦਿੱਤਾ ਗਿਆ ਹੈ।**

ਬਾਬਾ ਨਾਨਕ ਦੀ ਜਗੀਰ 750 ਮੁਰੱਬੇ ਭਾਵ 18750 ਏਕੜ ਜ਼ਮੀਨ ਵਿਚੋਂ ਇਨ੍ਹਾਂ ਪਿੰਡਾਂ ਦੀ 15928 ਏਕੜ ਜ਼ਮੀਨ ਵਾਹੀਯੋਗ ਹੈ। ਲੇਖਕ ਬਾਬੇ ਤਾਰੇ ਚੱਕ ਵਿਚ ਬਾਬਾ ਜੀ ਦੀਆਂ ਯਾਤਰਾਵਾਂ ਦਾ ਵੇਰਵਾ ਵੀ ਦਿੰਦਾ ਹੈ। ਗੁਰੂ ਨਾਨਕ ਬਾਬਾ ਨੇ 78 ਦੇਸ਼ਾਂ ਦੀ ਯਾਤਰਾ ਕੀਤੀ। ਬਾਬਾ ਨਾਨਕ ਦੀਆਂ ਉਦਾਸੀਆਂ ਅਨੁਸਾਰ ਅੱਜ ਦੇ ਦੇਸ਼, ਬਾਬਾ ਨਾਨਕ ਦੇ ਸਮੇਂ ਭਾਰਤ ਦੀ ਰਾਜਨੀਤਿਕ ਦਸ਼ਾ, ਆਰਥਿਕ ਦਸ਼ਾ, ਸਮਾਜਿਕ ਦਸ਼ਾ, ਧਾਰਮਿਕ ਦਸ਼ਾ, ਬਾਬਾ ਨਾਨਕ ਦਾ ਖਾਨਦਾਨੀ ਪਿਛੋਕੜ, ਨਨਕਾਣਾ ਸਾਹਿਬ ਦਾ ਪਿਛੋਕੜ, ਅਤੇ ਪੰਜਾਬ ਦੀਆਂ ਬਾਰਾਂ ਦਾ ਜ਼ਿਕਰ ਹੈ। ਬਾਬਾ ਨਾਨਕ ਦੀਆਂ ਚਾਰ ਉਦਾਸੀਆਂ ਤੋਂ ਇਲਾਵਾ ਹੋਰ ਯਾਤਰਾਵਾਂ ਦਾ ਵਰਨਣ ਬਾਖੂਬੀ ਦਿੱਤਾ ਗਿਆ ਹੈ। ਬਾਬਾ ਨਾਨਕ ਦੀਆਂ ਯਾਤਰਾਵਾਂ ਪਾਠਕ ਮਨ ਨੂੰ ਅਗਾਂਹ ਵੱਲ ਰੁਚਿਤ ਕਰਦੀਆਂ ਹਨ, ਉਹ ਕਿਤਾਬ ਹੰਗਾਲਣ ਲਈ ਉਤਾਵਲਾ ਹੋ ਜਾਂਦਾ ਹੈ। ਜਿਵੇਂ ਪਹਿਲੀ ਉਦਾਸੀ:- ਪਾਕਿਸਤਾਨ, ਭਾਰਤ, ਬੰਗਲਾ ਦੇਸ਼, ਬਰਮਾ, ਚੀਨ, ਲਾਉਸ, ਵੀਅਤਨਾਮ, ਕੰਬੋਡੀਆ, ਥਾਈਲੈਂਡ, ਮਲੇਸ਼ੀਆ, ਸਿੰਗਾਪੁਰ, ਇੰਡੋਨੇਸ਼ੀਆ, ਟੀਮੋਰਦੀਪ। ਦੂਜੀ ਉਦਾਸੀ:- ਸ੍ਰੀ ਲੰਕਾ। ਤੀਜੀ ਉਦਾਸੀ:- ਨੇਪਾਲ, ਭੂਟਾਨ, ਫਿਲੀਪਾਇਨ, ਤਾਇਵਾਨ, ਜਪਾਨ, ਮੰਗੋਲੀਆ (ਚੀਨ ਹੋ ਕੇ ਵਾਪਸ)। ਚੌਥੀ ਉਦਾਸੀ:- ਉਮਾਨ, ਯਮਨ, ਅਰਬ, ਇਰਾਕ, ਜੋਰਡਨ, ਇਜ਼ਰਾਇਲ, ਮਿਸਰ, ਸੁਡਾਨ, ਇਥੋਪੀਆ, ਸੋਮਾਲੀਆ, ਕੇਨੀਆ, ਤਨਜ਼ਾਨੀਆ, ਬਰੂੰਡੀ, ਰਵਾਂਡਾ, ਕਾਂਗੋ (ਜਇਰੇ) ਯੂਗਾਂਡਾ, ਸਾਊਥ ਸੁਡਾਨ, ਫਿਲਸਤੀਨ, ਲੈਬਨਾਨ, ਸੀਰੀਆ, ਤੁਰਕੀ, ਯੂਨਾਨ, ਅਲਬਾਨੀਆ, ਇਟਲੀ, ਵੈਟੀਕਨ, ਸਵਿਜ਼ਰਲੈਂਡ, ਜਰਮਨੀ, ਡੈਨਮਾਰਕ, ਸਵੀਡਨ, ਨਾਰਵੇ (ਵਾਪਸੀ) ਸਕਾਟਲੈਂਡ, ਇੰਗਲੈਂਡ, ਹਾਲੈਂਡ, ਬੈਲਜੀਅਮ, ਫਰਾਂਸ, ਸਪੇਨ, ਟ੍ਰਿਨੀਡਾਡ ਐਂਡ ਟੋਬੈਗੋ, ਕਿਊਬਾ ਦੀਪ, ਬਹਾਂਮਾਸ ਦੀਪ, ਅਮਰੀਕਾ (ਵਾਪਸੀ), ਪੁਰਤਗਾਲ, ਜਿਬਰਾਲਟਰ, ਮਕਦੂਨੀਆਂ, ਖੋਸੋਵੋ, ਸਰਬੀਆ, ਹੰਗਰੀ, ਰੋਮਾਨੀਆ, ਬੁਲਗਾਰੀਆ, ਜਾਰਜੀਆ, ਰੂਸ, ਅਜਰਬਾਈਜਾਨ, ਅਰਮੀਨੀਆ, ਈਰਾਨ, ਤੁਰਕਮੇਨਿਸਤਾਨ, ਉਜਬੇਕਿਸਤਾਨ, ਕਿਰਗੀਜਸਤਾਨ, ਕਜਾਕਿਸਤਾਨ ਅਤੇ ਅਫਗਾਨਿਸਤਾਨ (ਵਾਪਸੀ)। ਇਸ ਵੱਡਅਕਾਰੀ ਗ੍ਰੰਥ ਵਿਚ ਜ਼ਿਕਰ ਕੀਤਾ ਹੈ ਕਿ ਬ੍ਰਹਿਮੰਡ ਬਾਰੇ ਬਾਬਾ ਨਾਨਕ ਵਲੋਂ ਦਿੱਤੇ ਵਿਚਾਰ ਅਤੇ ਸਿਧਾਂਤ ਪੱਥਰ ਉਤੇ ਲਕੀਰ ਦੀ ਤਰ੍ਹਾਂ ਹਮੇਸ਼ਾ ਸੱਚ ਸਾਬਤ ਹੋਏ ਹਨ। ਬਾਬਾ ਨਾਨਕ ਦੁਨੀਆਂ ਵਿਚ ਅਜਿਹੇ ਇਕੋ ਇਕ ਨਬੀ ਪੈਗੰਬਰ ਹੋਏ ਹਨ, ਜਿਨ੍ਹਾਂ ਨੇ ਦੁਨੀਆਂ ਵਿਚ ਗੁਲਾਮੀ ਦੀ ਪ੍ਰਥਾ ਵਿਰੁੱਧ ਆਵਾਜ਼ ਬੁਲੰਦ ਕਰਕੇ ਹੋਕਾ ਦਿੱਤਾ। ਗੁਲਾਮੀ ਦੀ ਪ੍ਰਥਾ ਨੂੰ ਖ਼ਤਮ ਕੀਤਾ। ਬਾਬਾ ਨਾਨਕ ਵਲੋਂ ਪ੍ਰਗਟ ਕੀਤੇ ਚਸ਼ਮੇ ਅੱਜ ਵੀ ਵਗਦੇ ਹਨ। ਲਾਈਆਂ ਬਾਉਲੀਆਂ ਅੱਜ ਵੀ ਪਾਣੀ ਦੀਆਂ ਭਰੀਆਂ ਹਨ। ਲਾਏ ਰੁਖ ਅੱਜ ਵੀ ਹਰੇ ਖੜ੍ਹੇ ਹਨ। ਮੈਂ ਬਾਬਾ ਨਾਨਕ ਨੂੰ ਬਾਬਾ ਨਾਨਕ ਲਿਖ ਕੇ ਆਪਣੇ ਆਪ ਨੂੰ ਬਾਬਾ ਨਾਨਕ ਦਾ ਅੰਸ਼ ਹੋਣ ਦੀ ਕੋਸ਼ਿਸ਼ ਕੀਤੀ ਹੈ। ਮੁਸਲਿਮ ਜਗਤ ਦੇ ਖਲੀਫਾ ਸੁਲਤਾਨ ਸਲੀਮ ਪਹਿਲੇ ਦੇ ਦਿਲ ਉਤੇ ਬਾਬਾ ਨਾਨਕ ਦੇ ਵਿਯੋਗ ਦਾ ਅਜਿਹਾ ਅਸਰ ਹੋਇਆ ਕਿ ਖਲੀਫਾ ਬਾਬਾ ਨਾਨਕ ਦਾ ਵਿਯੋਗ ਨਾ ਸਹਾਰਦਾ ਹੋਇਆ 1520 ਈ. ਨੂੰ ਇਸ ਜਹਾਨ ਤੋਂ ਵਫਾਤ ਪਾ ਗਿਆ। ਕਦੇ ਕੋਈ ਨਬੀ ਪੈਗੰਬਰ ਵੈਟੀਕਨ ਸਥਿਤ ਪੋਪ ਨਾਲ ਵਿਚਾਰ ਗੋਸ਼ਟੀ ਕਰਨ ਲਈ ਆਪ ਚੱਲ ਕੇ ਨਹੀਂ ਗਿਆ ਪਰ ਬਾਬਾ ਨਾਨਕ ਨੇ ਆਪ ਵੈਟੀਕਨ ਜਾ ਕੇ ਪੋਪ ਨੂੰ ਗੁਲਾਮੀ ਦੀ ਪ੍ਰਥਾ ਸਬੰਧੀ ਖਰੀਆਂ-ਖਰੀਆਂ ਗੱਲਾਂ ਕਹੀਆਂ। ਬਾਬਾ ਨਾਨਕ ਦੀਆਂ ਖਰੀਆਂ-ਖਰੀਆਂ ਗੱਲਾਂ ਦਾ ਪੋਪ ਦੇ ਦਿਲ ਉਤੇ ਅਜਿਹਾ ਅਸਰ ਹੋਇਆ ਕਿ ਪੋਪ ਦੀ ਰੂਹ ਕੰਬ ਉਠੀ ਅਤੇ ਪੋਪ ਛੇਤੀ ਹੀ ਦਿਲ ਦੀ ਨਮੋਸ਼ੀ ਵਿਚ 1521 ਈ. ਨੂੰ ਇਸ ਜਹਾਨ ਨੂੰ ਛੱਡ ਗਿਆ। ਗੁਰੂ ਜੀ ਨੇ ਮਨੁੱਖ ਅੰਦਰੋਂ ਕੂੜ ਦੀ ਕੰਧ ਢਾਹ ਕੇ ਸੱਚ ਦਾ ਸੰਚਾਰ ਕਰਨ ਲਈ ਵੱਡਮੁੱਲੇ ਸਿਧਾਂਤ ਪੇਸ਼ ਕੀਤੇ। ਸਤਿਗੁਰ ਜੀ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਸੁਖਦ ਤੇ ਅਨੰਦਮਈ ਜੀਵਨ ਜਿਊਣ ਦੀ ਸੇਧ ਮਿਲਦੀ ਹੈ। ਉਨ੍ਹਾਂ ਕਿਹਾ 'ਜਗਤੁ ਗੁਰੂ ਬਾਬਾ'। ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਮੌਕੇ ਮਨੁੱਖਤਾ ਨੂੰ ਆਪਣੇ ਅੰਦਰੋਂ ਝੂਠ, ਬੇਈਮਾਨੀ, ਕੂੜ-ਕੁਸੱਤ ਜਿਹੀਆਂ ਬੁਰਾਈਆਂ ਦਾ ਤਿਆਗ ਕਰਕੇ ਸੱਚ-ਆਚਾਰ ਦੇ ਧਾਰਨੀ ਬਣਨਾ ਚਾਹੀਦਾ ਹੈ।



# ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਸੰਬੰਧੀ ਨੀਅਤ 'ਤੇ ਨੀਤੀ ਬਦਲਣੀ ਪਵੇਗੀ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA





ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਸਰਕਾਰ ਨੇ ਹਰਿਆਣਾ ਸਰਕਾਰ ਨੂੰ ਆਪਣੀ ਵੱਖਰੀ ਵਿਧਾਨ ਸਭਾ ਦੀ ਇਮਾਰਤ ਦੀ ਉਸਾਰੀ ਕਰਨ ਲਈ ਚੰਡੀਗੜ੍ਹ ਵਿਚ 10 ਏਕੜ ਜ਼ਮੀਨ ਦੇਣ ਦਾ ਫ਼ੈਸਲਾ ਕੀਤਾ ਹੈ। ਇਹ ਫ਼ੈਸਲਾ ਪੰਜਾਬੀਆਂ ਨੂੰ ਮਨਜ਼ੂਰ ਨਹੀਂ। ਪੰਜਾਬ ਤੇ ਪੰਜਾਬੀਆਂ ਨਾਲ ਸਰਾਸਰ ਧੱਕਾ ਹੈ। ਪੰਜਾਬ ਪੁਨਰਵਾਸ ਐਕਟ ਅਨੁਸਾਰ ਸੰਸਦ ਦੀ ਪ੍ਰਵਾਨਗੀ ਤੋਂ ਬਿਨਾ ਕੇਂਦਰ ਇਹ ਫ਼ੈਸਲਾ ਕਰ ਹੀ ਨਹੀਂ ਸਕਦਾ। ਜਦੋਂ ਕੋਈ ਨਵਾਂ ਰਾਜ ਬਣਦਾ ਹੈ, ਤਾਂ ਉਸਦੀ ਰਾਜਧਾਨੀ ਵੀ ਨਵੀਂ ਬਣਦੀ ਹੈ। ਚੰਡੀਗੜ੍ਹ ਤਾਂ ਸਾਂਝੇ ਪੰਜਾਬ ਦੇ 22 ਪਿੰਡ ਉਜਾੜਕੇ ਬਣਾਇਆ ਗਿਆ ਸੀ। ਇਸ ਲਈ ਚੰਡੀਗੜ੍ਹ ਪੰਜਾਬ ਦਾ ਹੈ। 1984 ਤੱਕ ਚੰਡੀਗੜ੍ਹ ਦਾ ਪ੍ਰਸ਼ਾਸ਼ਨਿਕ ਅਧਿਕਾਰੀ ਪੰਜਾਬ ਕੇਡਰ ਦਾ ਆਈ.ਏ.ਐੱਸ. ਅਧਿਕਾਰੀ ਚੀਫ਼ ਕਮਿਸ਼ਨਰ ਹੁੰਦਾ ਸੀ। 1984 ਵਿਚ ਜਦੋਂ ਪੰਜਾਬ ਵਿੱਚ 'ਦਾ ਪੰਜਾਬ ਡਿਸਟਰਬਡ ਏਰੀਆ ਐਕਟ' ਲਾਗੂ ਹੋਇਆ ਤਾਂ ਚੀਫ਼ ਕਮਿਸ਼ਨਰ ਦੀ ਥਾਂ ਚੰਡੀਗੜ੍ਹ ਦੀਆਂ ਪ੍ਰਸ਼ਾਸ਼ਨਿਕ ਸ਼ਕਤੀਆਂ ਰਾਜਪਾਲ ਪੰਜਾਬ ਨੂੰ ਦੇ ਦਿੱਤੀਆਂ ਤੇ ਉਸਨੂੰ ਚੰਡੀਗੜ੍ਹ ਦਾ ਐਡਮਿਨਿਸਟਰੇਟਰ ਵੀ ਬਣਾ ਦਿੱਤਾ, ਤਾਂ ਜੋ ਚੰਡੀਗੜ੍ਹ ਨਾਲ ਤਾਲਮੇਲ ਕਰਨ ਵਿਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਇਹ ਸ਼ਕਤੀਆਂ ਰਾਜਪਾਲ ਨੂੰ ਪੰਜਾਬ ਦਾ ਰਾਜਪਾਲ ਹੋਣ ਕਰਕੇ ਦਿੱਤੀਆਂ ਗਈਆਂ ਸਨ। 'ਦਾ ਪੰਜਾਬ ਡਿਸਟਰਬਰਡ ਏਰੀਆ ਐਕਟ' ਪੰਜਾਬ ਵਿਚੋਂ 2008 ਅਤੇ ਚੰਡੀਗੜ੍ਹ ਵਿਚੋਂ 2012 ਵਿਚੋਂ ਹਟਾ ਦਿੱਤਾ ਗਿਆ। ਜਦੋਂ ਇਹ ਐਕਟ ਹੋਂਦ ਵਿਚ ਹੀ ਨਹੀਂ ਰਿਹਾ, ਤਾਂ ਫਿਰ ਚੰਡੀਗੜ੍ਹ ਦੀਆਂ ਪ੍ਰਸ਼ਾਸਨਿਕ ਸ਼ਕਤੀਆਂ ਪੰਜਾਬ ਕੇਡਰ ਦੇ ਆਈ.ਏ.ਐੱਸ. ਅਧਿਕਾਰੀ ਨੂੰ ਚੀਫ਼ ਕਮਿਸ਼ਨਰ ਲਗਾ ਕੇ ਕੇਂਦਰ ਸਰਕਾਰ ਕਿਉਂ ਨਹੀਂ ਦੇ ਰਹੀ ? ਪੰਜਾਬ ਨਾਲ ਸਰਾਸਰ ਧੱਕਾ ਹੈ। ਚੜ੍ਹਦੇ ਪੰਜਾਬ ਦੀ ਵੰਡ ਸਮੇਂ ਜਦੋਂ 1966 ਵਿਚ ਪੰਜਾਬੀ ਸੂਬਾ ਬਣਾਇਆ ਗਿਆ ਸੀ, ਤਾਂ ਪੰਜਾਬ ਵਿਚੋਂ ਨਿਕਲਣ ਵਾਲੇ ਹਰਿਆਣਾ ਅਤੇ ਪੰਜਾਬ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਨੂੰ ਬਣਾਇਆ ਸੀ ਤੇ ਨਾਲ ਹੀ ਚੰਡੀਗੜ੍ਹ ਨੂੰ ਕੇਂਦਰੀ ਸ਼ਾਸ਼ਿਤ ਪ੍ਰਦੇਸ਼ ਬਣਾ ਦਿੱਤਾ। ਇਹ ਅਸਥਾਈ ਪ੍ਰਬੰਧ ਸੀ ਤੇ ਇਹ ਵੀ ਕਿਹਾ ਗਿਆ ਸੀ ਕਿ ਪੰਜਾਬ ਨੂੰ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਤੇ ਦਰਿਆਈ ਪਾਣੀਆਂ ਦਾ ਮਸਲਾ ਹੱਲ ਕਰ ਲਿਆ ਜਾਵੇਗਾ। ਬਾਅਦ ਵਿਚ ਹਰਿਆਣਾ ਆਪਣੀ ਰਾਜਧਾਨੀ ਆਪਣੇ ਸੂਬੇ ਵਿਚ ਪੰਚਕੂਲਾ ਵਿਖੇ ਬਣਾ ਲਵੇਗਾ।

1966 ਵਿਚ 'ਪੰਜਾਬ ਪੁਨਰਵਾਸ ਐਕਟ' ਲਾਗੂ ਹੋਇਆ। 1970 ਵਿਚ ਕੇਂਦਰ ਸਰਕਾਰ ਨੇ ਚੰਡੀਗੜ੍ਹ ਪੰਜਾਬ ਨੂੰ ਅਤੇ ਹਰਿਆਣਾ ਨੂੰ ਫਾਜ਼ਿਲਕਾ ਦਾ ਹਿੰਦੀ ਬੋਲਦਾ ਇਲਾਕਾ ਦੇਣ ਦਾ ਫ਼ੈਸਲਾ ਕਰ ਲਿਆ। ਇਸ ਦੇ ਨਾਲ ਹੀ ਪੰਜਾਬ ਹਰਿਆਣਾ ਨੂੰ ਆਪਣੀ ਰਾਜਧਾਨੀ ਬਣਾਉਣ ਲਈ 20 ਕਰੋੜ ਰੁਪਏ ਦੇਵੇਗਾ। ਜਦੋਂ 12 ਸਾਲ ਇਹ ਫ਼ੈਸਲਾ ਲਾਗੂ ਨਾ ਹੋਇਆ, ਤਾਂ ਅਕਾਲੀ ਦਲ ਨੇ 1982 ਵਿਚ ਚੰਡੀਗੜ੍ਹ, ਦਰਿਆਈ ਪਾਣੀਆਂ ਅਤੇ ਪੰਜਾਬੀ ਬੋਲਦੇ ਇਲਾਕੇ ਲੈਣ ਲਈ ਧਰਮ ਯੁੱਧ ਮੋਰਚਾ ਸ਼ੁਰੂ ਕਰ ਦਿੱਤਾ। ਇਹ ਧਰਮ ਯੁੱਧ ਮੋਰਚਾ ਅਕਾਲੀ ਦਲ ਦੇ ਹੱਥੋਂ ਨਿਕਲਕੇ ਕਰੂਪ ਰੂਪ ਧਾਰ ਗਿਆ, ਜਿਸਦਾ ਇਵਜ਼ਾਨਾ ਪੰਜਾਬ/ ਪੰਜਾਬੀਆਂ/ਸਿੱਖਾਂ ਨੂੰ ਭੁਗਤਣਾ ਪਿਆ। 1985 ਵਿਚ ਰਾਜੀਵ ਲੌਂਗੋਵਾਲ ਸਮਝੌਤਾ ਹੋਇਆ, ਸਮਝੌਤੇ ਵਿਚ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਵਾਅਦਾ ਵੀ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸਵਰਗ ਸਿਧਾਰ ਜਾਣ ਕਰਕੇ ਇਹ ਫ਼ੈਸਲਾ ਲਾਗੂ ਨਹੀਂ ਹੋ ਸਕਿਆ। 1997 ਵਿਚ ਪੰਜਾਬ ਵਿਧਾਨ ਸਭਾ ਦੇ ਇਜਲਾਸ ਵਿਚ ਰਾਜਪਾਲ ਨੇ ਆਪਣੇ ਭਾਸ਼ਣ ਵਿਚ ਚੰਡੀਗੜ੍ਹ ਜਲਦੀ ਪੰਜਾਬ ਨੂੰ ਦੇਣ ਲਈ ਕਿਹਾ। ਇਸ ਤੋਂ ਬਾਅਦ ਹਰਿਆਣਾ ਨੇ ਆਪਣੀ ਵਿਧਾਨ ਸਭਾ ਵਿਚ ਚੰਡੀਗੜ੍ਹ 'ਤੇ ਹਰਿਆਣਾ ਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ। ਇਸ ਰੇੜਕੇ ਦੌਰਾਨ 2021 ਵਿਚ ਹਰਿਆਣਾ ਦੇ ਤਤਕਾਲ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਹਰਿਆਣਾ ਲਈ ਵੱਖਰੀ ਵਿਧਾਨ ਸਭਾ ਚੰਡੀਗੜ੍ਹ ਵਿਚ ਬਣਾਉਣ ਲਈ ਜ਼ਮੀਨ ਦੇਣ ਵਾਸਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਚਿੱਠੀ ਲਿਖ ਦਿੱਤੀ। 1 ਅਪ੍ਰੈਲ, 2022 ਨੂੰ ਪੰਜਾਬ ਨੇ ਵਿਧਾਨ ਸਭਾ ਵਿਚ ਚੰਡੀਗੜ੍ਹ ਪੰਜਾਬ ਨੂੰ ਤੁਰੰਤ ਦੇਣ ਦਾ ਮਤਾ ਪਾਸ ਕਰ ਦਿੱਤਾ। 5 ਅਪ੍ਰੈਲ 2022 ਨੂੰ ਹਰਿਆਣਾ ਵਿਧਾਨ ਸਭਾ ਨੇ ਆਪਣੇ ਹੱਕ ਦਾ ਮਤਾ ਪਾਸ ਕਰ ਦਿੱਤਾ। ਜੁਲਾਈ 2022 ਵਿਚ ਜੈਪੁਰ ਵਿਖੇ ਉਤਰੀ ਜੋਨਲ ਕੌਂਸਲ ਦੀ ਮੀਟਿੰਗ ਵਿਚ ਮਨੋਹਰ ਲਾਲ ਖੱਟਰ ਨੇ ਹਰਿਆਣਾ ਵਿਧਾਨ ਸਭਾ ਦੀ ਉਸਾਰੀ ਲਈ ਚੰਡੀਗੜ੍ਹ ਵਿਚ ਜ਼ਮੀਨ ਦੇਣ ਦੀ ਆਪਣੀ ਮੰਗ ਦੁਹਰਾ ਦਿੱਤੀ। ਅਮਿਤ ਸ਼ਾਹ ਨੇ ਤੁਰੰਤ ਜ਼ਮੀਨ ਦੇਣ ਦਾ ਐਲਾਨ ਕਰ ਦਿੱਤਾ। ਇੱਕ ਸਾਲ ਬਾਅਦ ਜੁਲਾਈ 2023 ਵਿਚ ਚੰਡੀਗੜ੍ਹ ਪ੍ਰਸ਼ਾਸਨ ਜ਼ਮੀਨ ਦੇਣ ਲਈ ਸਹਿਮਤ ਹੋ ਗਈ। ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਇਸ ਮਾਮਲੇ ਵਿਚ ਸੰਜੀਦਗੀ ਨਹੀਂ ਵਿਖਾਈ, ਸਗੋਂ ਆਪਣੀ ਸਿਆਸੀ ਤਾਕਤ ਦਾ ਆਨੰਦ ਮਾਣਦੇ ਰਹੇ। ਹਾਲਾਂਕਿ ਅਕਾਲੀ ਦਲ, ਬੀ.ਜੇ.ਪੀ. ਅਤੇ ਕਾਂਗਰਸ ਪਾਰਟੀ ਦੀਆਂ ਇੱਕੋ ਸਮੇਂ ਪੰਜਾਬ, ਹਰਿਆਣਾ ਅਤੇ ਕੇਂਦਰ ਵਿਚ ਸਰਕਾਰਾਂ ਰਹੀਆਂ ਹਨ। ਕੋਈ ਫ਼ੈਸਲਾ ਤਾਂ ਕਰਵਾ ਸਕਦੀਆਂ ਸਨ।

ਮਈ 2024 ਦੀਆਂ ਲੋਕ ਸਭਾ ਦੀਆਂ ਚੋਣਾਂ ਸਮੇਂ ਪੰਜਾਬ ਵਿਚੋਂ ਕੁੱਲ ਪੋਲ ਹੋਈਆਂ ਵੋਟਾਂ ਵਿਚੋਂ 19 ਫ਼ੀਸਦੀ ਵੋਟਾਂ ਭਾਰਤੀ ਜਨਤਾ ਪਾਰਟੀ ਦੀ ਝੋਲੀ ਵਿਚ ਪੈਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ 2027 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਸਰਕਾਰ ਬਣਾਉਣ ਦੇ ਸਪਨੇ ਸਿਰਜਣ ਲੱਗ ਪਈ ਹੈ। ਸਰਕਾਰ ਬਣਾਉਣ ਦੇ ਸਪਨੇ ਲੈਣਾ ਕਿਸੇ ਵੀ ਸਿਆਸੀ ਪਾਰਟੀ ਦਾ ਜਮਹੂਰੀ ਹੱਕ ਹੁੰਦਾ ਹੈ, ਪ੍ਰੰਤੂ ਅਜਿਹੇ ਸਪਨੇ ਲੈਣ ਸਮੇਂ ਪੰਜਾਬ ਦੇ ਹਿੱਤਾਂ 'ਤੇ ਪਹਿਰਾ ਦੇਣ ਲਈ ਵੀ ਵਚਨਬੱਧ ਹੋਣਾ ਚਾਹੀਦਾ ਹੈ। ਪਰ ਉਹ ਪੰਜਾਬ/ਪੰਜਾਬੀਆਂ/ਸਿੱਖਾਂ ਬਾਰੇ ਆਪਣਾ ਦ੍ਰਿਸ਼ਟੀਕੋਣ ਬਦਲਣ ਲਈ ਤਿਆਰ ਹੀ ਨਹੀਂ। ਚੰਡੀਗੜ੍ਹ ਵਿਚ ਹਰਿਆਣਾ ਵਿਧਾਨ ਸਭਾ ਦੀ ਉਸਾਰੀ ਲਈ ਜ਼ਮੀਨ ਦੇਣ ਵਰਗੇ ਪੱਖਪਾਤੀ ਫ਼ੈਸਲਿਆਂ ਤੋਂ ਬਾਅਦ ਵੀ ਜੇਕਰ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਸਰਕਾਰ ਬਣਾਉਣ ਦੀ ਸੋਚ ਰਹੀ ਹੈ, ਤਾਂ ਮੰਗੇਰੀ ਲਾਲ ਦੇ ਸੁਪਨਿਆਂ ਤੋਂ ਵੱਧ ਕੁਝ ਵੀ ਨਹੀਂ ਹੈ। ਭਾਰਤੀ ਜਨਤਾ ਪਾਰਟੀ ਨਵੀਂਆਂ ਹੀ ਗੋਂਦਾਂ ਗੁੰਦ ਕੇ ਪੰਜਾਬ/ਪੰਜਾਬੀਆਂ/ਸਿੱਖਾਂ ਨੂੰ ਨੀਵਾਂ ਵਿਖਾਉਣ ਦੀ ਕੋਈ ਕਸਰ ਨਹੀਂ ਛੱਡ ਰਹੀ। ਭਾਰਤੀ ਜਨਤਾ ਪਾਰਟੀ ਦੇ ਕੁਝ ਲੀਡਰ ਪੰਜਾਬੀਆਂ/ਸਿੱਖਾਂ ਨੂੰ ਦੇਸ਼ ਵਿਰੋਧੀ ਕਹਿ ਦਿੰਦੇ ਹਨ। ਸਾਨੂੰ ਆਪਣੀ ਦੇਸ਼ ਭਗਤੀ ਸਾਬਤ ਕਰਨ ਦੀ ਅਜੇ ਵੀ ਲੋੜ ਹੈ। ਕਿਸਾਨ ਅੰਦੋਲਨ ਦੌਰਾਨ ਗ਼ਲਤ ਇਲਜ਼ਾਮ ਕਿਸਾਨਾਂ 'ਤੇ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਨੇ ਲਗਾਏ, ਕਦੇ ਉਨ੍ਹਾਂ ਨੂੰ ਅੱਤਵਾਦੀ, ਖਾਲਿਸਤਾਨੀ ਅਤੇ ਕਦੇ ਕੁਝ ਹੋਰ ਕਿਹਾ ਜਾਂਦਾ ਰਿਹਾ। ਐਕਟਰੈੱਸ ਕੰਗਣਾ ਰਣੌਤ ਅਕਸਰ ਪੰਜਾਬੀਆਂ/ਸਿੱਖਾਂ ਬਾਰੇ ਵਿਵਾਦਤ ਬਿਆਨ ਦਿੰਦੀ ਰਹਿੰਦੀ ਹੈ। ਕਦੇ ਉਸਨੇ ਕਿਸਾਨ ਅੰਦੋਲਨ ਵਿਚ ਸ਼ਾਮਲ ਹੋਣ ਵਾਲੀਆਂ ਇਸਤਰੀਆਂ ਬਾਰੇ ਮੰਦਾ ਬੋਲਦਿਆਂ ਕਿਹਾ ਕਿ ਇਹ ਔਰਤਾਂ 200 ਰੁਪਏ ਵਿਚ ਭਾੜੇ 'ਤੇ ਲਿਆਂਦੀਆਂ ਹੋਈਆਂ ਹਨ, ਕਦੇ ਪੰਜਾਬੀਆਂ/ਸਿੱਖਾਂ ਨੂੰ ਨਸ਼ਈ, ਖਾਲਿਸਤਾਨੀ ਅਤੇ ਕਦੀ ਐਮਰਜੈਂਸੀ ਫਿਲਮ ਵਿਚ। ਸ੍ਰੀ ਗੁਰੂ ਤੇਗ ਬਹਾਦਰ ਨੇ ਦਿੱਲੀ ਜਾ ਕੇ ਕਸ਼ਮੀਰੀ ਪੰਡਤਾਂ ਦੀ ਜਾਨ ਬਚਾਉਣ ਲਈ ਆਪਣੀ ਆਹੂਤੀ ਦਿੱਤੀ ਸੀ। ਉਦੋਂ ਕੋਈ ਹੋਰ ਹਿੰਦੂਆਂ ਦੀ ਰੱਖਿਆ ਲਈ ਕਿਉਂ ਨਹੀਂ ਆਇਆ ? ਹਿੰਦੂ ਤਾਂ ਰਹਿੰਦੀ ਦੁਨੀਆਂ ਤੱਕ ਸ੍ਰੀ ਗੁਰੂ ਤੇਗ ਬਹਾਦਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀਆਂ ਕੁਰਬਾਨੀਆਂ ਦਾ ਮੁੱਲ ਨਹੀਂ ਮੋੜ ਸਕਦੇ।

ਜਦੋਂ ਤੋਂ ਕੇਂਦਰ ਵਿਚ 2014 ਤੋਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਬਣੀ ਹੈ, ਤਾਂ ਭਾਰਤੀ ਜਨਤਾ ਪਾਰਟੀ ਦੀ ਨੀਤੀ ਤੇ ਨੀਅਤ ਬਦਲ ਗਈ ਹੈ। ਭਾਰਤੀ ਜਨਤਾ ਪਾਰਟੀ 'ਤੇ ਇਲਜ਼ਾਮ ਲੱਗਦਾ ਹੈ, ਕਿਸੇ ਹੱਦ ਤੱਕ ਸਹੀ ਵੀ ਹੈ ਕਿ ਉਹ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਨਹੀਂ ਕਰਦੀ, ਸਗੋਂ ਉਨ੍ਹਾਂ ਦੇ ਹਿੱਤਾਂ ਦੇ ਵਿਰੁੱਧ ਚੱਲ ਰਹੀ ਹੈ। 2022 ਦੀਆਂ ਵਿਧਾਨ ਸਭਾ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਪਹਿਲੀ ਵਾਰ ਇਕੱਲਿਆਂ ਚੋਣਾਂ ਲੜੀਆਂ ਹਨ। 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ 117 ਵਿਧਾਨ ਸਭਾ ਦੀਆਂ ਸੀਟਾਂ ਵਿਚੋਂ 73 ਸੀਟਾਂ 'ਤੇ ਚੋਣ ਲੜੀ ਸੀ ਅਤੇ 6.60 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। 2024 ਦੀਆਂ ਲੋਕ ਸਭਾ ਵਿਚ ਭਾਰਤੀ ਜਨਤਾ ਪਾਰਟੀ ਨੇ 13 ਸੀਟਾਂ ਤੋਂ ਚੋਣ ਲੜੀ ਸੀ। ਆਯੋਧਿਆ ਵਿਚ ਰਾਮ ਮੰਦਰ ਦੀ ਉਸਾਰੀ ਕਰਕੇ ਮੋਦੀ ਲਹਿਰ ਹੋਣ ਕਰਕੇ ਭਾਰਤੀ ਜਨਤਾ ਪਾਰਟੀ 18.56 ਫ਼ੀਸਦੀ ਵੋਟਾਂ ਲੈ ਗਈ ਪ੍ਰੰਤੂ ਇੱਕ ਵੀ ਸੀਟ ਜਿੱਤ ਨਹੀਂ ਸਕੀ। ਪੰਜਾਬ ਵਿਚ ਘੱਟ ਗਿਣਤੀਆਂ ਤਾਂ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਦੀਆਂ ਨੀਤੀਆਂ ਥੱਲੇ ਪਿਸ ਰਹੀਆਂ ਹਨ। ਜੇਕਰ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਆਪਣੇ ਪੈਰ ਸਪਾਰਨਾ ਚਾਹੁੰਦੀ ਹੈ ਤਾਂ ਉਸਨੂੰ ਆਪਣੀ ਨੀਅਤ ਅਤੇ ਨੀਤੀ ਵਿਚ ਸੋਧ ਕਰਨੀ ਪਵੇਗੀ। ਇੱਕ ਪਾਸੇ ਭਾਰਤੀ ਜਨਤਾ ਪਾਰਟੀ ਨੇ ਬਹੁਤ ਸਾਰੇ ਪੰਜਾਬੀਆਂ/ਸਿੱਖਾਂ ਨੂੰ ਆਪਣੀ ਪਾਰਟੀ ਵਿਚ ਸ਼ਾਮਲ ਕਰਕੇ ਲੋਕ ਸਭਾ ਦੀਆਂ ਟਿਕਟਾਂ ਵੀ ਦਿੱਤੀਆਂ ਅਤੇ ਕਈ ਮਹੱਤਵਪੂਰਨ ਅਹੁਦਿਆਂ 'ਤੇ ਨਿਯੁਕਤ ਵੀ ਕੀਤਾ ਹੈ। ਰਵਨੀਤ ਸਿੰਘ ਬਿੱਟੂ ਨੂੰ ਲੁਧਿਆਣਾ ਸੰਸਦੀ ਲੋਕ ਸਭਾ ਹਲਕੇ ਤੋਂ ਚੋਣ ਹਾਰਨ ਤੋਂ ਬਾਅਦ ਕੇਂਦਰੀ ਮੰਤਰੀ ਮੰਡਲ ਵਿਚ ਰਾਜ ਮੰਤਰੀ ਬਣਾਕੇ ਰੇਲਵੇ ਵਰਗਾ ਮਹੱਤਵਪੂਰਨ ਵਿਭਾਗ ਦਿੱਤਾ ਗਿਆ ਹੈ। ਪੰਜਾਬ ਦੀਆਂ ਚਾਰ ਉਪ ਚੋਣਾਂ ਵਿਚ ਵੀ ਚਾਰੇ ਸਿੱਖ ਉਮੀਦਵਾਰ ਬਣਾਏ ਹਨ, ਪ੍ਰੰਤੂ ਇਸ ਦੇ ਉਲਟ ਪੰਜਾਬੀਆਂ/ਸਿੱਖਾਂ ਬਾਰੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਬਿਆਨ ਦੇ ਰਹੇ ਹਨ। ਹੁਣ ਤੱਕ ਕੀਤੇ ਕੰਮਾਂ ਦਾ ਸਿਹਰਾ ਵੀ ਖ਼ਤਮ ਹੋ ਜਾਵੇਗਾ। ਇਸ ਪ੍ਰਕਾਰ ਪਾਰਟੀ ਪੰਜਾਬੀਆਂ/ਸਿੱਖਾਂ ਦਾ ਵਿਸ਼ਵਾਸ਼ ਜਿੱਤ ਨਹੀਂ ਸਕਦੀ। ਭਾਰਤੀ ਜਨਤਾ ਪਾਰਟੀ ਨੂੰ ਦੋਗਲੀ ਨੀਤੀ ਤੋਂ ਖਹਿੜਾ ਛੁਡਾਉਣਾ ਪਵੇਗਾ।

# ਸਹੀ ਸਲਾਹ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



ਬਾਬੂ ਰਾਮ ਲਾਲ ਕਿਸੇ ਸਰਕਾਰੀ ਮਹਿਕਮੇ ਤੋਂ ਰਿਟਾਇਰ ਹੋਇਆ ਸੀ। ਉਸ ਦਾ ਨਵੀਂ ਦਿੱਲੀ ਦੀ ਇੱਕ ਚੰਗੀ ਕਲੋਨੀ ਵਿਚ ਫਲੈਟ ਸੀ, ਜਿੱਥੇ ਉਹ ਆਪਣੀ ਪਤਨੀ ਸਮੇਤ ਰਹਿੰਦਾ ਸੀ। ਉਸ ਦੇ ਇੱਕ ਬੇਟਾ ਤੇ ਬੇਟੀ ਸੀ, ਜੋ ਪੜ੍ਹ-ਲਿਖ ਕੇ ਰੋਜ਼ਗਾਰ 'ਤੇ ਲੱਗ ਗਏ ਸਨ। ਰਾਮ ਲਾਲ ਨੇ ਦੋਵਾਂ ਦੇ ਵਿਆਹ ਕਰ ਦਿੱਤੇ ਸਨ ਤੇ ਉਹ ਵੱਖ-ਵੱਖ ਸ਼ਹਿਰਾਂ ਵਿਚ ਰਹਿ ਕੇ ਨੌਕਰੀ ਕਰ ਰਹੇ ਸਨ। ਮਹੀਨੇ ਦੋ ਮਹੀਨੇ ਬਾਅਦ ਆ ਕੇ ਰਾਮ ਲਾਲ ਹੁਣਾਂ ਨੂੰ ਮਿਲ-ਗਿਲ ਜਾਂਦੇ ਸਨ। ਇੱਕ ਸਾਲ ਗਰਮੀਆਂ ਵਿਚ ਰਾਮ ਲਾਲ ਤੇ ਉਸ ਦੀ ਪਤਨੀ ਨੇ ਕਸ਼ਮੀਰ ਘੁੰਮਣ ਦਾ ਪ੍ਰੋਗਰਾਮ ਬਣਾ ਲਿਆ। ਰਾਮ ਲਾਲ ਨੇ ਸੋਚਿਆ ਕਿ ਰੋਜ਼ਾਨਾ ਚੋਰੀਆਂ ਚਕਾਰੀਆਂ ਦੀਆਂ ਖਬਰਾਂ ਆ ਰਹੀਆਂ ਹਨ। ਜੇ ਕਿਤੇ ਉਨ੍ਹਾਂ ਦੀ ਗੈਰਹਾਜ਼ਰੀ ਵਿਚ ਕੋਈ ਚੋਰ ਆਣ ਵੜਿਆ, ਤਾਂ ਬੇਕਾਰ ਵਿਚ ਹੀ ਪੇਟੀਆਂ ਅਲਮਾਰੀਆਂ ਦੇ ਜਿੰਦੇ ਪੁੱਟ ਕੇ ਨੁਕਸਾਨ ਕਰ ਦੇਵੇਗਾ ਕਿਉਂਕਿ ਇਥੋਂ ਉਸ ਨੂੰ ਕੋਈ ਪੈਸਾ ਜਾਂ ਗਹਿਣੇ ਆਦਿ ਤਾਂ ਮਿਲਣੇ ਨਹੀਂ। ਉਹ ਸਭ ਕੁਝ ਤਾਂ ਬੈਂਕ ਵਿਚ ਪਿਆ ਹੈ।

ਇਸ ਲਈ ਨੁਕਸਾਨ ਤੋਂ ਬਚਣ ਲਈ ਉਸ ਨੇ 1000 ਰੁਪਏ ਡਰਾਇੰਗ ਰੂਮ ਵਿਚ ਮੇਜ਼ 'ਤੇ ਰੱਖ ਦਿੱਤੇ ਤੇ ਨਾਲ ਹੀ ਇੱਕ ਚਿੱਠੀ ਵੀ ਰੱਖ ਦਿੱਤੀ, "ਮੇਰੇ ਅਜਨਬੀ ਦੋਸਤ, ਤੁਸੀਂ ਮੇਰੇ ਘਰ ਵਿਚ ਪ੍ਰਵੇਸ਼ ਕਰਨ ਲਈ ਸਖਤ ਮਿਹਨਤ ਕੀਤੀ ਹੈ, ਜਿਸ ਲਈ ਮੈਂ ਤੁਹਾਡਾ ਸਵਾਗਤ ਕਰਦਾ ਹਾਂ। ਪਰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅਸੀਂ ਮੱਧ ਵਰਗੀ ਪਰਿਵਾਰ ਤੋਂ ਹਾਂ ਤੇ ਮੇਰਾ ਤੇ ਮੇਰੀ ਪਤਨੀ ਦਾ ਗੁਜ਼ਾਰਾ ਪੈਨਸ਼ਨ ਨਾਲ ਚੱਲਦਾ ਹੈ। ਘਰ ਵਿਚ ਕੋਈ ਪੈਸਾ ਜਾਂ ਗਹਿਣਾ ਨਹੀਂ ਹੈ। ਮੈਨੂੰ ਸੱਚੀਂ ਬਹੁਤ ਸ਼ਰਮ ਆ ਰਹੀ ਹੈ ਕਿ ਤੁਹਾਡਾ ਕੀਮਤੀ ਸਮਾਂ ਅਤੇ ਮਿਹਨਤ ਬੇਕਾਰ ਹੋ ਗਈ ਹੈ। ਇਸ ਲਈ ਤੁਹਾਡੇ ਪੈਰਾਂ ਦੀ ਧੂੜ ਦੇ ਬਰਾਬਰ ਇਹ ਥੋੜ੍ਹੇ ਜਿਹੇ ਪੈਸੇ ਮੇਜ਼ 'ਤੇ ਰੱਖ ਦਿੱਤੇ ਹਨ, ਕ੍ਰਿਪਾ ਕਰਕੇ ਸਵੀਕਾਰ ਕਰੋ। ਜੇ ਤੁਸੀਂ ਚਾਹੋ ਤਾਂ ਮੈਂ ਤੁਹਾਡੇ ਬਿਜ਼ਨਸ ਨੂੰ ਵਧਾਉਣ ਲਈ ਕੁਝ ਤਰੀਕੇ ਦੱਸ ਸਕਦਾ ਹਾਂ। ਤੁਸੀਂ ਕੋਸ਼ਿਸ਼ ਕਰੋ, ਸਫਲਤਾ ਜ਼ਰੂਰ ਤੁਹਾਡੇ ਪੈਰ ਚੁੰਮੇਗੀ।

ਮੇਰੇ ਫਲੈਟ ਤੋਂ ਚਾਰ ਘਰ ਛੱਡ ਕੇ ਫਲੈਟ ਨੰਬਰ 9 ਵਿਚ ਇੱਕ ਮਹਾਂ ਭ੍ਰਿਸ਼ਟ ਮੰਤਰੀ ਰਹਿੰਦਾ ਹੈ। ਇੱਕ ਬਹੁਤ ਹੀ ਅਮੀਰ ਤੇ ਟੈਕਸ ਚੋਰ ਪ੍ਰਾਪਰਟੀ ਡੀਲਰ ਸੱਤਵੀਂ ਮੰਜ਼ਲ ਦੇ ਫਲੈਟ ਨੰਬਰ 13 ਵਿਚ ਰਹਿੰਦਾ ਹੈ। ਸਹਿਕਾਰੀ ਬੈਂਕ ਦਾ ਘਪਲੇਬਾਜ਼ ਚੇਅਰਮੈਨ ਦੂਸਰੀ ਮੰਜ਼ਲ ਦੇ ਫਲੈਟ ਨੰਬਰ 22 ਵਿਚ ਰਹਿੰਦਾ ਹੈ। ਪੰਜਵੀਂ ਮੰਜ਼ਲ ਦੇ 2 ਨੰਬਰ ਫਲੈਟ ਵਿਚ ਹਵਾਲੇ ਦਾ ਬਹੁਤ ਵੱਡਾ ਕਾਰੋਬਾਰੀ ਰਹਿੰਦਾ ਹੈ। ਚੌਥੀ ਮੰਜ਼ਲ ਦੇ 7 ਨੰਬਰ ਫਲੈਟ ਵਿਚ ਇੱਕ ਢੋਂਗੀ ਬਾਬਾ ਰਹਿੰਦਾ ਹੈ, ਜੋ ਅੱਜਕੱਲ੍ਹ ਸੰਗਤਾਂ ਨੂੰ ਠੱਗਣ ਲਈ ਅਮਰੀਕਾ ਦੇ ਦੌਰੇ 'ਤੇ ਗਿਆ ਹੋਇਆ ਹੈ। ਇਨ੍ਹਾਂ ਸਾਰਿਆਂ ਦੇ ਘਰ ਕਾਲੇ ਧੰਨ ਅਤੇ ਸੋਨੇ ਚਾਂਦੀ ਨਾਲ ਭਰੇ ਹੋਏ ਹਨ। ਮੈਂ ਨਿਸ਼ਚਿਤ ਤੌਰ 'ਤੇ ਕਹਿ ਸਕਦਾ ਹਾਂ ਕਿ 'ਚਿੜੀ ਚੋਂਚ ਭਰ ਲੇ ਗਈ, ਨਦੀ ਘਟੇ ਨਾ ਨੀਰ' ਦੋਹੇ ਅਨੁਸਾਰ ਤੁਹਾਡੀ ਸਫਲਤਾ ਨਾਲ ਇਨ੍ਹਾਂ ਨੂੰ ਕੋਈ ਖਾਸ ਫਰਕ ਨਹੀਂ ਪਵੇਗਾ ਤੇ ਨਾ ਹੀ ਕੋਈ ਇੰਨਕਮ ਟੈਕਸ ਵਿਭਾਗ ਤੋਂ ਡਰਦਾ ਪੁਲਿਸ ਕੋਲ ਰਿਪੋਰਟ ਕਰੇਗਾ। ਤੁਹਾਡਾ ਸ਼ੁਭਚਿੰਤਕ, ਰਾਮ ਲਾਲ।"

ਟੂਰ ਤੋਂ ਬਾਅਦ ਜਦੋਂ ਰਾਮ ਲਾਲ ਅਤੇ ਉਸ ਦੀ ਪਤਨੀ ਵਾਪਸ ਆਏ, ਤਾਂ ਜਿਸ ਮੇਜ਼ 'ਤੇ ਉਹ ਚਿੱਠੀ ਰੱਖ ਕੇ ਗਏ ਸਨ, ਉਥੇ ਇੱਕ ਬੈਗ ਅਤੇ ਨਵੀਂ ਚਿੱਠੀ ਪਈ ਹੋਈ ਸੀ। ਖੋਲ੍ਹ ਕੇ ਵੇਖਿਆ ਤਾਂ ਬੈਗ ਵਿਚ ਵੀਹ ਲੱਖ ਰੁਪਏ ਸਨ ਤੇ ਚਿੱਠੀ ਵਿਚ ਲਿਖਿਆ ਹੋਇਆ ਸੀ, "ਸਰ ਜੀ, ਆਪ ਜੀ ਦੇ ਦਿਸ਼ਾ-ਨਿਰਦੇਸ਼ ਅਤੇ ਸਿੱਖਿਆ ਲਈ ਬਹੁਤ-ਬਹੁਤ ਧੰਨਵਾਦ। ਮੈਨੂੰ ਸਾਰੀ ਉਮਰ ਇਸ ਗੱਲ ਦਾ ਅਫਸੋਸ ਰਹੇਗਾ ਕਿ ਮੈਂ ਪਹਿਲਾਂ ਆਪ ਦੀ ਛਤਰ-ਛਾਇਆ ਹੇਠ ਕਿਉਂ ਨਾ ਆਇਆ ? ਤੁਹਾਡੇ ਆਦੇਸ਼ ਅਨੁਸਾਰ ਮੈਂ ਮਿਸ਼ਨ ਸਫਲਤਾਪੂਰਵਕ ਪੂਰਾ ਕਰ ਲਿਆ ਹੈ ਤੇ ਇਹ ਛੋਟੀ ਜਿਹੀ ਰਾਸ਼ੀ ਧੰਨਵਾਦ ਦੇ ਰੂਪ ਵਿਚ ਭੇਂਟ ਕੀਤੀ ਹੈ, ਸਵੀਕਾਰ ਕਰਨਾ। ਭਵਿੱਖ ਵਿਚ ਵੀ ਤੁਹਾਡੇ ਆਸ਼ੀਰਵਾਦ ਅਤੇ ਮਾਰਗ ਦਰਸ਼ਨ ਦੀ ਉਮੀਦ ਕਰਦਾ ਹਾਂ। ਤੁਹਾਡਾ ਆਪਣਾ, ਕਾਲੂ ਚੋਰ।"

## 28 ਨਵੰਬਰ ਨੂੰ ਜੋਤੀ ਜੋਤ ਸਮਾਉਣ ਦਿਵਸ ’ਤੇ ਵਿਸ਼ੇਸ਼

# ਗੁਰੂ ਨਾਨਕ ਦੇ ਸ਼ਬਦਾਂ ਨੂੰ ਸੰਗੀਤ ਦੇਣ ਵਾਲੇ ਰਬਾਬੀ ਭਾਈ ਮਰਦਾਨਾ ਜੀ

ਜਗਤ ਗੁਰੂ ਬਾਬਾ ਨਾਨਕ ਜੀ ਨੇ ਸ਼ਬਦ ਰਾਹੀਂ ਜਗਤ ਨੂੰ ਤਾਰਿਆ ਸੀ, ਸ਼ਬਦ ਰਾਹੀਂ ਆਪਣਾ ਵਿਲੱਖਣ ਫਲਸਫਾ ਦਿੱਤਾ ਸੀ ਅਤੇ ਸ਼ਬਦ ਰਾਹੀਂ ਹੀ ਨਿਰਗੁਣਿਆਰਿਆਂ ਨੂੰ ਗੁਣਵਾਨ ਬਣਾਇਆ ਸੀ। ਇਹ ਬਾਬੇ ਦੇ ਸ਼ਬਦ ਦੀ ਚੋਟ ਹੀ ਸੀ, ਜਿਸ ਨੇ ਕੌਡੇ ਰਾਖਸ਼, ਵਲੀ ਕੰਧਾਰੀ, ਸੱਜਣ ਠੱਗ ਅਤੇ ਹੋਰ ਲੱਖਾਂ ਦੇ ਜੀਵਨ ਵਿਚ ਵੱਡਾ ਇਨਕਲਾਬ ਲੈ ਆਂਦਾ ਸੀ। ਸੰਗੀਤ ਵਿਚ ਡੁੱਬਾ ਹੋਇਆ ਸ਼ਬਦ ਜਿਸ ਵੀ ਹਿਰਦੇ ’ਤੇ ਪੈਂਦਾ ਸੀ, ਉਹ ਗੁਰੂ ਨਾਨਕ ਦਾ ਹੀ ਹੋ ਕੇ ਰਹਿ ਜਾਂਦਾ ਸੀ। ਇਸ ਸ਼ਬਦ ਨੂੰ ਸੰਗੀਤਬੱਧ ਕਰਨ ਵਾਲੇ ਰਬਾਬੀ ਭਾਈ ਮਰਦਾਨਾ ਜੀ ਦਾ ਵੀ ਇਹ ਇਨਕਲਾਬ ਲਿਆਉਣ ਵਿਚ ਬਰਾਬਰ ਦਾ ਯੋਗਦਾਨ ਹੈ। ਕਿਹਾ ਜਾਂਦਾ ਹੈ ਕਿ ਬਾਬਾ ਨਾਨਕ ਆਖਦਾ ਸੀ, ਮਰਦਾਨਿਆ ਰਬਾਬ ਵਜਾ, ਬਾਣੀ ਆਈ ਏ। ਇਹ ਸਰਗਮ ਅਤੇ ਕਾਵਿ ਦਾ ਅਨੂਠਾ ਮੇਲ ਸੀ, ਜਿਸ ਨੇ ਕਰਾਮਾਤ ਕਹੀਆਂ ਜਾ ਸਕਣ ਵਾਲੀਆਂ ਘਟਨਾਵਾਂ ਨੂੰ ਜਨਮ ਦਿੱਤਾ।

ਭਾਈ ਮਰਦਾਨੇ ਦਾ ਬਾਬੇ ਨਾਨਕ ਦਾ ਪੱਕਾ ਸਾਥੀ ਬਣ ਜਾਣਾ ਆਪਣੇ ਆਪ ਵਿਚ ਇੱਕ ਵੱਡੀ ਕਰਾਮਾਤ ਸੀ। ਉਸ ਸਮੇ ਜਦੋਂ ਜਾਤ-ਪਾਤ ਅਤੇ ਛੂਤ-ਛਾਤ ਪੂਰੇ ਜੋਬਨ ਵਿਚ ਸੀ, ਉਦੋਂ ਨੀਵੀਂ ਜਾਤ ਵਜੋਂ ਜਾਣੀ ਜਾਂਦੀ ਮਰਾਸੀ ਜਾਤ ਨਾਲ ਸੰਬੰਧ ਰੱਖਣ ਵਾਲੇ ਮਰਦਾਨੇ ਨੂੰ ਸਦਾ ਆਪਣੇ ਨਾਲ ਰੱਖਣਾ, ਗੁਰੂ ਨਾਨਕ ਦੀ ਬਾਣੀ ਵਿਚ ਦੱਸਿਆ ਸਿਧਾਂਤ ਅਮਲੀ ਤੌਰ ’ਤੇ ਜੀਊ ਕੇ ਦਿਖਾਉਣ ਦਾ ਸਬੱਬ ਸੀ। ਨਾਨਕ ਬਾਣੀ ਵਿਚ ਸਾਫ ਲਿਖਿਆ ਏ:-

“ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥”.....(ਪੰਨਾ 15, ਸਿਰੀ ਰਾਗੁ ਮਹਲਾ 1)

ਅਤੇ ਸੱਚਮੁੱਚ ਨਦਰਿ ਹੋਈ ਵੀ!! ਭਾਈ ਮਰਦਾਨਾ ਜੀ ਦਾ ਜਨਮ ਰਾਇ ਭੋਇ ਦੀ ਤਲਵੰਡੀ ਵਿਖੇ ਹੀ ਪਿਤਾ ਮੀਰ ਬਾਦਰੇ ਦੇ ਘਰ ਮਾਤਾ ਲੱਖੋ ਦੀ ਕੁੱਖੋਂ 1459 ਈਸਵੀ ਨੂੰ ਹੋਇਆ। ਆਪ ਜੀ ਦੇ ਪਿਤਾ ਜੀ ਡੂਮਾਂ ਵਾਲਾ ਖਾਨਦਾਨੀ ਕਿੱਤਾ ਕਰਦੇ ਸਨ, ਜਿਸ ਵਿਚ ਜਿੱਥੇ ਲੋਕਾਂ ਦੇ ਘਰ ਸੁਨੇਹੇ ਆਦਿ ਦੇਣ ਦਾ ਕੰਮ ਵੀ ਹੁੰਦਾ ਸੀ, ਉੱਥੇ ਲੋਕਾਂ ਦੇ ਮਨੋਰੰਜਨ ਲਈ ਗਾਉਣਾ ਵੀ ਸ਼ਾਮਲ ਸੀ। ਕਿਹਾ ਜਾਂਦਾ ਹੈ ਕਿ ਮਾਤਾ ਲੱਖੋ ਦੇ ਛੇ ਬੱਚੇ ਹੋ ਕੇ ਮਰ ਗਏ ਸਨ ਅਤੇ ਇਹ ਸੱਤਵਾਂ ਬੱਚਾ ਸੀ, ਜਿਸ ਦਾ ਨਾਮ ਮਾਤਾ ਨੇ “ਮਰ ਜਾਣਾ” ਰੱਖਿਆ ਹੋਇਆ ਸੀ। ਉਸ ਨੂੰ ਇਸ ਦੇ ਵੀ ਛੇਤੀ ਮਰ ਜਾਣ ਦਾ ਡਰ ਸੀ। ਮਰਦਾਨੇ ਨੂੰ ਨਿੱਕੇ ਹੁੰਦੇ ਤੋਂ ਹੀ ਗਾਉਣ ਵਜਾਉਣ ਦਾ ਸ਼ੌਕ ਸੀ ਅਤੇ ਜਦੋਂ 1480 ਈਸਵੀ ’ਚ ਉਸ ਦੀ ਰਬਾਬ ਦੀ ਟੁਣਕਾਰ ਬਾਬੇ ਨਾਨਕ ਦੇ ਕੰਨਾਂ ਵਿਚ ਪਈ, ਬਾਬਾ ਮੋਹਿਆ ਗਿਆ ਅਤੇ ਮਰਦਾਨੇ ਨੂੰ ਸਦਾ ਲਈ ਆਪਣਾ ਸਾਥੀ ਬਣਾ ਲਿਆ। ਬਾਬਾ ਜੀ ਨੇ “ਮਰ ਜਾਣਾ” ਦੀ ਥਾਂ “ਮਰਦਾ ਨਾ” ਆਖਿਆ ਅਤੇ ਉਸ ਦਾ ਨਾਂ ਮਰਦਾਨਾ ਪ੍ਰਸਿੱਧ ਹੋਇਆ। ਦੋਵਾਂ ਦੀ ਪ੍ਰੀਤ ਗੂੜ੍ਹੀ ਹੁੰਦੀ ਗਈ। ਕੁਝ ਸਮਾਂ ਦੋਵੇਂ ਤਲਵੰਡੀ ਵਿਖੇ ਹੀ ਸਤਿ ਕਰਤਾਰ ਦੀ ਉਸਤਤ ਵਿਚ ਗੀਤ ਗਾਉਂਦੇ ਰਹੇ।

1487 ਈ. ’ਚ ਬਾਬੇ ਨਾਨਕ ਦਾ ਵਿਆਹ ਹੋ ਗਿਆ ਅਤੇ ਉਪਰੰਤ ਪਿਤਾ ਕਾਲੂ ਨੇ ਕੰਮ ਵਿਚ ਪਾਉਣ ਲਈ ਗੁਰੂ ਨਾਨਕ ਨੂੰ ਭੈਣ ਕੋਲ ਸੁਲਤਾਨਪੁਰ ਲੋਧੀ ਭੇਜ ਦਿੱਤਾ। ਇੱਕ ਵਾਰੀ ਤਾਂ ਦੋ ਦੋਸਤਾਂ ਵਿਚ ਵਿਛੋੜਾ ਪੈ ਗਿਆ, ਪਰ ਜਲਦੀ ਹੀ ਮਰਦਾਨੇ ਨੂੰ ਨਾਨਕ ਦੀ ਖਬਰਸਾਰ ਲੈ

ਆਉਣ ਲਈ ਮਹਿਤਾ ਕਾਲੂ ਨੇ ਤਲਵੰਡੀ ਘੱਲ ਦਿੱਤਾ। ਫੇਰ ਤਾਂ ਮਰਦਾਨਾ ਪੱਕਾ ਹੀ ਨਾਨਕ ਦਾ ਸਾਥੀ ਬਣ ਗਿਆ ਅਤੇ ਉਸਦੀ ਰਬਾਬ ਦਾ ਸੰਗੀਤ ਨਾਨਕ ਦੇ ਸ਼ਬਦਾਂ ਦਾ ਆਧਾਰ ਬਣਿਆ। ਬਾਬੇ ਨਾਨਕ ਨੇ ਵੱਖ-ਵੱਖ ਦਿਸ਼ਾਵਾਂ ਵਿਚ ਚਾਰ ਉਦਾਸੀਆਂ ਕੀਤੀਆਂ ਅਤੇ ਜੰਗਲ ਬੇਲਿਆਂ ਵਿਚ, ਰੇਗਿਸਤਾਨਾਂ ਵਿਚ, ਪਿੰਡਾਂ ਸ਼ਹਿਰਾਂ ਵਿਚ, ਸੰਤਾਂ ਅਤੇ ਠੱਗਾਂ ਨਾਲ ਮੁਲਾਕਾਤਾਂ ਸਮੇਂ ਭਾਈ ਮਰਦਾਨਾ ਜੀ ਹਮੇਸ਼ਾ ਬਾਬੇ ਨਾਨਕ ਦੇ ਨਾਲ ਸਨ ਅਤੇ ਬਾਬੇ ਦੇ ਸ਼ਬਦ ਨੇ ਰਬਾਬ ਦੇ ਸੰਗੀਤ ਵਿਚੋਂ ਹੋ ਕੇ ਹੀ ਤਪਦੇ ਹਿਰਦਿਆਂ ਨੂੰ ਠਾਰਿਆ।



ਜਨਮ ਸਾਖੀਆਂ ਦੇ ਲੇਖਕਾਂ ਨੇ ਭਾਈ ਮਰਦਾਨੇ ਨੂੰ ਭੁੱਖ ਦਾ ਸਤਾਇਆ ਹੋਇਆ ਲਿਖਿਆ ਹੈ, ਭਾਵੇਂ ਇਹ ਉਨ੍ਹਾਂ ਨੇ ਨਾਨਕ ਦੇ ਨਾਲ ਵਾਪਰੀਆਂ ਘਟਨਾਵਾਂ ਦਾ ਆਧਾਰ ਬਣਾਉਣ ਲਈ ਇਸ ਦੀ ਨਾਟਕੀ ਕਲਪਨਾ ਹੀ ਕੀਤੀ ਹੋਵੇ। ਕਿਉਂਕਿ ਇਹ ਗੱਲ ਹੈਰਾਨੀ ਵਾਲੀ ਹੈ ਕਿ ਲਗਭਗ 50 ਸਾਲ ਤੋਂ ਵੀ ਵੱਧ ਸਮਾਂ ਜਿਸ ਨੇ ਨਾਨਕ ਅਤੇ ਨਾਨਕ ਬਾਣੀ ਦਾ ਸਾਥ ਧੁਰ ਹਿਰਦੇ ਤੋਂ, ਰੂਹ ਤੋਂ ਮਾਣਿਆ ਹੋਵੇ, ਉਸ ਨੂੰ ਦੁਨਿਆਵੀ ਭੁੱਖ ਤੰਗ ਕਰੇ, ਯਕੀਨ ਕਰਨਾ ਮੁਸ਼ਕਿਲ ਹੈ।

ਭਾਵੇ ਮਰਦਾਨਾ ਜੀ ਉਮਰ ਵਿਚ ਬਾਬੇ ਤੋਂ 10 ਸਾਲ ਵੱਡੇ ਸਨ, ਪਰ ਉਨ੍ਹਾਂ ਦੀ ਨਿਮਰਤਾ ਨੇ ਉਨ੍ਹਾਂ ਨੂੰ ਸਦਾ ਹੀ ਗੁਰ-ਚਰਨਾਂ ਦਾ ਭੌਰਾ ਬਣਾਈ ਰੱਖਿਆ। ਮਰਦਾਨਾ ਜੀ ਦਾ ਵਿਆਹ ਕਦੋਂ ਹੋਇਆ, ਇਤਿਹਾਸ ਵਿਚ ਕੋਈ ਸਰੋਤ ਨਹੀਂ ਮਿਲਦਾ, ਪਰ ਉਨ੍ਹਾਂ ਦੇ ਦੋ ਪੁੱਤਰਾਂ ਰਜਾਦਾ ਅਤੇ ਸਜਾਦਾ ਦਾ ਜ਼ਿਕਰ ਜ਼ਰੂਰ ਆਉਂਦਾ ਏ, ਜਿਨ੍ਹਾਂ ਵਿਚੋਂ ਸਜਾਦਾ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਕਰਦਾ ਸੀ।

ਭਾਈ ਮਰਦਾਨੇ ਦਾ ਗੁਰੂ ਨਾਨਕ ਨਾਲ ਕਿੰਨਾ ਜ਼ਿਆਦਾ ਪ੍ਰੇਮ ਸੀ, ਇੱਕ ਛੋਟੀ ਜਿਹੀ ਘਟਨਾ ਤੋਂ ਅੰਦਾਜ਼ਾ ਲੱਗ ਸਕਦਾ ਹੈ। ਕਹਿੰਦੇ ਮਰਦਾਨਾ ਜੀ ਨੇ ਬਾਬੇ ਨੂੰ ਪੂਰੀ ਅਪਣੱਤ ਨਾਲ ਆਖਿਆ ਸੀ:-



-ਜਸਵਿੰਦਰ ਸਿੰਘ ਰੁਪਾਲ

98147-15796

ਪੰਜਾਬ ਮੇਲ USA

ਬਹੁਤਾ ਮਾਣ ਨਾ ਕਰੀਂ ਬਾਬਾ, ਤੇਰੇ ਤੇ ਮੇਰੇ ਵਿਚ ਬਹੁਤਾ ਫਰਕ ਨਹੀਂ।

ਤੂ ਰੱਬ ਦਾ ਡੂਮ ਤੇ ਮੈਂ ਤੇਰਾ ਡੂਮ॥ ਤੇ ਬਾਬੇ ਨੇ ਕਦੀ ਮਾਣ ਕੀਤਾ ਵੀ ਨਹੀਂ ਸੀ। ਮਰਦਾਨੇ ਨੂੰ ਅੰਤਮ ਸਮਾਂ ਆਉਣ ਤੋਂ ਪਹਿਲਾਂ ਬਾਬੇ ਨੇ ਪਰਖਣ ਦੇ ਲਹਿਜ਼ੇ ਵਿਚ ਪੁੱਛਿਆ ਕਿ ਜੇ ਤੂੰ ਆਖੇਂ ਤੇਰੇ ਮਰਨ ਪਿੱਛੋਂ ਤੇਰੀ ਸਮਾਧ ਬਣਵਾ ਦੇਈਏ। ਮਰਦਾਨੇ ਹੱਥ ਜੋੜ ਕੇ ਕਿਹਾ, ਬਾਬਾ ਤੇਰੇ ਨਾਲ ਰਹਿ ਕੇ ਇਹੀ ਤਾਂ ਸਿੱਖਿਆ ਹੈ। ਇੱਕ ਕਬਰ ’ਚੋਂ ਕੱਢ ਕੇ ਦੂਜੀ ਵਿਚ ਕਿਉਂ ਪਾਉਣਾ ਏ? ਬਾਬੇ ਨਾਨਕ ਨੇ ਖੁਸ਼ ਹੋ ਕੇ ਉਸਨੂੰ ਬ੍ਰਹਮ-ਗਿਆਨੀ ਹੋਣ ਦੀ ਉਪਾਧੀ ਦਿੱਤੀ।

ਭਾਈ ਸਾਹਿਬ ਦੇ ਦਿਹਾਂਤ ਬਾਰੇ ਵਿਦਵਾਨਾਂ ਵਿਚ ਮਤਭੇਦ ਹੈ। ਕੁਝ 1534 ਈਸਵੀ ਨੂੰ ਦੱਸਦੇ ਹਨ ਤੇ ਕੁਝ 1538 ਈ. ਵਿਚ। ਇਸੇ ਤਰ੍ਹਾਂ ਇੱਕ ਵਿਚਾਰ ਵਿਚ ਭਾਈ ਸਾਹਿਬ ਨੇ ਆਪਣਾ ਸਰੀਰ ਅਫਗਾਨਿਸਤਾਨ ਵਿਚ ਕੁਰਮ ਨਦੀ ਦੇ ਕੰਢੇ ਕੁਰਮ ਨਗਰ ਵਿਚ ਛੱਡਿਆ, ਜਦਕਿ ਦੂਜੇ ਵਿਚਾਰ ਵਿਚ ਉਨ੍ਹਾਂ ਨੇ ਕਰਤਾਰਪੁਰ ਸਾਹਿਬ ਦੇਹ ਤਿਆਗੀ। ਇਹ ਸਾਰੇ ਵਿਦਵਾਨ ਮੰਨਦੇ ਹਨ ਕਿ ਉਨ੍ਹਾਂ ਦਾ ਅੰਤਿਮ ਸੰਸਕਾਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਨਾਲ ਉਨ੍ਹਾਂ ਦੇ ਕਰਤਾਰਪੁਰ ਸਾਹਿਬ ਸਵਰਗਵਾਸ ਹੋਣ ਦਾ ਵਿਚਾਰ ਵਧੇਰੇ ਠੀਕ ਜਾਪਦਾ ਹੈ ਕਿਉਂਕਿ ਸਿਰਫ ਸੰਸਕਾਰ ਕਰਨ ਲਈ ਨਾਨਕ ਜੀ ਦਾ ਅਫਗਾਨਿਸਤਾਨ ਜਾਣ ਦਾ ਕਿਤੇ ਜ਼ਿਕਰ ਨਹੀਂ ਮਿਲਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਰਦਾਨਾ ਜੀ ਦੇ ਨਾਮ ਹੇਠ ਦੋ ਸਲੋਕ ਦਰਜ ਹਨ। ਵਿਦਵਾਨਾਂ ਦੇ ਵਿਚਾਰ ਅਨੁਸਾਰ ਭਾਈ ਮਰਦਾਨਾ ਜੀ ਦੇ ਵਿਚਾਰਾਂ ਨੂੰ ਕਾਵਿ-ਰੂਪ ਵਿਚ ਗੁਰੂ ਨਾਨਕ ਦੇਵ ਜੀ ਨੇ ਆਪ ਪ੍ਰਗਟਾਇਆ ਹੈ ਅਤੇ ਅੰਤ ’ਤੇ ਨਾਨਕ ਨਾਂ ਦੀ ਮੋਹਰ ਛਾਪ ਵੀ ਹੈ। ਬਾਣੀ ਰਾਹੀਂ ਮਰਦਾਨੇ ਨੂੰ ਸਦਾ ਲਈ ਅਮਰ ਕਰ ਦਿੱਤਾ ਹੈ।

### ਇਹ ਸਲੋਕ ਹਨ:-

1. ਕਲਿ ਕਲਵਾਲੀ ਕਾਮੁ ਮਦ ਮਨੂਆ ਪੀਵਣਹਾਰੁ।

ਕ੍ਰੋਧੁ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ।

ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ।

ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ।

ਗੁਣ ਮੰਡੇ ਕਰਿ ਸੀਲ ਘਿਉ ਸਰਮੁ ਮਾਸੁ ਆਹਾਰੁ।

ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰੁ। .....(ਪੰਨਾ 553, ਸਲੋਕ ਮਰਦਾਨਾ 1)

2. ਕਾਇਆ ਲਾਹਣਿ ਆਪੁ ਮਦ ਮਜਲਸ ਤ੍ਰਿਸਨਾ ਧਾਤੁ।

ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ।

ਇਤੁ ਮਦੁ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰੁ।

ਗਿਆਨੁ ਮਾਸੁ ਸਾਲਾਹ ਮੰਡੇ ਭਉ ਮਾਸੁ ਆਹਾਰੁ।

ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ।

ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ।

ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰੁ। .....(ਪੰਨਾ 553, ਮਰਦਾਨਾ 1)

ਅਤੇ ਇੱਕ ਪਉੜੀ ਵੀ ਹੈ:--

ਆਪੇ ਸੁਰਿ ਨਰ ਗਣ ਗੰਧਰਵਾ ਆਪੇ ਖਟ ਦਰਸਨ ਕੀ ਬਾਣੀ।

ਦੋਹਾਂ ਸ਼ਬਦਾਂ ਦਾ ਅਰਥ ਭਾਵ ਲਗਭਗ ਇੱਕੋ ਜਿਹਾ ਹੈ। ਜਿਨ੍ਹਾਂ ਵਿਚ ਵਿਕਾਰਾਂ ਦੇ ਨਸ਼ਿਆਂ ਤੋਂ ਵਰਜਦੇ ਹੋਏ ਇੱਕੋ ਇੱਕ ਸਦੀਵੀ ਨਸ਼ਾ ਨਾਮ ਦਾ ਕੀਤੇ ਜਾਣ ਦੀ ਹਦਾਇਤ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇ ਜ਼ਿਕਰ ਕਰਨ ਸਮੇਂ ਭਾਈ ਮਰਦਾਨਾ ਜੀ ਦਾ ਜ਼ਿਕਰ ਵੀ ਪੂਰੇ ਸਤਿਕਾਰ ਸਹਿਤ ਕੀਤਾ ਹੈ:-

ਇੱਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ। .....(ਭਾਈ ਗੁਰਦਾਸ ਜੀ, ਵਾਰ 1, ਪਉੜੀ 35)

ਦੁਆ ਕਰਦੇ ਹਾਂ ਕਿ ਸਾਨੂੰ ਸ਼ਬਦ ਦੇ ਨਾਲ-ਨਾਲ ਰਬਾਬ ਦੀ ਧੁਨ ਵੀ ਹਮੇਸ਼ਾ ਸੁਣਦੀ ਰਹੇ। ਜਿੰਨੀ ਦੇਰ ਬਾਬੇ ਨਾਨਕ ਦਾ ਅਤੇ ਉਸਦੀ ਬਾਣੀ ਦਾ ਜ਼ਿਕਰ ਹੁੰਦਾ ਰਹੇਗਾ, ਭਾਈ ਮਰਦਾਨਾ ਜੀ ਦਾ ਨਾਂ ਵੀ ਉਤਨੇ ਹੀ ਸਤਿਕਾਰ ਨਾਲ ਲਿਆ ਜਾਂਦਾ ਰਹੇਗਾ।

# ਪੰਜਾਬ ਦੇ ਮੁੱਦੇ ਅਤੇ ਸਿਆਸੀ ਪਾਰਟੀਆਂ ਦੀ ਇੱਕਜੁੱਟਤਾ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਪੰਜਾਬ ਨਾਲ ਹੋ ਰਹੇ ਵਿਤਕਰਿਆਂ ਖ਼ਾਸ ਕਰਕੇ ਤਤਕਾਲੀ 10 ਏਕੜ ਚੰਡੀਗੜ੍ਹ ਯੂ.ਟੀ. ਦੀ ਜ਼ਮੀਨ ਦੇ ਬਦਲੇ ਵਿਚ ਪੰਚਕੂਲਾ ਦੀ ਜ਼ਮੀਨ ਯੂ.ਟੀ. ਚੰਡੀਗੜ੍ਹ ਨੂੰ ਦੇਣ ਦੇ ਮੁੱਦੇ (ਇਸ ਜ਼ਮੀਨ 'ਤੇ ਹਰਿਆਣਾ ਵਿਧਾਨ ਸਭਾ ਦੀ ਇਮਾਰਤ ਉਸਾਰੀ ਜਾਣੀ ਹੈ) ਪ੍ਰਤੀ ਸੰਜੀਦਾ ਪੰਜਾਬ ਦੀਆਂ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਸਮੇਤ ਭਾਜਪਾ ਦੇ ਪੰਜਾਬ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਚਿੰਤਾ ਪ੍ਰਗਟ ਕੀਤੀ ਹੈ।

ਕੀ ਸੱਚਮੁੱਚ ਸਿਆਸੀ ਪਾਰਟੀਆਂ ਪੰਜਾਬ ਪ੍ਰਤੀ ਸੰਜੀਦਾ ਹਨ ਜਾਂ ਫਿਰ ਫੋਕੀ ਬਿਆਨਬਾਜੀ ਤੱਕ ਸੀਮਤ ਹਨ?

ਹਰਿਆਣਾ ਨੂੰ ਚੰਡੀਗੜ੍ਹ 'ਚ 10 ਏਕੜ ਜ਼ਮੀਨ ਹਰਿਆਣਾ ਵਿਧਾਨ ਸਭਾ ਦੀ ਉਸਾਰੀ ਲਈ ਦੇਣ 'ਤੇ ਪੰਜਾਬ ਦੀਆਂ ਕਮਿਊਨਿਸਟ ਪਾਰਟੀਆਂ ਨੇ ਕਰੜਾ ਵਿਰੋਧ ਕੀਤਾ ਹੈ ਅਤੇ ਇਸ ਫ਼ੈਸਲੇ ਨੂੰ ਅਨਿਆਂ ਪੂਰਨ, ਗੈਰ-ਕਾਨੂੰਨੀ, ਗੈਰ-ਸੰਵਿਧਾਨਿਕ ਅਤੇ ਪੰਜਾਬ ਪੁਨਰਗਠਨ ਐਕਟ 1966 ਦੀ ਘੋਰ ਉਲੰਘਣਾ ਕਿਹਾ ਹੈ। ਉਨ੍ਹਾਂ ਨੇ ਪੰਜਾਬ ਹਿਤੈਸ਼ੀ ਹੋਰ ਸਿਆਸੀ ਪਾਰਟੀਆਂ ਨਾਲ ਮਿਲਕੇ ਸਾਂਝੇ ਤੌਰ 'ਤੇ ਪੰਜਾਬ ਦੀਆਂ ਹੱਕੀ ਮੰਗਾਂ, ਮਸਲਿਆਂ 'ਤੇ ਸਾਂਝਾ ਸੰਘਰਸ਼ ਸ਼ੁਰੂ ਕਰਨ ਦਾ ਸੱਦਾ ਦਿੱਤਾ ਹੈ।

ਕੀ ਇੰਝ ਸੰਭਵ ਹੋ ਸਕੇਗਾ ਜਾਂ ਫਿਰ ਸਿਆਸੀ ਪਾਰਟੀਆਂ ਜਾਂ ਉਨ੍ਹਾਂ ਦੇ ਨੇਤਾ ਸਿਰਫ਼ ਆਪਣੀ ਸਵਾਰਥ ਸਿੱਧੀ ਤੱਕ ਆਪਣੇ ਆਪ ਨੂੰ ਸੀਮਤ ਕਰ ਲੈਣਗੇ?

ਪੰਜਾਬ ਨਾਲ ਕੇਂਦਰ ਲਗਾਤਾਰ ਹੁਣ ਤੱਕ ਧੱਕਾ ਕਰਦਾ ਰਿਹਾ ਹੈ। ਕੇਂਦਰ 'ਚ ਸਰਕਾਰ ਭਾਵੇਂ ਕਾਂਗਰਸ ਦੀ ਰਹੀ, ਭਾਵੇਂ ਹੁਣ ਭਾਜਪਾ ਦੀ ਹੈ, ਪੰਜਾਬ ਨਾਲ ਮਤਰੇਰਿਆ ਸਲੂਕ ਜਾਰੀ ਹੈ। ਸਾਲ 1966 ਵਿਚ ਕੇਂਦਰ ਸਰਕਾਰ ਦੀਆਂ ਮੰਦੀਆਂ ਭਾਵਨਾਵਾਂ ਕਰਕੇ ਹੀ ਪੰਜਾਬ ਪੁਨਰਗਠਨ ਸਮੇਂ ਪੰਜਾਬ ਨੂੰ ਬੇਹੱਦ ਅਧੂਰਾ ਕੱਟਿਆ-ਵੱਡਿਆ ਸੂਬਾ ਬਣਾਇਆ ਗਿਆ। ਪੰਜਾਬ ਨੂੰ ਹੁਣ ਤੱਕ ਵੀ ਚੰਡੀਗੜ੍ਹ ਰਾਜਧਾਨੀ ਤੋਂ ਵਿਰਵਾ ਰੱਖਿਆ ਗਿਆ। ਪਰ ਬੀਤੇ ਸਮੇਂ 'ਚ ਸਿਆਸੀ ਪਾਰਟੀਆਂ ਸੀਮਤ ਜਿਹਾ ਵਿਰੋਧ ਕਰਕੇ, ਕੁੰਭਕਰਨੀ ਨੀਂਦਰ ਸੁੱਤੀਆਂ ਰਹੀਆਂ।

1966 ਵਿਚ ਜਦੋਂ ਹਰਿਆਣਾ ਪੰਜਾਬ ਵਿਚੋਂ ਵੱਖਰਾ ਸੂਬਾ ਬਣਾਇਆ ਗਿਆ ਸੀ, ਉਸ ਸਮੇਂ ਹੀ ਪੰਚਕੂਲਾ ਵਿਚ ਹਰਿਆਣਾ ਵਿਧਾਨ ਸਭਾ ਦੀ ਇਮਾਰਤ ਬਣਾਈ ਜਾਣੀ ਚਾਹੀਦੀ ਸੀ। ਇਹ ਵਾਅਦਾ ਵੀ ਪੁਨਰਗਠਨ ਐਕਟ ਵਿਚ ਕੇਂਦਰ ਵਲੋਂ ਕੀਤਾ ਗਿਆ ਸੀ ਕਿ ਕੁਝ ਸਮੇਂ ਬਾਅਦ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰ ਦਿੱਤਾ ਜਾਵੇਗਾ। ਜਦੋਂ ਤੱਕ ਹਰਿਆਣਾ ਆਪਣੀ ਰਾਜਧਾਨੀ ਨਹੀਂ ਬਣਾਉਂਦਾ, ਉਦੋਂ ਤੱਕ ਚੰਡੀਗੜ੍ਹ ਯੂ.ਟੀ. ਹੀ ਰਹੇਗਾ। ਪਰ ਪੰਜਾਬ ਨੂੰ ਚੰਡੀਗੜ੍ਹ ਨਾ ਦਿੱਤਾ ਗਿਆ, ਉਸਦੇ ਬਣਦੇ ਹੱਕ ਵੀ ਨਹੀਂ ਦਿੱਤੇ ਗਏ, ਸਗੋਂ ਕਈ ਹਾਲਤਾਂ 'ਚ ਇਹ ਹੱਕ ਹਥਿਆਏ ਜਾਂਦੇ ਰਹੇ।

ਪੰਜਾਬੀ ਬੋਲਦੇ ਇਲਾਕੇ ਪੰਜਾਬ 'ਚ ਸ਼ਾਮਲ ਨਾ ਕੀਤੇ ਗਏ। ਉਹ ਮਸਲੇ, ਜਿਹੜੇ ਪੰਜਾਬ ਦੇ ਲੋਕਾਂ ਦੀਆਂ ਡੂੰਘੀਆਂ ਭਾਵਨਾਵਾਂ ਨਾਲ ਜੁੜੇ ਹੋਏ ਹਨ, ਬੀਤੇ ਸਮੇਂ ਜਿਨ੍ਹਾਂ ਕਾਰਨ ਪੰਜਾਬੀਆਂ ਨੂੰ ਡੂੰਘੇ ਜ਼ਖ਼ਮ ਲੱਗੇ ਹਨ, ਉਨ੍ਹਾਂ ਉਤੇ ਮੱਲ੍ਹਮ ਤਾਂ ਕਿਸੇ ਸਰਕਾਰ ਨੇ ਕੀ ਲਗਾਉਣੀ ਸੀ, ਸਗੋਂ ਉਨ੍ਹਾਂ ਜ਼ਖ਼ਮਾਂ ਨੂੰ ਕੁਰੇਦਿਆ ਗਿਆ। ਇਸ ਸਭ ਕੁਝ ਦਾ ਸਿੱਟਾ ਫਿਰ ਇਹੋ ਨਿਕਲਿਆ ਕਿ ਪੰਜਾਬ ਦਾ, ਪੰਜਾਬੀਆਂ ਦਾ, ਕੇਂਦਰ ਪ੍ਰਤੀ ਮੋਹ ਭੰਗ ਹੁੰਦਾ ਰਿਹਾ। ਕੇਂਦਰ ਨਾਲ ਦਿਲੋਂ-ਮਨੋਂ ਵਿਰੋਧ ਵਧਦਾ ਰਿਹਾ। ਸਿੱਟਾ ਕਈ ਤੱਤੀਆਂ ਲਹਿਰਾਂ ਦਾ ਪੰਜਾਬ 'ਚ ਜਨਮ ਹੋਇਆ। ਸੈਂਕੜੇ ਨਹੀਂ ਹਜ਼ਾਰਾਂ ਨੌਜਵਾਨ ਇਨ੍ਹਾਂ ਲਹਿਰਾਂ ਸਮੇਂ ਮੌਤ ਦੇ ਘਾਟ ਉਤਾਰ ਦਿੱਤੇ ਗਏ।

ਗੱਲ ਪੰਜਾਬੀਆਂ ਵਲੋਂ ਕੀਤੇ ਗਏ ਪਿੱਛੇ ਜਿਹੇ ਕਿਸਾਨ ਅੰਦੋਲਨ ਦੀ ਕਰ ਲਈਏ ਜਾਂ ਫਿਰ ਐਮਰਜੈਂਸੀ ਦੌਰਾਨ ਲਗਾਏ "ਅਕਾਲੀ ਮੋਰਚੇ" ਦੀ, ਪੰਜਾਬੀਆਂ ਨੇ ਹਿੱਕ ਡਾਹਕੇ ਕੇਂਦਰ ਦੀਆਂ ਪੰਜਾਬ ਤੇ ਪੰਜਾਬੀਆਂ ਪ੍ਰਤੀ ਕੀਤੀਆਂ ਸਾਜ਼ਿਸ਼ਾਂ ਨੂੰ ਹੀ ਨੰਗਿਆ ਨਹੀਂ ਕੀਤਾ, ਸਗੋਂ ਦੁਨੀਆਂ ਨੂੰ ਵਿਖਾ ਦਿੱਤਾ ਕਿ ਪੰਜਾਬੀ, "ਦੇਸ਼ ਭਾਰਤ" ਦੇ ਸੰਵਿਧਾਨ ਨੂੰ ਮੰਨਦਿਆਂ, ਆਮ ਲੋਕਾਂ ਦੇ ਹੱਕਾਂ ਲਈ ਲੜਨ ਦੀ ਜੁਰੱਅਤ ਰੱਖਦੇ ਹਨ, ਜ਼ੁਲਮ ਅਤੇ ਧੱਕੇਸ਼ਾਹੀ ਵਿਰੁੱਧ ਹਿੱਕ ਡਾਹਕੇ ਲੜਦੇ ਹਨ, ਕੁਰਬਾਨੀਆਂ ਕਰਦੇ ਹਨ। ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਲੋਕ-ਹੱਕਾਂ ਲਈ ਖੜਦਿਆਂ ਸੈਂਕੜੇ ਨਹੀਂ, ਹਜ਼ਾਰਾਂ ਪੰਜਾਬੀਆਂ ਨੇ ਸ਼ਹਾਦਤ ਦੇ ਜਾਮ ਪੀਤੇ। 2020 ਦੇ ਕਿਸਾਨ ਅੰਦੋਲਨ 'ਚ ਸੱਤ ਅੱਠ ਸੌ ਕਿਸਾਨਾਂ ਆਪਣੇ ਹੱਕਾਂ ਦੀ ਪ੍ਰਾਪਤੀਆਂ ਲਈ ਲੜਦਿਆਂ ਜਾਨ ਦੇ ਦਿੱਤੀ।

ਕੀ ਪੰਜਾਬ, ਪੰਜਾਬੀ ਕੁਰਬਾਨੀਆਂ ਹੀ ਦਿੰਦੇ ਰਹਿਣਗੇ ਜਾਂ ਕਦੇ ਸੁੱਖ ਦਾ ਸਾਹ ਵੀ ਲੈ ਸਕਣਗੇ?

ਸਿਰਫ਼ ਇਹੋ ਨਹੀਂ ਕਿ ਪੰਜਾਬ ਤੋਂ ਪੰਜਾਬੀਆਂ ਦੀ ਰਾਜਧਾਨੀ ਖੋਹ ਲਈ ਗਈ ਹੈ। ਦੇਸ਼ ਦੀ ਵੰਡ ਵੇਲੇ ਪੰਜਾਬ ਦੀ ਰਾਜਧਾਨੀ ਲਾਹੌਰ, (ਪਾਕਿਸਤਾਨ) ਇਧਰਲੇ ਪੰਜਾਬ ਤੋਂ ਖੁਸ ਗਈ। ਪੰਜਾਬ ਦੇ 22 ਪਿੰਡਾਂ ਨੂੰ ਪੰਜਾਬ ਦੀ ਰਾਜਧਾਨੀ ਬਨਾਉਣਾ ਮਿਥਿਆ ਗਿਆ। ਚੰਡੀਗੜ੍ਹ ਇਨ੍ਹਾਂ ਪਿੰਡਾਂ ਨੂੰ ਉਜਾੜ ਕੇ 1953 'ਚ ਪੰਜਾਬ ਦੀ ਰਾਜਧਾਨੀ ਵਜੋਂ ਉਸਾਰਿਆ ਗਿਆ। ਸ਼ਿਮਲਾ, ਜੋ ਕਦੇ ਪੰਜਾਬ ਦੀ ਆਰਜ਼ੀ ਰਾਜਧਾਨੀ ਹੋਇਆ ਕਰਦੀ ਸੀ, ਹਿਮਾਚਲ ਪ੍ਰਦੇਸ਼ ਪੱਲੇ ਪਾ ਦਿੱਤਾ ਗਿਆ। ਸਾਲ 1966 'ਚ ਪੁਨਰਗਠਨ ਵੇਲੇ ਚੰਡੀਗੜ੍ਹ ਹਰਿਆਣਾ ਦੀ ਆਰਜ਼ੀ ਰਾਜਧਾਨੀ ਬਣਾਈ ਗਈ ਤੇ ਆਰਜ਼ੀ ਤੌਰ 'ਤੇ ਨਾਲ ਹੀ ਚੰਡੀਗੜ੍ਹ ਕੇਂਦਰ ਸ਼ਾਸ਼ਿਤ ਪ੍ਰਦੇਸ਼ ਬਣਿਆ। ਪਰ ਲਗਭਗ 6 ਦਹਾਕੇ ਬੀਤਣ ਬਾਅਦ ਵੀ ਪੰਜਾਬ ਦੇ ਨਾਲ-ਨਾਲ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਹੈ ਤੇ ਚੰਡੀਗੜ੍ਹ ਪੱਕੇ ਤੌਰ 'ਤੇ ਹੀ ਕੇਂਦਰ ਸ਼ਾਸਿਤ ਪ੍ਰਦੇਸ਼ ਅਣ-ਐਲਾਨੇ ਤੌਰ 'ਤੇ ਮੰਨਿਆ ਜਾ ਚੁੱਕਾ ਹੈ।

ਕੀ ਇਹ ਕੇਂਦਰੀ ਹਾਕਮੀ ਦੀ ਹੱਠਧਰਮੀ ਨਹੀਂ? ਕੀ ਇਸ ਹੱਠਧਰਮੀ ਨੂੰ ਤੋੜਨ ਲਈ ਕਿਸੇ ਕਾਂਗਰਸੀ, ਗੈਰ-ਕਾਂਗਰਸੀ ਸਰਕਾਰ ਨੇ ਦੂਰਅੰਦੇਸ਼ੀ, ਪ੍ਰਤੀਬੱਧਤਾ ਤੇ ਪ੍ਰਭਾਵਸ਼ਾਲੀ ਢੰਗ ਨਾਲ ਚੰਡੀਗੜ੍ਹ ਦੀ ਪ੍ਰਾਪਤੀ ਲਈ ਕੋਈ ਯਤਨ ਕੀਤੇ?

ਚੰਡੀਗੜ੍ਹ ਅੱਜ ਕੇਂਦਰ ਅਧੀਨ ਹੈ। ਉਥੇ 60:40 ਅਨੁਪਾਤ ਨਾਲ ਪੰਜਾਬ ਦੇ ਅਫ਼ਸਰਾਂ ਤੇ ਕਰਮਚਾਰੀਆਂ ਦੀ ਨਿਯੁਕਤੀ ਕੀਤੀ ਜਾਣੀ ਤਹਿ ਸੀ, ਪਰ ਇਸ ਤੋਂ ਵੀ ਅੱਜ ਮੁਨਕਰ ਹੋਇਆ ਜਾ ਰਿਹਾ ਹੈ। ਚੰਡੀਗੜ੍ਹ ਦੀ ਪੰਜਾਬ ਯੂਨੀਵਰਸਿਟੀ ਵੀ ਪੰਜਾਬ ਤੋਂ ਖੋਹਣ ਦਾ ਲਗਾਤਾਰ ਯਤਨ ਹੋ ਰਿਹਾ ਹੈ। ਪੰਜਾਬ ਦਾ ਅਧਿਕਾਰ ਉਸ ਉਤੇ ਖ਼ਤਮ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ।

ਕੀ ਪੰਜਾਬ ਹਿਤੈਸ਼ੀ "ਸੂਰਮੇ ਨੇਤਾ" ਕੇਂਦਰ ਦੀਆਂ ਚਾਲਾਂ ਤੋਂ ਜਾਣੂ ਨਹੀਂ? ਜਾਂ ਫਿਰ ਜਾਣ ਬੁਝਕੇ ਅਵੇਸਲੇ ਹੋਏ, ਇੱਛਾ ਸ਼ਕਤੀ ਤੋਂ ਹੀਣੇ, ਡੰਗ-ਟਪਾਈ ਕਰਦਿਆਂ ਭਾਸ਼ਨਾਂ ਤੱਕ ਆਪਣੇ ਆਪ ਨੂੰ ਸੀਮਤ ਰੱਖ ਰਹੇ ਹਨ?

ਪੰਜਾਬ ਦੇ ਪਾਣੀ ਪੰਜਾਬ ਤੋਂ ਖੋਹਣ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ। ਬਾਵਜੂਦ ਪੰਜਾਬ ਵਿਧਾਨ ਸਭਾ 'ਚ ਸਿਆਸੀ ਪਾਰਟੀਆਂ ਵਲੋਂ ਸਰਬਸੰਮਤੀ ਮਤੇ ਪਾਸ ਕਰਕੇ ਕੇਂਦਰ ਨੂੰ ਭੇਜਣ ਦੇ ਬਾਵਜੂਦ ਕਦੇ ਵੀ ਕੇਂਦਰ ਸਰਕਾਰ ਦੇ ਸਿਰ 'ਤੇ ਕਦੇ ਜੂੰ ਨਹੀਂ ਸਰਕੀ। ਪੰਜਾਬ ਦੇ ਦਰਿਆਈ ਪਾਣੀਆਂ 'ਤੇ ਹੱਕ ਅੰਤਰਰਾਸ਼ਟਰੀ ਰਿਪੇਅਰੀਅਨ ਕਾਨੂੰਨ ਅਨੁਸਾਰ ਪੰਜਾਬ ਦੇ ਹਨ ਪਰ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਬਿਨ੍ਹਾਂ ਕੀਮਤੋਂ ਇਹ ਪਾਣੀ ਦਿੱਤਾ ਜਾ ਰਿਹਾ ਹੈ। ਦਰਿਆਈ ਟ੍ਰਿਬਿਊਨਲ ਜਾਂ ਭਾਰਤ ਦੀ ਸੁਪਰੀਮ ਕੋਰਟ ਸਾਜ਼ਿਸ਼ਾਂ ਤਹਿਤ ਪੰਜਾਬ ਦੇ ਪਾਣੀ ਖੋਹਣ ਦੇ ਯਤਨ ਹੋ ਰਹੇ ਹਨ।

ਕਦੇ ਪੰਜਾਬ ਵਿਰੋਧੀ ਐਕਟਿੰਗ ਪ੍ਰਧਾਨ ਮੰਤਰੀ ਗੁਲਜਾਰੀ ਲਾਲ ਨੰਦਾ ਦੀ ਬਦਨੀਤੀ ਨੇ ਪੰਜਾਬ ਲਈ ਚੰਡੀਗੜ੍ਹ ਤੋਂ ਪੰਜਾਬੀ ਬੋਲਦੇ ਇਲਾਕੇ ਪੰਜਾਬੋਂ ਬਾਹਰ ਰੱਖਕੇ ਕੰਡੇ ਬੀਜੇ ਅਤੇ ਹੁਣ ਭਾਰਤ ਦਾ ਗ੍ਰਹਿ ਮੰਤਰੀ ਅਮਿਤ ਸ਼ਾਹ ਹਰਿਆਣਾ ਦੀ ਵਿਧਾਨ ਸਭਾ ਚੰਡੀਗੜ੍ਹ 'ਚ ਬਨਾਉਣ ਦਾ ਸੇਹ ਦਾ ਤੱਕਲਾ ਪੰਜਾਬ ਦੀ ਛਾਤੀ 'ਚ ਖੁਭੋ ਰਿਹਾ ਹੈ।

ਕੀ ਪੰਜਾਬੀ ਤੇ ਪੰਜਾਬ ਇਸ ਬੇਇਨਸਾਫ਼ੀ ਨੂੰ ਬਰਦਾਸ਼ਤ ਕਰਨਗੇ? ਜਵਾਬ ਹੈ ਕਦਾਚਿਤ ਨਹੀਂ।

ਪੰਜਾਬ ਸਰਹੱਦੀ ਸੂਬਾ ਹੈ। ਕਈ ਵੇਰ ਉਜੜਿਆ ਹੈ, ਫਿਰ ਉਸਰਿਆ ਹੈ। ਖਾੜਕੂ ਲਹਿਰ ਦਾ ਸੰਤਾਪ ਵੀ ਇਸ ਸੂਬੇ ਨੇ ਝੱਲਿਆ ਹੈ। ਵੱਡੇ ਦਰਦ ਵੀ ਇਸ ਨੇ ਆਪਣੇ ਸੀਨੇ 'ਤੇ ਜਰੇ ਹਨ। ਸੰਤਾਲੀ ਦੀ ਵੰਡ, 1984 ਦੇ ਦਰਦਨਾਕ ਹਾਦਸੇ, ਸ੍ਰੀ ਹਰਿਮੰਦਰ ਸਾਹਿਬ ਉਤੇ ਕੇਂਦਰੀ ਹਮਲਾ ਅਤੇ ਫਿਰ ਪੰਜਾਬੀਆਂ ਖ਼ਾਸ ਕਰਕੇ ਸਿੱਖਾਂ ਨੂੰ ਅੱਤਵਾਦੀ ਹੋਣ ਦਾ ਖਿਤਾਬ, ਕਿਸਾਨ ਅੰਦੋਲਨ ਤੱਕ ਵੀ ਕੇਂਦਰ ਦੀਆਂ ਸਰਕਾਰਾਂ ਉਨ੍ਹਾਂ ਪੱਲੇ ਪਾਉਂਦੀਆਂ ਰਹੀਆਂ ਹਨ।

ਪਰ ਕੀ ਕੇਂਦਰ ਵਲੋਂ ਇਸ ਸਰਹੱਦੀ ਸੂਬੇ ਦੀ ਖੁਸ਼ਹਾਲੀ ਲਈ ਕਦੇ ਕੋਈ ਕਦਮ ਚੁੱਕੇ ਗਏ? ਕੀ ਹਿਮਾਚਲ ਪ੍ਰਦੇਸ਼ ਜਾਂ ਹੋਰ ਸੂਬਿਆਂ ਵਾਂਗਰ ਪੰਜਾਬ ਨੂੰ ਸਨੱਅਤੀ ਸਹੂਲਤਾਂ ਪ੍ਰਦਾਨ ਹੋਈਆਂ, ਕੋਈ ਖ਼ਾਸ ਰਿਐਤਾਂ ਪ੍ਰਦਾਨ ਕੀਤੀਆਂ?

ਉਲਟਾ ਅੱਤਵਾਦ ਦੇ ਨਾਂਅ 'ਤੇ, ਮਨੁੱਖੀ ਅਧਿਕਾਰਾਂ ਦਾ ਹਨਨ ਪੰਜਾਬੀਆਂ ਪੱਲੇ ਪਿਆ। ਇਸ ਖਾੜਕੂ ਲਹਿਰ ਨੂੰ ਰੋਕਣ ਲਈ ਕੇਂਦਰ ਸੁਰੱਖਿਆ ਬਲਾਂ ਦਾ ਖਰਚਾ ਪੰਜਾਬ ਸਿਰ ਮੜ੍ਹ ਦਿੱਤਾ ਗਿਆ। ਇਹੋ ਜਿਹੀਆਂ ਬੇਹੂਦਾ, ਪੰਜਾਬ ਵਿਰੋਧੀ ਕੇਂਦਰੀ ਹਰਕਤਾਂ ਕਾਰਨ ਪੰਜਾਬੀਆਂ ਦੇ ਮਨਾਂ 'ਚ ਰੋਸ ਪੈਦਾ ਹੋਇਆ। ਪੰਜਾਬ ਦਾ ਨੌਜਵਾਨ ਉਦਾਸ, ਹਤਾਸ਼ ਹੋਇਆ। ਪ੍ਰਵਾਸ ਦੇ ਰਾਹ ਪਿਆ। ਬੇਰੁਜ਼ਗਾਰੀ ਦਾ ਸ਼ਿਕਾਰ ਨਸ਼ਿਆਂ ਦੀ ਮਾਰ ਹੇਠ ਦੱਬਿਆ ਗਿਆ।

ਕੀ ਕਦੇ ਕਿਸੇ ਕੇਂਦਰੀ ਸਰਕਾਰ ਜਾਂ ਫਿਰ ਪੰਜਾਬ ਹਿਤੈਸ਼ੀ ਕਹਾਉਂਦੀ ਸੂਬਾ ਸਰਕਾਰ ਨੇ ਪੰਜਾਬੀਆਂ ਦਾ ਇਹ ਦਰਦ ਪਛਾਣਿਆ? ਸਮਝਣ ਦਾ ਯਤਨ ਕੀਤਾ? ਸ਼ਾਇਦ ਕਦੇ ਵੀ ਨਹੀਂ।

ਅੱਜ ਜਦੋਂ ਪੰਜਾਬੀ ਮਜਬੂਰੀ ਤੌਰ 'ਤੇ ਪ੍ਰਵਾਸ ਦੇ ਰਾਹ ਪਏ ਹੋਏ ਹਨ। ਲੱਖਾਂ ਪੰਜਾਬੀ ਨੌਜਵਾਨ ਵਿਦੇਸ਼ਾਂ 'ਚ ਵਸ ਰਹੇ ਹਨ। ਪੰਜਾਬ, ਪੰਜਾਬੀਆਂ ਤੋਂ ਸਾਜ਼ਿਸ਼ਨ ਸੱਖਣਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਅਣਖ ਨੂੰ ਵੰਗਾਰਿਆ ਜਾ ਰਿਹਾ ਹੈ। ਪੰਜਾਬੀਆਂ ਦੀ ਥਾਂ ਹੋਰ ਸੂਬਿਆਂ ਦੇ ਲੋਕਾਂ ਦਾ ਇਥੇ ਪੱਕਾ ਵਸੇਵਾ ਕਰਵਾਇਆ ਜਾ ਰਿਹਾ ਹੈ। ਪੰਜਾਬ ਦੀ ਬੋਲੀ 'ਪੰਜਾਬੀ' ਅਤੇ ਪੰਜਾਬ ਦਾ ਸਭਿਆਚਾਰ ਮਿਲਾਵਟੀ ਬਣਾਇਆ ਜਾ ਰਿਹਾ ਹੈ। ਪੰਜਾਬ ਦੇ ਹੱਕ ਖੋਹਣ ਦੀਆਂ ਯੋਜਨਾਵਾਂ ਨਿੱਤ ਬਣਦੀਆਂ ਹਨ, ਜੋ ਕਿਸੇ ਵੀ ਸੂਰਤ ਵਿਚ ਬਰਦਾਸ਼ਤ ਕਰਨ ਯੋਗ ਨਹੀਂ ਹਨ।

ਤਦ ਫਿਰ ਪੰਜਾਬ ਹਿਤੈਸ਼ੀ ਸਿਆਸੀ ਪਾਰਟੀਆਂ ਦੀ ਇੱਕਜੁੱਟਤਾ ਸਮੇਂ ਦੀ ਲੋੜ ਬਣਦੀ ਜਾ ਰਹੀ ਹੈ, ਤਾਂ ਕਿ ਪੰਜਾਬ ਵਿਰੋਧੀ ਲਾਬੀ ਨੂੰ ਮਾਤ ਦਿੱਤੀ ਜਾ ਸਕੇ। ਜੇਕਰ ਅੱਜ ਵੀ ਪੰਜਾਬੀ ਰੋਸ ਨਹੀਂ ਪ੍ਰਗਟਾਉਂਦੇ, ਪੰਜਾਬ ਦੀਆਂ ਕਿਸਾਨ ਜੱਥੇਬੰਦੀਆਂ, ਪੰਜਾਬ ਦੇ ਮਜ਼ਦੂਰ ਸੰਗਠਨ, ਸਿਆਸੀ ਧਿਰਾਂ, ਸਮਾਜਿਕ ਕਾਰਕੁੰਨ, ਲੇਖਕ, ਬੁੱਧੀਜੀਵੀ ਪੰਜਾਬ ਦੇ ਹੱਕਾਂ ਲਈ ਨਹੀਂ ਖੜਦੇ, ਤਾਂ ਪੰਜਾਬ ਦੀ ਹੋਂਦ ਖਤਰੇ 'ਚ ਪੈ ਜਾਏਗੀ।

ਕੀ ਜਰਖੇਜ਼ ਧਰਤੀ ਦੇ ਬਸ਼ਿੰਦੇ, ਲੋਕਾਂ ਲਈ ਮਰਨ ਖੜਨ ਵਾਲੇ ਅਣਖੀ ਪੰਜਾਬੀ, ਪੰਜਾਬ ਦੀ ਧਰਤੀ 'ਤੇ ਲਿਖਿਆ ਜਾ ਰਿਹਾ ਦੁਖਾਂਤਕ ਬਿਰਤਾਂਤ ਹੁਣ ਵੀ ਨਹੀਂ ਪੜ੍ਹਨਗੇ? ਕਿੰਨਾ ਕੁ ਚਿਰ ਸੁੱਤ-ਉਨੀਂਦੇ, ਬਿੱਲੀ ਦੀ ਆਮਦ 'ਤੇ ਚੂਹੇ ਦੇ ਅੱਖਾਂ ਮਿਟਣ ਵਾਂਗਰ, ਆਪਣੀ ਬੇ-ਨਿਆਈ ਮੌਤ ਦਾ ਇੰਤਜ਼ਾਰ ਕਰਨਗੇ?

ਪੰਜਾਬ ਦੇ ਲਿਖੇ ਇਤਿਹਾਸ ਦੇ ਕਾਲੇ ਪੰਨਿਆਂ 'ਤੇ ਝਾਤ ਮਾਰਦਿਆਂ ਪੰਜਾਬੀਆਂ ਨੂੰ ਆਪਣੀ ਸੋਚ ਨੂੰ ਥਾਂ ਸਿਰ ਕਰਕੇ ਕੁਝ ਸਾਰਥਿਕ ਕਦਮ ਤਾਂ ਪੁੱਟਣੇ ਹੀ ਪੈਣਗੇ, ਨਹੀਂ ਤਾਂ ਆਉਣ ਵਾਲੀਆਂ ਨਸਲਾਂ ਸਾਂਹਵੇ ਹੁਣ ਦੇ ਪੰਜਾਬੀਆਂ ਨੂੰ ਸ਼ਰਮਸਾਰ ਹੋਣਾ ਪਵੇਗਾ।

ਸਿਰਫ਼ ਹਾਅ ਦਾ ਨਾਹਰਾ ਮਾਰਿਆਂ ਨਹੀਂ ਸਰਨਾ। ਕੋਈ ਸੰਘਰਸ਼ ਕੀਤਿਆਂ ਹੀ ਸਿੱਟੇ ਨਿਕਲ ਸਕਣਗੇ।






Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## 21 ਨਵੰਬਰ ਮੌਤ ਦਿਨ ’ਤੇ ਵਿਸ਼ੇਸ਼ ਲੇਖ

# ਲੰਬੀ ਹੇਕ ਵਾਲੀ ਲੋਕ ਗਾਇਕਾ ਗੁਰਮੀਤ ਬਾਵਾ

ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
(Punjab Mail USA)



ਗੁਰਮੀਤ ਕੌਰ ਬਾਵਾ ਦਾ ਜਨਮ 18 ਫ਼ਰਵਰੀ 1944 ਨੂੰ ਸ. ਉੱਤਮ ਸਿੰਘ ਦੇ ਘਰ ਮਾਤਾ ਰਾਮ ਕੌਰ ਦੀ ਕੁਖੋਂ ਪੱਕਾ ਪਿੰਡ ਕੋਠਾ (ਅਲੀਵਾਲ) ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਇਹ ਤਿੰਨ ਭੈਣਾਂ ਅਤੇ ਇਕ ਭਰਾ ਸਨ। ਗੁਰਮੀਤ ਬਾਵਾ ਹਜੇ ਛੋਟੀ ਉਮਰ ਵਿਚ ਹੀ ਸੀ, ਜਦ ਇਸ ਦੀ ਮਾਤਾ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਈ ਸੀ। ਇਸ ਦਾ ਪਾਲਣ-ਪੋਸ਼ਣ ਵੱਡੀਆਂ ਭੈਣਾ ਦੇ ਸਹਿਯੋਗ ਨਾਲ ਹੋਇਆ। ਗੁਰਮੀਤ ਬਾਵਾ ਦੱਸਿਆ ਕਰਦੀ ਸੀ, ਮੈਂ ਵੱਡੀਆਂ ਭੈਣਾਂ ਦੇ ਸਹਿਯੋਗ ਨਾਲ ਵਿਦਿਆ ਹਾਸਲ ਕੀਤੀ। ਉਸ ਟਾਇਮ ਕੁੜੀਆਂ ਨੂੰ ਘਰ ਤੋਂ ਬਾਹਰ ਪੜ੍ਹਨ ਨਹੀਂ ਭੇਜਿਆ ਜਾਂਦਾ ਸੀ, ਮੈਂ ਤਿੰਨਾਂ ਪਿੰਡਾਂ ਵਿਚੋਂ ਪਹਿਲੀ ਕੁੜੀ ਸੀ, ਜੋ ਦਸ ਜਮਾਤਾਂ ਪਾਸ ਕਰਨ ਤੋਂ ਬਾਅਦ ਜੇ.ਬੀ.ਟੀ. ਕਰਕੇ ਅਧਿਆਪਕ ਲੱਗ ਗਈ। ਇਸ ਕੰਮ ਵਿਚ ਮੇਰੇ ਪਿਤਾ ਦਾ ਬਹੁਤ ਵੱਡਾ ਸਹਿਯੋਗ ਸੀ।

5 ਜੂਨ 1968 ਨੂੰ ਇਸ ਦੀ ਸ਼ਾਦੀ ਕਿਰਪਾਲ ਸਿੰਘ ਬਾਵਾ ਨਾਲ ਹੋਈ, ਜੋ ਡੇਰਾ ਬਾਬਾ ਨਾਨਕ ਦਾ ਰਹਿਣ ਵਾਲਾ ਬੇਦੀ ਪਰਿਵਾਰ ਵਿਚੋਂ ਸੀ। ਇਕ ਵਾਰ ਗੁਰਮੀਤ ਬਾਵਾ ਅਤੇ ਕਿਰਪਾਲ ਬਾਵਾ, ਗੁਰਮੀਤ ਬਾਵਾ ਦੇ ਪਿੰਡ ਉਸ ਦੇ ਪਿਤਾ ਕੋਲ ਬੈਠੇ ਸਨ। ਪਿਤਾ ਨੇ ਕਿਰਪਾਲ ਸਿੰਘ ਨੂੰ ਕਿਹਾ, ਬਾਵਾ ਗਾ ਕੇ ਸੁਣਾਓ, ਬਸ ਉਸ ਦਿਨ ਤੋਂ ਹੀ ਇਸ ਪਰਿਵਾਰ ਦਾ ਨਾਮ ਬਾਵਾ ਪੈ ਗਿਆ ਅਤੇ ਇਸ ਨੇ ਆਪਣੇ ਨਾਮ ਨਾਲੋਂ ਬੇਦੀ ਸ਼ਬਦ ਹਟਾ ਲਿਆ। ਕਿਰਪਾਲ ਬਾਵਾ ਗੁਰਮੀਤ ਬਾਵਾ ਨਾਲ ਵਿਆਹ ਕਰਵਾਉਣ ਤੋਂ ਬਾਅਦ ਅੰਮ੍ਰਿਤਸਰ ਰਹਿਣ ਲੱਗ ਪਿਆ। ਹੁਣ ਇਸ ਪਰਿਵਾਰ ਦਾ ਘਰ ਫੇਅਰਲੈਂਡ ਕਲੋਨੀ ਫਤਿਹਗੜ੍ਹ ਚੂੜੀਆਂ ਰੋਡ ਅੰਮ੍ਰਿਤਸਰ ਵਿਖੇ ਸਥਿਤ ਹੈ। ਕਿਰਪਾਲ ਬਾਵਾ ਐੱਮ.ਏ. ਬੀ.ਐਡ ਅਧਿਆਪਕ ਸੀ, ਉਹ ਵੀ ਗਾਇਕ ਹੋਣ ਕਰਕੇ ਦੋਵੇਂ ਨੌਕਰੀ ਤਿਆਗ ਕੇ ਗਾਇਕੀ ਵੱਲ ਹੋ ਤੁਰੇ। ਗੁਰਮੀਤ ਬਾਵਾ ਦੇ ਗਾਇਕੀ ਖੇਤਰ ਵਿਚ ਉਸਤਾਦ ਕਿਰਪਾਲ ਬਾਵਾ ਸਨ। ਇਨ੍ਹਾਂ ਨੇ ਡਿਊਟ ਗੀਤ ਵੀ ਗਾਏ ਪਰ ਪੰਜਾਬੀ ਸੱਭਿਆਚਾਰ ਦੀ ਰੱਜ ਕੇ ਸੇਵਾ ਕੀਤੀ।



ਇਨ੍ਹਾਂ ਦੇ ਘਰ ਤਿੰਨ ਧੀਆਂ ਲਾਚੀ ਬਾਵਾ, ਗਲੋਰੀ ਬਾਵਾ ਅਤੇ ਸਿਮਰਤ ਬਾਵਾ ਨੇ ਜਨਮ ਲਿਆ। ਇਨ੍ਹਾਂ ਨੇ ਆਪਣੇ ਫਰਜ਼ ਪੂਰੇ ਕਰਦਿਆਂ ਬੱਚਿਆਂ ਨੂੰ ਵਧੀਆ ਸਿੱਖਿਆ ਹਾਸਲ ਕਰਵਾਈ। ਗੁਰਮੀਤ ਬਾਵਾ ਆਪਣੇ ਦਿਲ ਵਿਚ ਆਪਣੀ ਧੀ ਲਾਚੀ ਬਾਵਾ ਦਾ ਦਰਦ ਸਮੋਈ ਬੈਠੀ ਸੀ, ਜਿਸ ਦਾ ਇਕ ਨਾਮੁਰਾਦ ਬਿਮਾਰੀ ਨਾਲ ਦਿਹਾਂਤ ਹੋ ਗਿਆ ਸੀ, ਲਾਚੀ ਬਾਵਾ ਵਧੀਆ ਗਾਇਕਾ ਸੀ।

ਜਦ ਜਲੰਧਰ ਦੂਰਦਰਸ਼ਨ ਸ਼ੁਰੂ ਹੋਇਆ, ਤਾਂ ਉੱਥੇ ਸਭ ਤੋਂ ਪਹਿਲਾਂ ਗੁਰਮੀਤ ਬਾਵਾ ਨੇ ਗੀਤ ਗਾਇਆ। ਦਿੱਲੀ ਦੂਰਦਰਸ਼ਨ ’ਤੇ ਵੀ ਕਲਾਕਾਰ ਵਜੋਂ ਗੁਰਮੀਤ ਬਾਵਾ ਦੀ ਚੋਣ ਹੋਈ। ਗੁਰਮੀਤ ਬਾਵਾ ਜੁਗਨੀ, ਸੁਹਾਗ ਘੋੜੀਆਂ, ਸਿਠਣੀਆਂ, ਲੋਕ ਗਥਾਵਾ ਆਦਿ ਗਾਉਣ ਕਰਕੇ ਦੇਸ਼ ਵਿਦੇਸ਼ ਵਿਚ ਜਾਣੀ ਜਾਂਦੀ ਸੀ।

1965 ਦੀ ਭਾਰਤ ਪਾਕਿਸਤਾਨ ਜੰਗ ਤੋਂ ਬਾਅਦ ਫੌਜ ਕੋਲ ਫੌਜੀਆਂ ਦੇ ਮਨੋਰੰਜਨ ਲਈ ਕੋਈ ਕਲਾਕਾਰ ਨਹੀਂ ਸੀ। ਇਸ ਕਰਕੇ ਸਰਕਾਰ ਨੇ ਵੱਖ-ਵੱਖ ਕਲਾਕਾਰਾਂ ਦੀ ਚੋਣ ਕੀਤੀ। ਇਨ੍ਹਾਂ ਵਿਚ ਗੁਰਮੀਤ ਬਾਵਾ ਦਾ ਨਾਮ ਮੁੱਖ ਸੀ। ਗੁਰਮੀਤ ਬਾਵਾ ਨੇ ਪੰਜ-ਛੇ ਫ਼ਿਲਮਾਂ ਵਿਚ ਗੀਤ ਗਾਏ। ਸਭ ਤੋਂ ਪਹਿਲਾਂ ਇਸ ਨੇ ਸਰਪੰਚ ਫ਼ਿਲਮ ਵਿਚ ਗੀਤ ਗਾਇਆ। ਗੁਰਮੀਤ ਬਾਵਾ ਦੀ ਗਾਇਕੀ ਦੇ ਸੰਗੀਤ ਵਿਚ ਹਰਮੋਨੀਅਮ, ਅਲਗੋਜੇ, ਚਿਮਟਾ, ਢੋਲਕੀ, ਘੜਾ ਆਦਿ ਵਰਤੇ ਜਾਂਦੇ ਸਨ।

ਗੁਰਮੀਤ ਬਾਵਾ 45 ਸੈਕਿੰਡ ਦੀ ਹੇਕ ਲਾ ਲੈਂਦੀ, ਜੋ ਇਕ ਰਿਕਾਰਡ ਸੀ। ਇਸ ਦਾ ਸਭ ਤੋਂ ਪਹਿਲਾ ਗੀਤ ਤਵੇ ’ਤੇ ਰਿਕਾਰਡ ਹੋ ਕੇ ਆਇਆ ‘ਮੈਂ ਜੱਟੀ ਪੰਜਾਬ ਦੀ ਮੇਰੀਆਂ ਰੀਸਾ ਕੌਣ ਕਰੇ’। ਇਸ ਤਵੇ ਦੀ ਤੇਰਾਂ ਹਜ਼ਾਰ ਰਿਕਾਰਡ ਤੋੜ ਵਿਕਰੀ ਹੋਈ। ਗੁਰਮੀਤ ਬਾਵਾ ਨੇ ਗਾਇਕੀ ਦੇ ਦਮ ’ਤੇ ਲਗਭਗ 25 ਮੁਲਕਾਂ ਦੇ ਟੂਰ ਲਾਏ। ਸਭ ਤੋਂ ਪਹਿਲਾ ਟੂਰ ਰਸ਼ੀਆ ਦਾ ਸੀ। ਗੁਰਮੀਤ ਬਾਵਾ ਨੇ ਆਪਣੀ ਗਾਇਕੀ ਕਰਕੇ ਬਹੁਤ ਐਵਾਰਡ ਪ੍ਰਾਪਤ ਕੀਤੇ। ਬਾਵਾ ਨੂੰ 1991 ’ਚ ਪੰਜਾਬ ਸਰਕਾਰ ਦੁਆਰਾ ਰਾਜ ਪੁਰਸਕਾਰ, ਪੰਜਾਬ ਨਾਟਕ ਅਕਾਦਮੀ ਦੁਆਰਾ ਸੰਗੀਤ ਪੁਰਸਕਾਰ, 2002 ਵਿਚ ਮੱਧ ਪ੍ਰਦੇਸ ਸਰਕਾਰ ਦੁਆਰਾ ਰਾਸ਼ਟਰੀ ਦੇਵੀ ਅਹਿਲਿਆ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। 2008 ਵਿਚ ਪੰਜਾਬੀ ਭਾਸ਼ਾ ਵਿਭਾਗ ਪੰਜਾਬ ਸਰਕਾਰ ਵਲੋਂ ਇਸ ਨੂੰ ਸ਼੍ਰੋਮਣੀ ਗਾਇਕਾ ਐਵਾਰਡ ਨਾਲ ਸਨਮਾਨਿਆ ਗਿਆ। ਭਾਰਤੀ ਸੰਗੀਤ ਨਾਟਕ ਅਕੈਦਮੀ ਵਲੋਂ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਆ ਗਿਆ। ਪੰਜਾਬ ਕਲਾ ਪ੍ਰੀਸਦ ਵਲੋਂ ਪੰਜਾਬ ਗੌਰਵ ਪੁਰਸਕਾਰ ਮਿਲਿਆ। ਗੁਰਮੀਤ ਬਾਵਾ ਨੂੰ ਮਰਨ ਉਪਰੰਤ ਦੇਸ਼ ਦੇ ਦੂਜੇ ਸਰਵਉੱਚ ਨਾਗਰਿਕ ਪੁਰਸਕਾਰ ‘ਪਦਮ ਭੂਸ਼ਣ’ ਨਾਲ ਨਿਵਾਜ਼ਿਆ ਗਿਆ।

2019 ਵਿਚ ਗੁਰਮੀਤ ਬਾਵਾ ਨੂੰ ਨਿਊਜ਼ੀਲੈਂਡ ਦੀ ਪਾਰਲੀਮੈਂਟ ’ਚ ਪੰਜਾਬੀ ਸਪੋਟਸ ਐਂਡ ਕਲਚਰ ਕਲੱਬ ਵਲੋਂ ਸਨਮਾਨ ਮਿਲਿਆ।

ਗੁਰਮੀਤ ਬਾਵਾ ਨੇ 55 ਸਾਲ ਗਾਇਕੀ ਦੇ ਖੇਤਰ ਵਿਚ ਸਰੋਤਿਆਂ ਦੀ ਰੱਜ ਕੇ ਸੇਵਾ ਕੀਤੀ। 77 ਸਾਲ ਦੀ ਉਮਰ ਭੋਗ ਕੇ 21 ਨਵੰਬਰ 2021 ਦਿਨ ਐਤਵਾਰ 11 ਵਜੇ ਸਵੇਰੇ ਆਪਣੇ ਪਰਿਵਾਰ, ਰਿਸ਼ਤੇਦਾਰ ਅਤੇ ਚਹੁੰਣ ਵਾਲੇ ਸਰੋਤਿਆਂ ਨੂੰ ਅਲਵਿਦਾ ਕਹਿ ਗਈ। ਹਰ ਸਟੇਜ ’ਤੇ ਜੁਗਨੀ ਲੰਬੀ ਹੇਕ ਨਾਲ ਗਾਉਂਣ ਵਾਲੀ ਗੁਰਮੀਤ ਬਾਵਾ-

‘ਆਈ ਜਵਾਨੀ ਹਰ ਕੋਈ ਵਹਿੰਦਾ
ਜਾਂਦੀ ਕਿਸੇ ਨਾ ਡਿੱਠੀ
ਕੀ ਮੁਨਿਆਦ ਹੈ ਬੰਦਿਆ ਤੇਰੀ ਆਖਰ
ਹੋਣਾ ਮਿੱਟੀ’

ਇਹ ਤੁਕਾਂ ਸੱਚ ਕਰ ਗਈ। ਉਸ ਦੀ ਗਾਇਕੀ ਦਾ ਸੱਭਿਆਚਾਰਕ ਕੀਮਤੀ ਖ਼ਜ਼ਾਨਾ ਸਾਡੇ ਕੋਲ ਹੈ, ਜਿਸ ਨੂੰ ਸੁਣ ਕੇ ਮਨ ਨੂੰ ਸਕੂਨ ਮਿਲਦਾ ਹੈ।

---

# ਪੁਸਤਕ ਸਮੀਖਿਆ

ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA



**ਨਾਮ ਕਿਤਾਬ : ਸੁਤੰਤਰਤਾ ਸੰਗਰਾਮ ਦੇ ਕ੍ਰਾਂਤੀਕਾਰੀ**
**ਲੇਖਕ: ਐੱਚ.ਐੱਲ ਕਪੂਰ**
**ਸਫ਼ੇ: 248**
**ਕੀਮਤ: ਅੰਕਿਤ ਨਹੀਂ**
**ਛਾਪਕ: ਵਾਲੀਆ ਇੰਟਰਪ੍ਰਾਈਜਿਜ਼, ਮਾਈ ਹੀਰਾਂ ਗੇਟ, ਜਲੰਧਰ**

ਇਸ ਕਿਤਾਬ ਦੇ ਲੇਖਕ ਮਾਸਟਰ ਹਰਮੇਸ਼ ਲਾਲ ਕਪੂਰ ਜੀ ਪਿੰਡ ਬੋਪਾਰਾਏ ਕਲਾਂ, ਤਹਿਸੀਲ ਨਕੋਦਰ (ਜਲੰਧਰ) ਤੋਂ ਨੇ। 1980ਵਿਆਂ ਦੇ ਆਰ-ਪਾਰ, ਉਨ੍ਹਾਂ ਲੰਬਾ ਸਮਾਂ ਸਹਸ ਸ਼ੰਕਰ-ਜਲੰਧਰ ਵਿਚ ਬਤੌਰ ਪੰਜਾਬੀ ਅਧਿਆਪਕ ਸੇਵਾ ਕੀਤੀ। ਇਸ ਵਕਤ ਆਪਣੇ ਬੇਟੇ ਪਾਸ ਅਮਰੀਕਾ ਦੇ ਸ਼ਹਿਰ ਸੈਕਰਾਮੈਂਟੋ ਰਿਹਾਇਸ਼ ਪੁਜੀਰ ਨੇ। ਲੰਬੇ ਸਮੇਂ ਤੋਂ ਉਨ੍ਹਾਂ ਦੁਆਰਾ ਲਿਖਤ ਸਮਾਜਿਕ ਅਤੇ ਇਤਿਹਾਸਕ ਖੋਜ ਭਰਪੂਰ ਨਿਬੰਧ ਵਿਦੇਸ਼ੀ ਅਖ਼ਬਾਰਾਂ, ਰਸਾਲਿਆਂ ਵਿਚ ਛਪਦੇ ਰਹੇ ਹਨ। ਉਨ੍ਹਾਂ ਛਪੇ/ਅਣਛਪਿਆਂ ਕਿਰਤਾਂ ਵਿਚੋਂ ਹੀ ਆਪਣੇ ਚੋਣਵੇਂ ਇਤਿਹਾਸਕ ਲੇਖਾਂ ਨੂੰ ’ਕੱਠੇ ਕਰਕੇ, ‘ਸੁਤੰਤਰਤਾ ਸੰਗਰਾਮ ਦੇ ਕ੍ਰਾਂਤੀਕਾਰੀ’ ਸਿਰਲੇਖ ਹੇਠ ਪਠੇਲੀ ਕਿਤਾਬ ਦਾ ਰੂਪ ਦਿੱਤਾ ਹੈ।

ਇਸ ਕਿਤਾਬ ਵਿਚ ਉਨ੍ਹਾਂ ਸਤਿਗੁਰੂ ਰਾਮ ਸਿੰਘ ਜੀ, ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ ਅਤੇ ਸੁਭਾਸ਼ ਚੰਦਰ ਬੋਸ ਸਮੇਤ ਉਨ੍ਹਾਂ ਉਮਦਾ 18 ਸੰਘਰਸ਼ੀ ਯੋਧਿਆਂ ਦੀ ਇਤਿਹਾਸਕ ਮਾਣਮੱਤੀ ਗਾਥਾ ਦਰਜ ਕੀਤੀ ਹੈ, ਜਿਨ੍ਹਾਂ ਸਿਰ ਹਥੇਲੀ ’ਤੇ ਰੱਖ, ਆਪਣਾ ਘਰ-ਬਾਰ ਤਿਆਗ, ਬਿਖੜੇ ਪੈਂਡੇ ਨੂੰ ਤਹਿ ਕਰ, ਮੌਤ ਲਾੜੀ ਵਿਆਹੀ ਜਾਂ ਆਪਾ ਦੇਸ਼ ਸਮਰਪਿਤ ਕੀਤਾ। ਪੁਲਿਸ ਦੀ ਕੁੱਟ ਖਾਧੀ, ਤਸੀਹੇ ਝੱਲੇ, ਜ਼ਮੀਨਾਂ ਜਬਤ ਹੋ ਗਈਆਂ, ਪਰਿਵਾਰ ਰੁਲ ਗਏ। ਸ਼ਹੀਦਾਂ ਦਾ ਸੁਪਨਾ ਪੂਰਾ ਹੋਇਆ, ਸਾਨੂੰ ਆਜ਼ਾਦੀ ਮਿਲੀ।

ਆਜ਼ਾਦੀ ਚਰਖ਼ਾ ਕੱਤ ਕੇ ਨਹੀਂ, ਬਹੁਤ ਮਹਿੰਗੇ ਮੁੱਲ ਮਿਲੀ। ਪੰਜਾਬੀਆਂ ਅਤੇ ਬੰਗਾਲੀਆਂ ਨੇ ਜਿਥੇ ਜੰਗੇ ਆਜ਼ਾਦੀ ਲਈ ਸਭ ਤੋਂ ਵੱਧ ਸਿਰਾਂ ਦੀ ਭੇਂਟ ਦਿੱਤੀ, ਉਥੇ ਉਦੋਂ ਹੋਏ ਫ਼ਿਰਕੂ ਦੰਗਿਆਂ ਵਿਚ ਵੀ ਇਨ੍ਹਾਂ ਦੋਹਾਂ ਸਟੇਟਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ।

ਮੰਦਹਾਲੀ ਤੇ ਝੂਰ ਨਾ ਬਹਿ ਕੇ, ਇਹ ਤਾਂ ਗੇੜ ਸਮੇਂ ਦਾ ਹੈ।
ਦੋਨੋਂ ਹੀ ਹਨ ਮਰਦੇ ਭੁੱਖੇ, ਹਾਲੀਂ ਵੀ ਤੇ ਪਾਲੀ ਵੀ।
ਯੂ.ਪੀ. ਦਾ ਸਰਬਾਲ੍ਹਾ ਲੈ ਗਿਆ, ਆਜ਼ਾਦੀ ਦੀ ਲਾੜੀ ਨੂੰ।
ਭੇਂਟ ਸਿਰਾਂ ਦੀ ਦਿੰਦੇ ਰਹਿਗੇ, ਪੰਜਾਬੀ ਤੇ ਬੰਗਾਲੀ ਵੀ।






ਹੱਥਲੀ ਪੁਸਤਕ ਸਤਿਕਾਰਤ ਮਾਸਟਰ ਹਰਮੇਸ਼ ਲਾਲ ਜੀ ਹੋਰਾਂ ਨੇ ਬੜੀ ਮੁਸ਼ੱਕਤ ਤੋਂ ਬਾਅਦ ਤਿਆਰ ਕੀਤੀ। ਦਰਜ, ਵਤਨ ਪ੍ਰਸਤਾਂ ਬਾਰੇ ਸੰਖੇਪ ਜਾਣਕਾਰੀ ਆਮ ਕਿਤਾਬਾਂ ਜਾਂ ਨੈੱਟ ਤੋਂ ਮਿਲਣੀ ਸੁਭਾਵਿਕ ਹੈ ਪਰ ਲੇਖਕ ਨੂੰ ਇਸ ਪੁਸਤਕ ਵਿਚ ਦਰਜ ਵਿਸਥਾਰਤ ਮਸਾਲਾ ’ਕੱਠਾ ਕਰਨ ਲਈ ਦਰਜਣਾਂ ਕਿਤਾਬਾਂ ਅਤੇ ਬਿਜਲਈ ਮੀਡੀਏ ਤੋਂ ਵੱਡੀ ਮੁਸ਼ੱਕਤ ਕਰਨੀ ਪਈ। ਉਹ ਖ਼ਾਸ ਜਾਂ ਗੁੱਝੀ ਜਾਣਕਾਰੀ ਜੋ ਆਮ ਕਿਤਾਬਾਂ ’ਚ ਨਹੀਂ ਮਿਲਦੀ, ਇਸ ਪੁਸਤਕ ਵਿਚ ਪੜ੍ਹਨ ਨੂੰ ਮਿਲਦੀ ਹੈ। ਇਹੋ ਇਸ ਦਾ ਹਾਸਲ ਹੈ। ਜਿੱਥੇ ਕਿਤਾਬ ਪੜ੍ਹਦਿਆਂ ਪਾਠਕ ’ਚ ਵਤਨ ਪ੍ਰਸਤੀ ਦੀ ਭਾਵਨਾ ਪ੍ਰਬਲ ਹੁੰਦੀ ਹੈ, ਉੱਥੇ ਅਜੋਕੀ ਨਵੀਂ ਪੀੜ੍ਹੀ ਨੂੰ ਹਥਲੀ ਪੁਸਤਕ ਪੜ੍ਹਕੇ ਮਹਿੰਗੇ ਭਾਅ ਮਿਲੀ ਆਜ਼ਾਦੀ ਦਾ ਅਹਿਸਾਸ ਹੋਵੇਗਾ।

ਪੁਸਤਕ ਦੇ ਅਖ਼ੀਰ ਵਿਚ ਸ਼ਹੀਦ ਕੂਕਿਆਂ, ਪਹਿਲੇ ਲਾਹੌਰ ਸਾਜ਼ਿਸ਼ ਕੇਸ, ਕਾਲੇ ਪਾਣੀ ਦੀਆਂ ਸਜ਼ਾਵਾਂ, 1915 ਵਿਚ ਫਾਂਸੀ ’ਤੇ ਲਟਕਾਏ ਜਾਣ ਵਾਲੇ ਸਾਰੇ ਸਰਫਰੋਸ਼ਾਂ ਦੇ ਨਾਮ ਅਤੇ-ਪਤੇ ਸਮੇਤ ਫੋਟੋਆਂ ਵੀ ਕਿਤਾਬ ਦੇ ਮਿਆਰ ਦੀ ਸ਼ੋਭਾ ਵਧਾਉਂਦੇ ਨੇ।

ਇਤਿਹਾਸ ਲਿਖਣਾ, ਸਾਹਿਤ ਰਚਣਾ ਦੋਹੇਂ ਕਠਿਨ ਮਿਹਨਤ ਅਤੇ ਤਪੱਸਿਆ ਮੰਗਦੇ ਨੇ। ਇਹ ਸ਼ੌਂਕ, ਰੁਚੀ ਅਤੇ ਸਹਿਜ ਨਾਲ ਵੱਧਦਾ ਫੁੱਲਦਾ ਏ। ਲਿਖਣਾ ਹਰ ਕਿਸੇ ਦੇ ਵੱਸ ਨਹੀਂ। ਲਿਖਤ ਵਿਚ ਪਾਠਕ ਨੂੰ ਉਂਗਲੀ ਫੜਕੇ ਨਾਲ ਤੋਰਨ ਦਾ ਹੁਨਰ ਹੋਣਾ ਜ਼ਰੂਰੀ ਹੈ। ਲੇਖਕ ਨੇ ਇਸ ਪੱਖ ’ਤੇ ਪਹਿਰਾ ਦਿੱਤਾ ਹੈ।

ਕਿਤਾਬ ਦੀ ਛਪਾਈ ਅਤੇ ਟਾਈਟਲ ਵੀ ਆਕਰਸ਼ਿਤ ਨੇ।

ਕੁੱਲ ਮਿਲਾ ਕੇ ਕਿਤਾਬ ਪੜ੍ਹਨ ਅਤੇ ਸਾਂਭਣਯੋਗ ਹੈ। ਨਵੀਂ ਪੀੜ੍ਹੀ ਨੂੰ ਇਸ ’ਤੇ ਖ਼ਾਸ ਤਵੱਜੋਂ ਦੇਣੀ ਬਣਦੀ ਹੈ।

# ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਮਹਿਜ਼ ਇਕ ਡਰਾਮਾ!

## ਹੁਣ ਆਪ ਹੀ ਸ੍ਰੀ ਅਕਾਲ ਤੱਖਤ ਦੇ ਹੁਕਮ ਮੰਨਣ ਤੋਂ ਇਨਕਾਰੀ

-ਜੰਗ ਸਿੰਘ
ਮਰਸਡ ਕੈਲੀਫੋਰਨੀਆ (ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA



ਸਿੱਖ ਪੰਥ ਪਿਛਲੇ ਕਾਫੀ ਸਮੇਂ ਤੋਂ ਸ੍ਰੀ ਅਕਾਲੀ ਦਲ ਬਾਦਲ ਦੀ ਸਿਆਸਤ 'ਤੇ ਤਿਰਛੀ ਨਜ਼ਰ ਮਾਰਦਾ ਆ ਰਿਹਾ ਹੈ ਕਿ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਤੇ ਸ. ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਨੇ ਭਾਜਪਾ ਨਾਲ ਭਿਆਲੀ ਪਾ ਕੇ ਕੀਤੇ ਦਸ ਸਾਲ ਦੇ ਰਾਜ ਭਾਗ ਦੌਰਾਨ ਜਿਹੜੀਆਂ ਗੰਭੀਰ ਗਲਤੀਆਂ ਕੀਤੀਆ ਹਨ, ਜਿਵੇਂ ਪੰਜਾਬ ਦੇ ਮੁੱਖ ਮਸਲਿਆਂ ਪ੍ਰਤੀ ਚੁੱਪ ਵੱਟੀ ਰੱਖਣੀ ਤੇ ਸਿੱਖ ਧਰਮ ਪ੍ਰਤੀ ਕੀਤੀਆਂ ਬਜਰ ਗਲਤੀਆਂ, ਉਦਾਹਰਣ ਵਜੋਂ ਸ੍ਰੀ ਅਕਾਲ ਤਖਤ ਅਤੇ ਹੋਰ ਤਖਤਾਂ ਦੇ ਜਥੇਦਾਰਾਂ ਨੂੰ ਚੰਡੀਗੜ੍ਹ ਵਿਖੇ ਆਪਣੀ ਕੋਠੀ ਵਿਚ ਬੁਲਾ ਕੇ ਤਾਨਾਸ਼ਾਹੀ ਢੰਗ ਨਾਲ ਉਨ੍ਹਾਂ ਕੋਲੋਂ ਸੌਦਾ ਸਾਧ ਦੀ ਮੁਆਫੀ ਦੁਆਉਣੀ, ਸਿੱਖ ਨੌਜੁਆਨੀ ਦੇ ਕਾਤਲ ਸੁਮੇਧ ਸੈਣੀ ਨੂੰ ਪੰਜਾਬ ਦਾ ਡੀ.ਜੀ.ਪੀ. ਲਗਾਉਣਾ, ਇਜ਼ਹਾਰ ਆਲਮ ਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਕਰਨ ਦੇ ਨਾਲ ਉਸ ਦੀ ਪਤਨੀ ਨੂੰ ਪੰਜਾਬ ਮੰਤਰੀ ਮੰਡਲ ਵਿਚ ਸ਼ਾਮਲ ਕਰਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਨਾ ਫੜਣਾ, ਸ਼ਾਂਤਮਈ ਢੰਗ ਨਾਲ ਪਾਠ ਕਰ ਰਹੀ ਸੰਗਤ ਜੋ ਦੋਸ਼ੀਆਂ ਨੂੰ ਫੜੇ ਜਾਣ ਦੀ ਮੰਗ ਕਰ ਰਹੀ ਸੀ, ਉਸ ਸੰਗਤ 'ਤੇ ਪੁਲਿਸ ਵਲੋਂ ਗੋਲੀਆਂ ਚਲਾ ਕੇ ਦੋ ਸਿੰਘਾਂ ਨੂੰ ਸ਼ਹੀਦ ਕਰਨਾ ਆਦਿ ਘਟਨਾਵਾਂ ਕਾਰਨ ਸਿੱਖ ਪੰਥ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਏਨਾ ਮੂੰਹ ਮੋੜ ਲਿਆ ਕਿ 2022 ਵਿਚ ਪੰਜਾਬ ਵਿਧਾਨ ਸਭਾ ਦੀਆਂ ਹੋਈਆਂ ਚੋਣਾਂ ਵਿਚ ਪੰਜਾਬ ਵਿਚ ਰਾਜ ਕਰਨ ਵਾਲੀ ਅਕਾਲੀ ਪਾਰਟੀ ਇੰਨਾ ਸੁੰਘੇੜ ਦਿੱਤਾ ਕਿ ਉਸੇ ਪਾਰਟੀ ਨੂੰ ਸਿਰਫ ਤਿੰਨ ਸੀਟਾਂ ਦੇ ਕੇ ਪੰਜਾਬ ਦੇ ਰਾਜਨੀਤਿਕ ਹਾਸ਼ੀਏ 'ਤੇ ਲਿਆ ਖੜ੍ਹਾ ਕਰ ਦਿੱਤਾ ਹੈ। ਇਸ ਚਲਦੀ ਕਸ਼ਮਕਸ਼ ਦਾ ਨਤੀਜਾ ਇਹ ਹੋਇਆ ਕਿ ਸ਼੍ਰੋਮਣੀ ਅਕਾਲੀ ਦਲ ਦੋ ਧੜ੍ਹਿਆਂ ਵਿਚ ਵੰਡਿਆ ਗਿਆ। ਇਕ ਧੜਾ ਸ. ਸੁਖਬੀਰ ਸਿੰਘ ਬਾਦਲ ਦਾ ਬਣਿਆ ਤੇ ਦੂਸਰਾ ਧੜ੍ਹਾ ਢੀਂਡਸਾ, ਬੀਬੀ ਜਾਗੀਰ ਕੌਰ, ਚੰਦੂਮਾਜਰੇ ਆਦਿ ਦਾ ਸ. ਗੁਰਪ੍ਰੀਤ ਸਿੰਘ ਵਡਾਲਾ ਦੀ ਅਗਵਾਈ ਵਿਚ ਬਤੌਰ ਸੁਧਾਰ ਕਮੇਟੀ ਵਜੋਂ ਉਭਰਿਆ। ਇਸ ਵੱਖ ਹੋਏ ਧੜੇ ਦੇ ਸਾਰੇ ਆਗੂਆਂ ਨੇ ਸ੍ਰੀ ਅਕਾਲ ਤਖਤ ਅਗੇ ਪੇਸ਼ ਹੋ ਕੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਪੱਤਰ ਦੇ ਕੇ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ, ਜਿਸ ਦੇ ਅਸਰ ਵਜੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਵੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅੱਗੇ ਪੇਸ਼ ਹੋ ਕੇ ਸਾਰੀਆਂ ਗਲਤੀਆਂ ਨੂੰ ਆਪਣੀ ਝੋਲੀ ਵਿਚ ਪੁਆਉਂਦਿਆਂ ਖਿੜ੍ਹੇ ਮੱਥੇ ਸਜ਼ਾ ਦੀ ਮੰਗ ਕੀਤੀ। ਸਿੱਖ ਜਗਤ ਇਹ ਵੀ ਭਲੀਭਾਂਤ ਜਾਣਦਾ ਹੈ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਲੰਮੀ ਸੋਚ ਉਪੰਰਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਐਲਾਨ ਦਿੱਤਾ। ਸ. ਬਾਦਲ ਹੁਣ ਬਤੌਰ ਤਨਖਾਹੀਆ ਹੋਣ ਕਾਰਨ ਕਿਸੇ ਵੀ ਰਾਜਨੀਤਿਕ, ਧਾਰਮਿਕ ਸਮਾਗਮ ਵਿਚ ਭਾਗ ਨਹੀਂ ਸਨ ਲੈ ਸਕਦੇ। ਇਸੇ ਦੌਰਾਨ ਪੰਜਾਬ ਵਿਧਾਨ ਸਭਾ ਦੀਆਂ ਚਾਰ ਜ਼ਿਮਨੀ ਚੋਣਾਂ ਆ ਗਈਆਂ। ਸ੍ਰੀ ਅਕਾਲ ਤਖਤ ਸਾਹਿਬ ਦੇ ਦਿੱਤੇ ਹੁਕਮਾਂ ਤੋਂ ਅੰਦਰੋਂ-ਅੰਦਰ ਖਿਝੇ ਹੋਏ ਸੁਖਬੀਰ ਸਿੰਘ ਬਾਦਲ ਨੇ ਚਾਰ ਵਿਧਾਨ ਸਭਾ ਦੀਆਂ ਅਕਾਲੀ ਪਾਰਟੀ ਵਲੋਂ ਚੋਣਾ ਨਾ ਲੜੇ ਜਾਣ ਦਾ ਭਾਂਡਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ 'ਤੇ ਮੜ੍ਹਣ ਦਾ ਕੋਝਾ ਯਤਨ ਕੀਤਾ ਪਰ ਜਥੇਦਾਰ ਸਾਹਿਬ ਨੇ ਇਸ ਬਾਰੇ ਤੁਰੰਤ ਸਪੱਸ਼ਟ ਕਰ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਚੋਣਾਂ ਲੜ ਸਕਦਾ ਹੈ ਪਰ ਤਨਖਾਹੀਆਂ ਕਰਾਰ ਦਿੱਤੇ ਹੋਏ ਸ. ਸੁਖਬੀਰ ਸਿੰਘ ਬਾਦਲ ਨੂੰ ਹੀ ਚੋਣਾਂ ਤੋਂ ਸਿਰਫ ਵਰਜਿਤ ਕੀਤਾ ਹੈ। ਉਹ ਹੀ ਸ. ਸੁਖਬੀਰ ਸਿੰਘ ਬਾਦਲ ਜਿਹੜੇ ਜਲਦੀ ਸਜ਼ਾ ਦੇਣ ਦੀ ਮੰਗ ਕਰ ਰਹੇ ਸਨ, ਉਨ੍ਹਾਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਇਕ ਹੋਰ ਪੱਤਰ ਦੇ ਕੇ ਜਿਥੇ ਜਲਦੀ ਸਜ਼ਾ ਦੇਣ ਦਾ ਦਬਾਅ ਪਾਉਣ ਲੱਗੇ, ਉਥੇ ਉਨ੍ਹਾਂ ਨੇ ਨਾਲ ਇਹ ਵੀ ਮੰਗ ਕਰ ਦਿੱਤੀ ਕਿ ਅਕਾਲੀ ਪਾਰਟੀ ਵਿਚ ਆਏ ਨਿਘਾਰ ਦੇ ਜ਼ਿੰਮੇਵਾਰ ਸਿਰਫ ਉਹ ਹੀ ਨਹੀਂ ਹਨ, ਬਲਕਿ ਦੂਸਰੇ ਸਾਰੇ ਲੀਡਰ ਵੀ ਹਨ। ਦੂਸਰੇ ਪਾਸੇ ਸ. ਸੁਖਬੀਰ ਸਿੰਘ ਬਾਦਲ ਵਲੋਂ ਥਾਪੇ ਐਕਟਿੰਗ ਪ੍ਰਧਾਨ ਸ. ਬਲਵਿੰਦਰ ਸਿੰਘ ਭੂੰਦੜ ਕੋਲੋਂ ਵਰਕਿੰਗ ਕਮੇਟੀ ਦੀ ਮੀਟਿੰਗ ਰਖਵਾ ਦਿੱਤੀ। ਉਨ੍ਹਾਂ ਮੈਂਬਰਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਜੇਕਰ ਸ. ਸੁਖਬੀਰ ਸਿੰਘ ਬਾਦਲ ਪ੍ਰਧਾਨਗੀ ਤੋਂ ਅਸਤੀਫਾ ਦਿੰਦੇ ਹਨ, ਤਾਂ ਬਾਕੀ ਦੇ ਹੋਰ ਮੈਂਬਰ ਵੀ ਅਸਤੀਫਾ ਦੇ ਦੇਣਗੇ। ਅਜਿਹਾ ਕਰਕੇ ਅਕਾਲੀ ਦਲ ਦੀ ਸਾਰੀ ਲੀਡਰਸ਼ਿਪ ਜਿਹੜੀ ਸ੍ਰੀ ਅਕਾਲ ਤਖਤ ਨੂੰ ਮਹਾਨ ਕਹਿੰਦੀ ਨਹੀਂ ਸੀ ਥੱਕਦੀ, ਇਕ ਤਰ੍ਹਾਂ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਹੁਕਮਾਂ ਦੀ ਉਲੰਘਣਾ ਕਰਨ ਲੱਗ ਪਈ। ਇਹ ਪਹਿਲੀ ਵਾਰ ਨਹੀਂ ਹੋਇਆ, ਬਲਕਿ ਦੋ ਵਾਰ ਇਸ ਤੋਂ ਪਹਿਲਾਂ ਵੀ



ਹੋ ਚੁੱਕਾ ਹੈ। ਇਕ ਵਾਰੀ ਜਦੋਂ ਪ੍ਰੋ. ਦਰਸ਼ਨ ਸਿੰਘ ਸ੍ਰੀ ਅਕਾਲ ਤਖਤ ਦੇ ਜਥੇਦਾਰ ਸਨ, ਉਸ ਵੇਲੇ ਵੀ ਅਕਾਲੀ ਦਲ ਦੀ ਏਕਤਾ ਕਰਾਉਣ ਦੇ ਮਸਲੇ 'ਤੇ ਉਸ ਵੇਲੇ ਦੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਪੰਜਾਬ ਦੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਵਿਰੋਧ ਕੀਤਾ ਸੀ ਤੇ ਦੂਸਰੀ ਵਾਰ ਜਦੋਂ ਪ੍ਰੋ. ਮਨਜੀਤ ਸਿੰਘ ਸ੍ਰੀ ਅਕਾਲ ਤਖਤ ਦੇ ਜਥੇਦਾਰ ਸਨ, ਉਸ ਵੇਲੇ ਵੀ ਸਾਰੇ ਅਕਾਲੀ ਦਲ ਇਕੱਠੇ ਹੋਣ ਲਈ ਸਹਿਮਤ ਹੋ ਗਏ ਸਨ। ਉਸ ਵੇਲੇ ਦੇ ਤਤਕਾਲੀ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਹੋ ਰਹੀ ਅਕਾਲੀ ਏਕਤਾ ਦਾ ਵਿਰੋਧ ਕਰਕੇ ਪੰਜਾਬ ਤੇ ਪੰਥ ਨਾਲ ਧਰੋਹ ਕੀਤਾ ਸੀ। ਉਸੇ ਤਰ੍ਹਾਂ ਦਾ ਯਤਨ ਹੁਣ ਸ. ਸੁਖਬੀਰ ਸਿੰਘ ਬਾਦਲ ਕਰਦੇ ਵੇਖੇ ਜਾ ਰਹੇ ਹਨ। ਇਸ ਵੇਲੇ ਪੰਜਾਬ, ਪੰਜਾਬੀ ਤੇ ਵਿਸ਼ੇਸ਼ ਕਰਕੇ ਸਿੱਖ ਕੌਮ ਦੇ ਸਿਰ 'ਤੇ ਕਾਲੇ ਬਦਲ ਮੰਡਰਾ ਰਹੇ ਹਨ। ਪੰਜਾਬ ਦੇ ਮਸਲੇ, ਮਾਂ ਬੋਲੀ ਪੰਜਾਬੀ, ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਡੈਮ, ਬਿਜਲੀ, ਪਾਣੀ ਵਗੈਰਾ-ਵਗੈਰਾ ਲਟਕੇ ਪਏ ਹਨ। ਕੇਂਦਰ ਵਿਚ ਜਦੋਂ ਦੀ ਭਾਜਪਾ ਆਈ ਹੈ, ਉਹ ਇਕੋ ਇਕ ਫਿਰਕੂ ਏਜੰਡੇ 'ਤੇ ਕੰਮ ਕਰਦੀ ਆ ਰਹੀ ਹੈ। ਉਸ ਦਾ ਨਿਸ਼ਾਨਾ ਘੱਟ ਗਿਣਤੀਆਂ, ਦਲਿਤਾਂ ਨੂੰ ਖਤਮ ਕਰਕੇ ਦੇਸ਼ ਨੂੰ 'ਹਿੰਦੂ ਰਾਸ਼ਟਰ' ਬਣਾਉਣਾ ਹੈ। ਇਸ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਉਹ ਹਰ ਹਰਬਾ ਖਰਬਾ ਵਰਤ ਸਕਦੀ ਹੈ। ਸਭ ਦੇ ਸਾਹਮਣੇ ਹੈ ਕਿ ਕਿਵੇਂ ਉਨ੍ਹਾਂ ਨੇ ਜੰਮੂ ਕਸ਼ਮੀਰ ਦੀ ਧਾਰਾ 370 ਤੇ 35 ਏ ਖਤਮ ਕੀਤੀ। ਸਾਲਾਂਬੱਧੀ ਜੰਮੂ ਕਸ਼ਮੀਰ ਦੇ ਵਾਸੀਆਂ ਨੂੰ ਫੌਜੀਆਂ, ਅਰਧ ਸੈਨਿਕ ਬਲਾਂ, ਇੰਟਰਨੈੱਟ ਸਹੂਲਤਾਂ ਖੋਹ ਕੇ ਘਰਾਂ ਅੰਦਰ ਤਾੜੀ ਰੱਖਿਆ, ਹਰ ਤਰ੍ਹਾਂ ਦੇ ਜ਼ੁਲਮ ਤਸ਼ੱਦਦ ਉਨ੍ਹਾਂ 'ਤੇ ਢਾਹੇ ਗਏ ਹਨ। ਕਿਵੇਂ ਇਸ ਫਿਰਕੇ ਦੇ ਲੋਕਾਂ ਨੂੰ 'ਮੋਬ ਲਿਚਿੰਗਿਆ' ਰਾਹੀਂ ਕੋਹ-ਕੋਹ ਕੇ ਮਾਰਿਆ ਗਿਆ, ਜੋ ਕਿਸੇ ਕੋਲੋਂ ਲੁਕਿਆ ਛਿਪਿਆ ਨਹੀਂ। ਇਸ ਸਮੇਂ ਕੇਂਦਰ ਸਰਕਾਰ ਦਾ ਸਾਰਾ ਜ਼ੋਰ ਪੰਜਾਬ ਨੂੰ ਹਰ ਪੱਖੋਂ ਬਰਬਾਦ ਕਰਨ ਵੱਲ ਲਗਾ ਹੋਇਆ ਹੈ। ਉਹ ਪੰਜਾਬ ਨੂੰ ਆਪਣੇ ਮੰਤਵ ਵਿਚ ਸਫਲ ਹੋਣ ਵਿਚ ਸਭ ਤੋਂ ਵੱਡਾ ਅੜਿੱਕਾ ਸਮਝਦੀ ਹੈ। ਉਹ ਹਰ ਹੀਲਾ ਵਰਤ ਕੇ ਪੰਜਾਬ ਤੇ ਪੰਜਾਬੀਆਂ ਨੂੰ ਦਬਾਉਣਾ ਚਾਹੁੰਦੀ ਹੈ। ਪੰਜਾਬ ਨਾਲ ਆਰਥਿਕ ਤੌਰ 'ਤੇ ਪੜਾਅ-ਪੜਾਅ 'ਤੇ ਵਿਤਕਰਾ ਕਰਨਾ, ਪੰਜਾਬ ਦੇ ਲਟਕਦੇ ਮਸਲੇ ਹੱਲ ਕਰਨ ਦੀ ਬਜਾਏ ਇਕ ਹੋਰ ਪੰਜਾਬ ਵਿਰੋਧੀ ਸ਼ੁਰਲਾ ਛੱਡ ਦਿੱਤਾ ਹੈ, ਜਿਸ ਤਹਿਤ ਚੰਡੀਗੜ੍ਹ ਵਿਚ ਹਰਿਆਣੇ ਵਾਲਿਆਂ ਨੂੰ ਵਿਧਾਨ ਸਭਾ ਬਣਾਉਣ ਲਈ 10 ਏਕੜ ਜ਼ਮੀਨ ਦੇਣਾ ਹੈ। ਪੰਜਾਬ ਯੂਨੀਵਰਸਟੀ ਚੰਡੀਗੜ੍ਹ ਨੂੰ ਕੇਂਦਰ ਦੇ ਅਧੀਨ ਕਰਨ ਦੀਆਂ ਲਗਾਤਾਰ ਚਾਲਾਂ ਚਲੀਆਂ ਜਾ ਰਹੀਆਂ ਹਨ। ਚੰਗੀ ਗੱਲ ਹੈ ਕਿ ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਖਜ਼ਾਨਾ ਮੰਤਰੀ ਸ. ਹਰਪਾਲ ਸਿੰਘ ਚੀਮਾ ਤੇ ਪੰਜਾਬ ਦੀਆਂ ਕਈ ਹੋਰ ਪਾਰਟੀਆਂ ਦੇ ਆਗੂਆਂ ਨੇ ਵੀ ਇਸ ਦਾ ਗੰਭੀਰ ਨੋਟਿਸ ਲੈਂਦਿਆਂ ਉਨ੍ਹਾਂ ਨੇ ਵੀ ਪੰਜਾਬ ਦੇ ਗਵਰਨਰ ਨੂੰ ਮਿਲ ਕੇ ਕੇਂਦਰ ਸਰਕਾਰ ਦੀ ਇਸ ਕਾਰਵਾਈ ਦਾ ਸਖਤ ਵਿਰੋਧ ਕੀਤਾ ਹੈ, ਜੋ ਕਿ ਕਾਫੀ ਨਹੀਂ ਸਮਝਿਆ ਜਾ ਸਕਦਾ, ਕਿਉਂਕਿ ਹਾਲੇ ਬੜਾ ਕੁਝ ਕਰਨ ਵਾਲਾ ਪਿਆ ਹੈ। ਪਿਛਲੇ ਸਮੇਂ ਵਿਚ ਪੰਜਾਬ ਦੀ ਜੋ ਬਰਬਾਦੀ ਹੋਈ ਹੈ, ਉਸ ਦਾ ਮੁੱਖ ਕਾਰਨ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਰਹੀਆਂ ਹਨ, ਜਿਨ੍ਹਾਂ ਨੇ ਪੰਜਾਬ ਨਾਲੋਂ ਆਪਣੇ ਵਧੇਰੇ ਹਿੱਤ ਆਪਣੀਆਂ-ਆਪਣੀਆਂ ਪਾਰਟੀਆਂ ਨਾਲ ਜੋੜੀ ਰੱਖੇ, ਜਿਸ ਦਾ ਨਤੀਜਾ ਏਡਾ ਵੱਡਾ ਨੁਕਸਾਨ ਪੰਜਾਬ ਦਾ ਹੋਇਆ ਹੈ ਤੇ ਜੋ ਅਗੋਂ ਹੋਰ ਕੀਤਾ ਵੀ ਜਾ ਰਿਹਾ ਹੈ। ਅੱਜ ਸਾਰੀਆਂ ਪਾਰਟੀਆਂ ਦੀ ਵੱਡੀ ਜ਼ਿੰਮੇਵਾਰੀ ਹੈ ਕਿ ਉਹ ਪੰਜਾਬ ਦੇ ਮਸਲਿਆ 'ਤੇ ਜੇ ਇਕਜੁੱਟ ਹੋ ਕੇ ਪ੍ਰਗਟਾਵਾ ਕਰਨ, ਤਾਂ ਕੇਂਦਰ ਸਰਕਾਰ ਦੀ ਜ਼ੁਅੱਰਤ ਨਹੀਂ ਕਿ ਉਹ ਪੰਜਾਬ ਨੂੰ ਹੋਰ ਨੁਕਸਾਨ ਪਹੁੰਚਾ ਸਕੇ। ਇਸ ਸਮੇਂ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਵਿਚੋਂ ਆਪਣੀ ਬੁਰੀ ਤਰ੍ਹਾਂ ਹੋਂਦ ਗੁਆ ਚੁੱਕੀ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਚਾਹੀਦਾ ਹੈ ਕਿ ਉਹ ਸਾਰੀ ਦੀ ਸਾਰੀ ਅਕਾਲੀ ਲੀਡਰਸ਼ਿਪ ਕੋਲੋਂ ਅਸਤੀਫਾ ਲੈ ਕੇ ਸਾਰੇ ਅਕਾਲੀ ਦਲਾਂ, ਪੰਥਕ ਧਿਰਾਂ, ਬੁੱਧੀਜੀਵੀਆਂ, ਸਿੱਖ ਚਿੰਤਕਾਂ ਦੇ ਨਾਲ ਸੰਸਾਰ ਭਰ ਦੇ ਸਿੱਖ ਆਗੂਆਂ ਦੀ ਇਕ ਮੀਟਿੰਗ ਬੁਲਾ ਕੇ "ਸਿੱਖ ਥਿੰਕ ਟੈਂਕ" ਬਣਾਏ, ਜੋ ਇਕ ਰਾਜਨੀਤਿਕ ਧਿਰ ਦੂਸਰੀ ਧਾਰਮਿਕ ਧਿਰ ਦੀ ਸਥਾਪਨਾ ਕਰਨ ਦੇ ਨਾਲ ਇਨ੍ਹਾਂ ਦੋਹਾਂ ਦੀ ਅਗਵਾਈ ਕਰੇ। ਇਹ ਦੋਵੇਂ ਧਿਰਾਂ ਆਪਣੇ ਆਪਣੇ ਕੰਮਾਂ ਦੀ ਅਗਵਾਈ ਕਰਨ, ਇਕ ਦੂਜੇ ਵਿਚ ਦਖਲ ਅੰਦਾਜ਼ੀ ਨਾ ਕਰਨ। ਇਹ ਥਿੰਕ ਟੈਂਕ ਪੰਜਾਬ ਦੇ ਸਾਰੇ ਰਾਜਨੀਤਿਕ ਤੇ ਧਾਰਮਿਕ ਮਸਲਿਆਂ 'ਤੇ ਸਮੇਂ-ਸਮੇਂ ਸਿਰ ਬਦਲਦੇ ਹਾਲਤਾਂ ਵਿਚ ਦਿਸ਼ਾ-ਨਿਰਦੇਸ਼ਨਾ ਕਰਦੀ ਰਹੇ। "ਥਿੰਕ ਟੈਂਕ" ਪੰਜਾਬ ਦੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦੀ ਚੋਣ ਕਰੇ, ਜੋ ਉਸ ਦੀ ਅਗਵਾਈ ਵਿਚ ਦਿੱਤੇ ਦਿਸ਼ਾ-ਨਿਰਦੇਸ਼ਨਾ ਤਹਿਤ ਕੰਮ ਕਰਦੀ ਰਹੇ। ਜਦੋਂ ਸਿਰੜ ਨਾਲ ਦੋਵੇਂ ਧਿਰਾਂ ਕੰਮ ਕਰਨ ਲੱਗ ਪੈਣਗੀਆਂ, ਤਾਂ ਉਹ ਦਿਨ ਦੂਰ ਨਹੀਂ ਹੋਣਗੇ, ਜਦੋਂ ਪੰਜਾਬ ਦੇ ਰਾਜਨੀਤਿਕ ਤੇ ਧਾਰਮਿਕ ਪੱਖੋਂ ਇਸ ਦੇ ਦੂਰ ਰਸ ਨਤੀਜੇ ਨਿਕਲਦੇ ਸਭ ਦੇ ਨਜ਼ਰੀਂ ਨਾ ਪੈਣ। ਪੰਜਾਬ ਦੇ ਮਸਲਿਆਂ ਦਾ ਜਲਦੀ ਹੱਲ ਹੋਣਾ ਵੀ ਸ਼ੁਰੂ ਹੋ ਜਾਵੇਗਾ, ਜੇ ਲੋੜ ਹੈ ਤਾਂ ਸਿਰਫ 'ਸੁਆਰਥੀ ਲੋਕਾਂ' ਤੇ 'ਕਾਲੀਆਂ ਭੇਡਾਂ' ਤੋਂ ਬਚਣ ਦੀ !!

# ਅੱਖੀਂ ਡਿੱਠਾ ਲਾਹੌਰ ਸ਼ਹਿਰ

ਲੇਖਕ: ਹਰਪ੍ਰੀਤ ਸਿੰਘ ਸਵੈਚ
ਚੰਡੀਗੜ੍ਹ
ਮੋ: 98782-24000
ਪੰਜਾਬ ਮੇਲ USA



ਇਕ ਪੁਰਾਣੀ ਪੰਜਾਬੀ ਕਹਾਵਤ ਹੈ ਕਿ ਜਿਸਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਹੀ ਨਹੀਂ। ਬੜੇ ਚਿਰਾਂ ਤੋਂ ਲਾਹੌਰ ਵੇਖਣ ਦੀ ਰੀਝ ਮਨ ਵਿਚ ਸੀ ਪਰ ਕਦੇ ਸਬੱਬ ਨਹੀਂ ਬਣਿਆ। ਇਤਫ਼ਾਕਨ ਇਸ ਸਾਲ ਵਿਸਾਖੀ ਮੌਕੇ ਪਾਕਿਸਤਾਨੀ ਗੁਰਧਾਮਾਂ ਦੇ ਦਰਸ਼ਨਾਂ ਲਈ ਗਏ ਜਥੇ ਨਾਲ ਲਾਹੌਰ ਵੇਖਣ ਦਾ ਖੁਆਬ ਪੂਰਾ ਹੋ ਗਿਆ। ਲਾਹੌਰ ਨਾਲ ਸਾਡਾ ਇਤਿਹਾਸਕ ਤੇ ਵਿਰਾਸਤੀ ਤਾਅਲੁੱਕ ਜੁੜਿਆ ਹੋਇਆ ਹੈ। ਲਾਹੌਰ ਰੇਲਵੇ ਸਟੇਸ਼ਨ 'ਤੇ ਫੁੱਲਾਂ ਦੀ ਵਰਖਾ ਨਾਲ ਸਾਡਾ ਇਸਤਕਬਾਲ ਕੀਤਾ ਗਿਆ। ਇੱਥੋਂ ਬੱਸਾਂ ਰਾਹੀਂ ਅਸੀਂ ਪੰਜਵੇਂ ਪਾਤਸ਼ਾਹ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਪਹੁੰਚੇ। ਇਸ ਅਸਥਾਨ ਦੀ ਤਾਮੀਰ ਮਹਾਰਾਜਾ ਰਣਜੀਤ ਸਿੰਘ ਵੱਲੋਂ ਕਰਵਾਈ ਗਈ ਸੀ ਅਤੇ ਇਸੇ ਅਸਥਾਨ 'ਤੇ ਸ਼ੇਰ-ਏ-ਪੰਜਾਬ ਅਤੇ ਉਸ ਦੇ ਪੁੱਤਰ ਮਹਾਰਾਜਾ ਖੜਕ ਸਿੰਘ ਤੇ ਪੋਤਰੇ ਕੰਵਰ ਨੌਨਿਹਾਲ ਸਿੰਘ ਦੀਆਂ ਸਮਾਧਾਂ ਵੀ ਬਣੀਆਂ ਹੋਈਆਂ ਹਨ। ਇੱਥੋਂ ਕੁੱਝ ਦੂਰੀ 'ਤੇ ਹੀ ਭੀੜੇ ਬਾਜ਼ਾਰਾਂ ਦਰਮਿਆਨ ਛੋਟੀਆਂ-ਛੋਟੀਆਂ ਇਮਾਰਤਾਂ ਵਿਚ ਚੌਥੇ ਪਾਤਸ਼ਾਹ ਦਾ ਜਨਮ ਅਸਥਾਨ ਗੁਰਦੁਆਰਾ ਚੂਨਾ ਮੰਡੀ, ਭਾਈ ਮਨੀ ਸਿੰਘ ਤੇ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਅਸਥਾਨ ਵੀ ਸੁਸ਼ੋਭਿਤ ਹਨ।

ਲਾਹੌਰ ਵਿਚ ਸ਼ਾਹੀ ਕਿਲ੍ਹਾ, ਸ਼ਾਲੀਮਾਰ ਬਾਗ, ਬਾਦਸ਼ਾਹੀ ਮਸਜ਼ਿਦ, ਜਹਾਂਗੀਰ ਤੇ ਨੂਰਜਹਾਂ ਦੇ ਮਕਬਰੇ ਸਮੇਤ ਮੁਗਲ ਸਾਮਰਾਜ, ਸਿੱਖ ਰਾਜ ਅਤੇ ਬਰਤਾਨੀਆ ਹਕੂਮਤ ਦੀਆਂ ਵਿਰਾਸਤੀ ਇਮਾਰਤਾਂ ਅੱਜ ਵੀ ਆਪਣੇ ਸੁਨਹਿਰੀ ਸਮੇਂ ਦੀਆਂ ਬਾਤਾਂ ਪਾਉਂਦੀਆਂ ਨਜ਼ਰ ਆਉਂਦੀਆਂ ਹਨ। ਲਾਹੌਰ ਦੀ ਜੇਲ੍ਹ ਰੋਡ 'ਤੇ ਸਥਿਤ ਗੋਰਾ ਕਬਰਸਤਾਨ ਵਿਚ ਸਿੱਖ ਰਾਜ ਦੇ ਆਖਰੀ ਪੰਨੇ ਮਹਾਰਾਜਾ ਦਲੀਪ ਸਿੰਘ ਦੀ ਸਪੁੱਤਰੀ ਰਾਜਕੁਮਾਰੀ ਬੰਬਾ ਦਲੀਪ ਸਿੰਘ ਦੀ ਸਮਾਧ ਵੀ ਬਣੀ ਹੋਈ ਹੈ।

ਸ਼ੇਰ-ਏ-ਪੰਜਾਬ ਵੱਲੋਂ ਆਪਣੇ ਰਾਜ ਵੇਲੇ ਵਰਤੇ ਜਾਂਦੇ ਸ਼ਾਹੀ ਕਿਲ੍ਹੇ ਦੀ ਤਾਮੀਰ ਮੁਗਲ ਬਾਦਸ਼ਾਹ ਅਕਬਰ ਨੇ ਕਰਵਾਈ ਸੀ ਅਤੇ ਉਸਨੇ ਪਹਿਲੀ ਵਾਰ ਕੁੱਝ ਸਾਲਾਂ ਵਾਸਤੇ ਦਿੱਲੀ ਛੱਡ ਕੇ ਲਾਹੌਰ ਨੂੰ ਆਪਣੀ ਰਾਜਧਾਨੀ ਬਣਾਇਆ ਸੀ। ਇਸੇ ਸ਼ਾਹੀ ਮਹਿਲ ਵਿਚ ਸ਼ਾਹਜਹਾਂ ਦੀ ਬੇਗਮ ਮੁਮਤਾਜ਼ ਨੇ ਇਕ ਖੁਆਬ ਵੇਖਿਆ ਕਿ ਉਹ ਤਾਰਿਆਂ ਦੀ ਛਾਂ ਹੇਠ ਬੱਦਲਾਂ 'ਤੇ ਤੁਰ ਰਹੀ ਹੈ ਤੇ ਸ਼ਾਹਜਹਾਂ ਨੇ ਆਪਣੀ ਬੇਗਮ ਦਾ ਖੁਆਬ ਪੂਰਾ ਕਰਨ ਲਈ ਇਸ ਸ਼ਾਹੀ ਮਹਿਲ 'ਚ ਚਮਕਦਾਰ ਨਗੀਨਿਆਂ ਨਾਲ ਇਕ ਐਸੇ ਸ਼ੀਸ਼ਮਹਿਲ ਦਾ ਨਿਰਮਾਣ ਕਰਵਾ ਦਿੱਤਾ, ਜਿੱਥੇ ਰੌਸ਼ਨੀ ਪੈਂਦਿਆਂ ਹੀ ਛੱਤ ਅਤੇ ਦੀਵਾਰਾਂ ਤਾਰਿਆਂ ਵਾਂਗ ਚਮਕ ਜਾਂਦੀਆਂ ਤੇ ਫਰਸ਼ ਦੂਧੀਆ ਬੱਦਲਾਂ ਦਾ ਭੁਲੇਖਾ ਪਾਉਂਦਾ। ਔਰੰਗਜ਼ੇਬ ਵੱਲੋਂ ਇਸ ਕਿਲ੍ਹੇ ਦੇ ਬਿਲਕੁੱਲ ਸਾਹਮਣੇ ਬਾਦਸ਼ਾਹੀ ਮਸਜ਼ਿਦ ਦਾ ਨਿਰਮਾਣ ਕਰਵਾਇਆ ਗਿਆ, ਜੋ ਇਮਾਰਤਸਾਜ਼ੀ ਦਾ ਅਦਭੁੱਤ ਨਮੂਨਾ ਹੈ। ਸ਼ਾਹੀ ਕਿਲ੍ਹੇ ਦੇ ਰੁਸ਼ਨਾਈ ਦਰਵਾਜ਼ੇ ਕੋਲ ਇਕ ਫੂਡ ਸਟਰੀਟ ਬਣੀ ਹੋਈ ਹੈ, ਜਿੱਥੇ ਲਾਲ ਹਵੇਲੀ ਅਤੇ ਸ਼ਾਹੀ ਬਾਵਰਚੀ ਖਾਨਾ ਰੈਸਟੋਰੈਂਟ ਬਹੁਤ ਮਕਬੂਲ ਹਨ। ਲਾਲ ਹਵੇਲੀ ਦੀ ਛੱਤ 'ਤੇ ਬਣੇ ਰੈਸਟੋਰੈਂਟ ਤੋਂ ਲਗਭਗ ਸਾਰਾ ਲਾਹੌਰ ਸ਼ਹਿਰ ਵਿਖਾਈ ਦਿੰਦਾ ਹੈ। ਇੱਥੇ ਇਕ ਭੀੜੇ ਬਾਜ਼ਾਰ ਵਿਚ ਸ਼ਾਹ ਹੁਸੈਨ ਦੇ ਸਾਥੀ ਮਾਧੋ ਲਾਲ ਹੁਸੈਨ ਦਾ ਮਕਬਰਾ ਹੈ। ਇਸੇ ਤਰ੍ਹਾਂ ਸ਼ਾਲੀਮਾਰ ਬਾਗ ਦੀ ਖੂਬਸੂਰਤੀ ਬਿਆਨ ਤੋਂ ਪਰ੍ਹੇ ਹੈ। ਇੱਥੇ ਹੀ ਰੇਲਵੇ ਲਾਈਨ ਦੇ ਨਜ਼ਦੀਕ ਬਾਦਸ਼ਾਹ ਜਹਾਂਗੀਰ ਤੇ ਨੂਰਜਹਾਂ ਦੇ ਮਕਬਰੇ ਵੀ ਹਨ। ਇਕ ਪੁਰਾਣਾ ਲੋਕਗੀਤ ਹੈ, ਦਾਲ ਦੱਸ ਖਾਂ ਸ਼ਹਿਰ ਲਾਹੌਰ ਅੰਦਰ ਕਿੰਨੇ ਬੂਹੇ ਤੇ ਕਿੰਨੀਆਂ ਬਾਰੀਆਂ ਨੇ। ਬਾਦਸ਼ਾਹ ਅਕਬਰ ਨੇ ਸੁਰੱਖਿਆ ਦੇ ਲਿਹਾਜ਼ ਨਾਲ ਲਾਹੌਰ ਸ਼ਹਿਰ ਵਿਚ 12 ਦਰਵਾਜ਼ੇ ਤੇ ਇਕ ਮੋਰੀ ਦਾ ਨਿਰਮਾਣ ਕਰਵਾਇਆ ਸੀ। ਲਾਹੌਰ ਵਿਚ ਦਿੱਲੀ ਦਰਵਾਜ਼ਾ ਬਾਜ਼ਾਰ, ਅਨਾਰਕਲੀ ਬਾਜ਼ਾਰ, ਲੰਡਾ ਬਾਜ਼ਾਰ ਅਤੇ ਅਜ਼ਾਨ ਬਾਜ਼ਾਰ ਬਹੁਤ ਪ੍ਰਸਿੱਧ ਹਨ। ਇੱਥੇ ਦੋ ਘੋੜਾ ਬੋਸਕੀ ਦਾ ਕੁੜਤੇ ਪਜਾਮੇ ਦਾ ਕੱਪੜਾ ਕਾਫ਼ੀ ਮਕਬੂਲ ਹੈ।




ਲਾਹੌਰ ਰੇਲਵੇ ਸਟੇਸ਼ਨ 'ਤੇ ਲੇਖਕ ਦੀ ਯਾਦਗਾਰੀ ਤਸਵੀਰ।

ਲਾਹੌਰ ਦੇ ਦਿੱਲੀ ਦਰਵਾਜ਼ਾ ਬਾਜ਼ਾਰ ਵਿਚ ਸੁਰਜਨ ਸਿੰਘ ਦੀ ਗਲੀ ਨੂੰ ਉੱਥੋਂ ਦੀ ਸਰਕਾਰ ਵੱਲੋਂ ਵਿਰਾਸਤੀ ਪ੍ਰਾਜੈਕਟ ਤਹਿਤ ਵਿਕਸਤ ਕੀਤਾ ਗਿਆ ਹੈ। 200-300 ਸਾਲ ਪੁਰਾਣੀ ਇਸ ਗਲੀ 'ਚ ਮੁਗਲੀਆ ਹਕੂਮਤ ਸਮੇਂ ਵੈਦ ਸੁਰਜਨ ਸਿੰਘ ਦੀ ਹਵੇਲੀ ਹੋਇਆ ਕਰਦੀ ਸੀ, ਜਿਸ ਦੇ ਹੱਥਾਂ ਵਿਚ ਐਸੀ ਸ਼ਫ਼ਾ ਸੀ ਕਿ ਮਰੀਜ਼ ਨੂੰ ਹੱਥ ਲਾਇਆਂ ਹੀ ਉਸਦਾ ਬੁਖਾਰ ਉਤਰ ਜਾਂਦਾ ਸੀ। ਲਾਹੌਰ ਦੇ ਨੌਜੁਆਨ ਮੁੰਡੇ ਕੁੜੀਆਂ ਵਿਚ ਇਹ ਗਲੀ ਕਾਫ਼ੀ ਮਕਬੂਲ ਹੈ। ਇਸੇ ਗਲੀ ਵਿਚ ਉਸਮਾਨ ਦੀ ਬੈਠਕ ਕੌਫ਼ੀ ਸ਼ਾਪ ਹੈ, ਜਿੱਥੇ ਮਿੱਟੀ ਦੇ ਭਾਂਡਿਆਂ ਵਿਚ ਅਸੀਂ ਚਾਹ ਦੀਆਂ ਚੁਸਕੀਆਂ ਲਈਆਂ ਅਤੇ ਇੱਥੇ ਸਬੱਬੀ ਮਿਲੇ ਇਕ ਸੂਫ਼ੀ ਫਨਕਾਰ ਨੇ ਮੀਆਂ ਮਹੰਮਦ ਬਖਸ਼ ਅਤੇ ਪੀਰ ਵਾਰਸ ਸ਼ਾਹ ਦੇ ਕਲਾਮ ਸੁਣਾ ਕੇ ਮਹਿਫਿਲ ਸਜਾ ਦਿੱਤੀ। ਇਸੇ ਮਹਿਫਿਲ ਵਿਚ ਮੈਨੂੰ ਵੀ ਆਪਣਾ ਇਕ ਕਲਾਮ ਸੁਣਾਉਣ ਦਾ ਮੌਕਾ ਮਿਲਿਆ, ਜਿਸ ਨੂੰ ਖੂਬ ਦਾਦ ਬਖਸ਼ੀ ਗਈ।

ਲਾਹੌਰ ਸ਼ਹਿਰ ਦੀ ਰੌਣਕ ਬਾਰੇ ਇਕ ਕਹਾਵਤ ਮਸ਼ਹੂਰ ਹੈ ਕਿ ਸੱਤੋ ਦਿਨ ਅੱਠ ਮੇਲੇ, ਕਾਰ ਜਾਵਾਂ ਕਿਹੜੇ ਵੇਲੇ। ਲਾਹੌਰ ਨੂੰ ਲਾ ਹੋਰ ਵੀ ਕਿਹਾ ਜਾਂਦਾ ਹੈ, ਭਾਵ ਇੱਥੋਂ ਦੇ ਬਾਜ਼ਾਰਾਂ ਵਿਚ ਜਿੰਨੀ ਜ਼ਿਆਦਾ ਖਰੀਦੋ-ਫਰੋਖਤ ਕਰੋ, ਉਨੀ ਹੀ ਘੱਟ ਹੈ। ਇਨ੍ਹਾਂ ਬਾਜ਼ਾਰਾਂ ਵਿਚ ਘੁੰਮਦਿਆਂ ਮੁਸਲਮਾਨ ਵੀਰਾਂ ਨਾਲ ਸਤਿ ਸ੍ਰੀ ਅਕਾਲ ਤੇ ਦੁਆ ਸਲਾਮ ਹੁੰਦੀ ਰਹਿੰਦੀ। ਕਈ ਮੁਸਲਮਾਨ ਵੀਰਾਂ ਨੇ ਸਾਨੂੰ ਆਖਿਆ ਕਿ ਸਰਦਾਰ ਜੀ, ਅਸਾਂ ਦੇ ਘਰ ਚੱਲੋ, ਸਾਨੂੰ ਖਿਦਮਤ ਦਾ ਮੌਕਾ ਦਿਓ। ਲਾਹੌਰੀਆਂ ਦੀ ਇਸ ਅਪਣੱਤ ਨੇ ਸਾਡਾ ਮਨ ਮੋਹ ਲਿਆ।

ਬਾਦਸ਼ਾਹੀ ਮਸਜ਼ਿਦ 'ਚ ਸਾਨੂੰ ਈਸ਼ਾ ਦੀ ਨਮਾਜ਼ ਵੇਲੇ ਜਾਣ ਦਾ ਮੌਕਾ ਮਿਲਿਆ। ਮਸਜ਼ਿਦ ਦੇ ਮੁੱਖ ਦੁਆਰ ਤੋਂ ਇਬਾਦਤਗਾਹ ਦਾ ਰਸਤਾ ਮਹਿਜ਼ ਦੋ ਤਿੰਨ ਸੌ ਮੀਟਰ ਹੋਵੇਗਾ ਪਰ ਸਾਨੂੰ ਇਬਾਦਤਗਾਹ ਤੱਕ ਪਹੁੰਚਣ ਲਈ ਇਕ ਘੰਟਾ ਲੱਗ ਗਿਆ ਕਿਉਂਕਿ ਉੱਥੋਂ ਦੇ ਮੁਸਲਿਮ ਨੌਜੁਆਨ ਮੁੰਡੇ ਕੁੜੀਆਂ, ਬੱਚੇ ਤੇ ਬਜ਼ੁਰਗਾਂ ਵੱਲੋਂ ਐਨਾ ਪਿਆਰ ਤੇ ਸਤਿਕਾਰ ਮਿਲਿਆ ਤੇ ਉਨ੍ਹਾਂ ਦੀ ਫਰਮਾਇਸ਼ ਤੇ ਸਾਨੂੰ ਉਨ੍ਹਾਂ ਨਾਲ ਤਸਵੀਰਾਂ ਖਿਚਵਾਉਂਦਿਆਂ ਹੀ ਇੱਕ ਘੰਟਾ ਲੱਗ ਗਿਆ। ਇੱਥੇ ਹੀ ਕਈ ਟੀ.ਵੀ. ਚੈਨਲਾਂ ਅਤੇ ਯੂਟਿਊਬਰਾਂ ਵੱਲੋਂ ਸਾਡੀਆਂ ਇੰਟਰਵਿਊਜ਼ ਲਈਆਂ ਗਈਆਂ। ਸਾਨੂੰ ਇੰਝ ਮਹਿਸੂਸ ਹੋਇਆ ਕਿ ਜਿਵੇਂ ਅਸੀਂ ਕੋਈ ਬਹੁਤ ਵੱਡੇ ਸਿਲੇਬ੍ਰੇਟੀ ਹੋਈਏ ਪਰ ਅਸਲ ਵਿਚ ਇਹ ਮਾਣ-ਸਤਿਕਾਰ ਸਾਨੂੰ ਨਹੀਂ, ਬਲਕਿ ਸਾਡੇ ਸਿਰਾਂ 'ਤੇ ਸਜੀ ਦਸਤਾਰ ਨੂੰ ਮਿਲ ਰਿਹਾ ਸੀ। ਇਹ ਗੱਲ ਮੰਨਣੀ ਪਵੇਗੀ ਕਿ ਲਹਿੰਦੇ ਪੰਜਾਬੀਆਂ ਦੀ ਮਹਿਮਾਨਨਿਵਾਜ਼ੀ ਦਾ ਕੋਈ ਮੁਕਾਬਲਾ ਨਹੀਂ। ਖਾਸ ਕਰਕੇ ਦਸਤਾਰ ਵਾਲਿਆਂ ਨੂੰ ਤਾਂ ਉਹ ਆਪਣੇ ਹੱਥਾਂ 'ਤੇ ਹੀ ਚੁੱਕ ਲੈਂਦੇ ਹਨ।

ਲਾਹੌਰ ਸ਼ਹਿਰ ਦੇ ਆਮ ਲੋਕ ਅੱਜ ਵੀ ਮਹਾਰਾਜਾ ਰਣਜੀਤ ਸਿੰਘ ਦੇ ਸੁਨਹਿਰੀ ਰਾਜ ਦੀਆਂ ਗੱਲਾਂ ਕਰਦੇ ਹਨ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਮੁਗਲ ਰਾਜ ਵੇਲੇ ਕਤਲੋਗਾਰਤ ਤੇ ਲੁੱਟਮਾਰ ਦੇ ਮਾਹੌਲ ਤੋਂ ਬਾਅਦ ਸ਼ੇਰ-ਏ-ਪੰਜਾਬ ਨੇ ਲਾਹੌਰ ਵਿਚ ਅਮਨ ਕਾਇਮ ਕੀਤਾ। ਮੰਨਿਆ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ 40 ਸਾਲ ਦੇ ਰਾਜ ਦੌਰਾਨ ਲਾਹੌਰ ਵਿਚ ਇਕ ਵਾਰ ਵੀ ਕਾਲ ਨਹੀਂ ਪਿਆ, ਕੋਈ ਫਿਰਕੂ ਫਸਾਦ ਨਹੀਂ ਹੋਇਆ ਅਤੇ ਇਕ ਵੀ ਮੁਜਰਿਮ ਨੂੰ ਸਜ਼ਾ-ਏ-ਮੌਤ ਦੀ ਸਜ਼ਾ ਨਹੀਂ ਦਿੱਤੀ ਗਈ।

ਰੇਲ ਸਫ਼ਰ ਦੌਰਾਨ ਲਹਿੰਦੇ ਪੰਜਾਬ 'ਚ ਸਾਨੂੰ ਮੀਲੋ-ਮੀਲ ਜ਼ਮੀਨਾਂ ਹੀ ਜ਼ਮੀਨਾਂ ਨਜ਼ਰ ਆਉਂਦੀਆਂ। ਕਈ ਕਈ ਮੀਲ ਬਾਅਦ ਕੋਈ ਪਿੰਡ ਨਜ਼ਰ ਆਉਂਦਾ। ਪੰਜਾਬ ਪਾਕਿਸਤਾਨ ਦਾ ਸਭ ਤੋਂ ਵੱਡਾ ਸੂਬਾ ਹੈ। ਸਾਡਾ ਚੜ੍ਹਦਾ ਪੰਜਾਬ ਤਾਂ ਇਸ ਦੇ ਮੁਕਾਬਲੇ ਬਹੁਤ ਛੋਟਾ ਰਹਿ ਗਿਆ ਜਾਪਦਾ ਹੈ। ਲਾਹੌਰ ਦੀਆਂ ਗਲੀਆਂ ਵਿਚ ਵਿਚਰਦਿਆਂ ਇਕ ਗੱਲ ਮਹਿਸੂਸ ਕੀਤੀ ਕਿ ਸਾਡੀ ਬੋਲੀ ਵੀ ਸਾਂਝੀ, ਸਾਡੀ ਰਹਿਤਲ ਵੀ ਸਾਂਝੀ, ਸਾਡਾ ਵਿਰਸਾ ਵੀ ਸਾਂਝਾ, ਸਾਡੇ ਅਕੀਦੇ ਵੀ ਸਾਂਝੇ ਬੱਸ ਸਾਡੇ ਦੇਸ਼ ਹੀ ਵੱਖੋ-ਵੱਖਰੇ ਹਨ। ਕਾਸ਼ ਕਿਤੇ ਇਹੋ ਜਿਹਾ ਵੇਲਾ ਆਵੇ ਕਿ ਦੋਹਾਂ ਪੰਜਾਬਾਂ ਦੀਆਂ ਇਹ ਸਰਹੱਦਾਂ ਖਤਮ ਹੋ ਜਾਣ ਤੇ ਸਾਡੇ ਵਰਗੇ ਆਮ ਲੋਕਾਂ ਨੂੰ ਖੁੱਲ੍ਹ ਕੇ ਇਕ ਦੂਜੇ ਨੂੰ ਮਿਲਣ ਦਾ ਮੌਕਾ ਮਿਲੇ।

# ਅਪਰਾਧੀਆਂ ਦੀ ਵਡਿਆਈ ਚਿੰਤਾਜਨਕ ਰੁਝਾਨ ਹੈ

-ਡਾ. ਸਤਿਆਵਾਨ ਸੌਰਭ
ਭਿਵਾਨੀ, ਹਰਿਆਣਾ
94665-26148
ਪੰਜਾਬ ਮੇਲ USA



ਅਪਰਾਧੀਆਂ ਦੀ ਵਡਿਆਈ ਮਨੋਰੰਜਨ ਅਤੇ ਨਿਊਜ਼ ਮੀਡੀਆ ਵਿਚ ਇੱਕ ਚਿੰਤਾਜਨਕ ਰੁਝਾਨ ਬਣ ਗਈ ਹੈ, ਖਾਸ ਤੌਰ 'ਤੇ ਅਪਰਾਧ ਵਿਚ ਸ਼ਾਮਲ ਵਿਅਕਤੀਆਂ ਨੂੰ ਐਂਟੀ-ਹੀਰੋ ਵਜੋਂ ਦਰਸਾਉਣ ਵਿਚ। ਇਹ ਗਲੈਮਰਾਈਜ਼ਡ ਨੁਮਾਇੰਦਗੀ ਨਾ ਸਿਰਫ਼ ਨਿਆਂ ਅਤੇ ਸੱਚਾਈ ਨੂੰ ਉਤਸ਼ਾਹਿਤ ਕਰਨ ਲਈ ਇਨ੍ਹਾਂ ਪਲੇਟਫਾਰਮਾਂ ਦੇ ਨੈਤਿਕ ਫਰਜ਼ ਨੂੰ ਕਮਜ਼ੋਰ ਕਰਦੀ ਹੈ, ਸਗੋਂ ਪ੍ਰਭਾਵਸ਼ਾਲੀ ਦਰਸ਼ਕਾਂ, ਖਾਸ ਕਰਕੇ ਨੌਜਵਾਨਾਂ ਨੂੰ ਅਪਰਾਧ ਨੂੰ ਆਕਰਸ਼ਕ ਜਾਂ ਫਾਇਦੇਮੰਦ ਮੰਨਣ ਲਈ ਗੁੰਮਰਾਹ ਕਰਦੀ ਹੈ। ਅਜਿਹੀਆਂ ਤਸਵੀਰਾਂ ਮੀਡੀਆ ਦੀਆਂ ਸਮਾਜਿਕ ਜ਼ਿੰਮੇਵਾਰੀਆਂ ਦੇ ਮੁੜ ਮੁਲਾਂਕਣ ਦੀ ਮੰਗ ਕਰਦੀਆਂ ਹਨ। ਅਪਰਾਧੀਆਂ ਨੂੰ ਸਨਸਨੀਖੇਜ਼ ਬਣਾ ਕੇ, ਮੀਡੀਆ ਦੀਆਂ ਕਹਾਣੀਆਂ ਅਪਰਾਧਿਕ ਨਿਆਂ ਪ੍ਰਕਿਰਿਆ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ, ਕਾਨੂੰਨ ਤੋੜਨ ਵਾਲਿਆਂ ਨੂੰ ਜਵਾਬਦੇਹ ਠਹਿਰਾਉਣ ਦੀ ਬਜਾਏ ਉਨ੍ਹਾਂ ਨੂੰ ਹਮਦਰਦੀ ਜਾਂ ਬਹਾਦਰੀ ਵਾਲੇ ਰੌਸ਼ਨੀ ਵਿਚ ਪੇਸ਼ ਕਰਦੀਆਂ ਹਨ।

ਜਦੋਂ ਖ਼ਬਰਾਂ ਦੇ ਆਊਟਲੈਟ ਕਿਸੇ ਅਪਰਾਧੀ ਦੇ ਪਿਛੋਕੜ ਜਾਂ ਇਰਾਦਿਆਂ ਨੂੰ ਬਹੁਤ ਜ਼ਿਆਦਾ ਕਵਰ ਕਰਦੇ ਹਨ, ਤਾਂ ਉਹ ਅਣਜਾਣੇ ਵਿਚ ਹਮਦਰਦੀ ਪੈਦਾ ਕਰ ਸਕਦੇ ਹਨ, ਜਿਸ ਨਾਲ ਉਨ੍ਹਾਂ ਦੀਆਂ ਕਾਰਵਾਈਆਂ ਦੀ ਗੰਭੀਰਤਾ ਨੂੰ ਘੱਟ ਕੀਤਾ ਜਾ ਸਕਦਾ ਹੈ। ਮੀਡੀਆ ਚਿੱਤਰਣ ਅਕਸਰ ਅਪਰਾਧੀਆਂ ਨੂੰ ਗਲਤ ਸਮਝੇ ਜਾਂ ਵਿਦਰੋਹੀ ਵਿਅਕਤੀਆਂ ਵਜੋਂ ਰੋਮਾਂਟਿਕ ਬਣਾਉਂਦੇ ਹਨ, ਇੱਕ ਤਿੱਖੀ ਜਨਤਕ ਧਾਰਨਾ ਪੈਦਾ ਕਰਦੇ ਹਨ, ਜੋ ਉਨ੍ਹਾਂ ਦੀਆਂ ਕਾਰਵਾਈਆਂ ਦੀ ਸੱਚਾਈ ਨੂੰ ਕਮਜ਼ੋਰ ਕਰਦਾ ਹੈ। ਅਪਰਾਧੀਆਂ ਦੀ ਵਡਿਆਈ ਸਮਾਜ ਦੇ ਨੈਤਿਕ ਸੰਤੁਲਨ ਨੂੰ ਵਿਗਾੜਦੀ ਹੈ, ਅਸਲ ਪ੍ਰਾਪਤੀਆਂ ਦੀ ਬਜਾਏ ਗੈਰ-ਕਾਨੂੰਨੀ ਤਰੀਕਿਆਂ ਨਾਲ ਭੌਤਿਕ ਸਫਲਤਾ ਨੂੰ ਉਤਸ਼ਾਹਿਤ ਕਰਦੀ ਹੈ। ਮਿਰਜ਼ਾਪੁਰ ਵਰਗੇ ਸ਼ੋਅ ਇੱਕ ਬਿਰਤਾਂਤ ਸਿਰਜਦੇ ਹਨ, ਜਿਸ ਵਿਚ ਅਪਰਾਧਿਕ ਕਾਰਵਾਈਆਂ ਦੌਲਤ ਅਤੇ ਸਨਮਾਨ ਵੱਲ ਲੈ ਜਾਂਦੀਆਂ ਹਨ, ਸੰਭਾਵੀ ਤੌਰ 'ਤੇ ਦਰਸ਼ਕਾਂ ਦੇ ਮੁੱਲ ਪ੍ਰਣਾਲੀਆਂ ਨੂੰ ਪ੍ਰਭਾਵਿਤ ਕਰਦੀਆਂ ਹਨ। ਅਪਰਾਧੀਆਂ ਦੀ ਵਡਿਆਈ ਪੀੜਤਾਂ ਦੇ ਪਰਿਵਾਰਾਂ ਲਈ ਡੂੰਘੀ ਠੇਸ ਪਹੁੰਚਾ ਸਕਦੀ ਹੈ, ਕਿਉਂਕਿ ਇਹ ਉਨ੍ਹਾਂ ਦੁਆਰਾ ਪੈਦਾ ਹੋਏ ਦੁੱਖਾਂ ਨੂੰ ਨਕਾਰਦਾ ਹੈ ਅਤੇ ਨਿਆਂ ਅਤੇ ਜਵਾਬਦੇਹੀ ਦੀ ਲੋੜ ਨੂੰ ਨਕਾਰਦਾ ਹੈ।

ਪੁਸ਼ਪਾ ਅਤੇ ਗੱਬਰ ਵਰਗੇ ਪਾਤਰ ਜੋ ਕਾਨੂੰਨੀ ਸੀਮਾਵਾਂ ਤੋਂ ਬਾਹਰ ਅਪਰਾਧ ਨਾਲ ਲੜਦੇ ਹਨ, ਚੌਕਸੀ ਨੂੰ ਰੋਮਾਂਟਿਕ ਬਣਾ ਸਕਦੇ ਹਨ, ਜਿਸ ਨਾਲ ਨਿਆਂ ਦੀ ਗਲਤ ਸਮਝ ਪੈਦਾ ਹੁੰਦੀ ਹੈ। ਨੌਜਵਾਨ ਦਰਸ਼ਕ ਅਪਰਾਧੀਆਂ ਨੂੰ ਮੂਰਤੀਮਾਨ ਕਰਨਾ ਸ਼ੁਰੂ ਕਰ ਸਕਦੇ ਹਨ, ਉਨ੍ਹਾਂ ਨੂੰ ਦਲੇਰ ਵਿਅਕਤੀਆਂ ਵਜੋਂ ਦੇਖਦੇ ਹਨ, ਜੋ ਸਿਸਟਮ ਨੂੰ ਚੁਣੌਤੀ ਦਿੰਦੇ ਹਨ, ਇਸ ਤਰ੍ਹਾਂ ਉਨ੍ਹਾਂ ਦੀ ਸਹੀ ਅਤੇ ਗਲਤ ਦੀ ਭਾਵਨਾ ਨੂੰ ਵਿਗਾੜਦੇ ਹਨ। ਲਾਰੈਂਸ ਬਿਸ਼ਨੋਈ ਵਰਗੇ ਵਿਅਕਤੀਆਂ ਨੂੰ ਸਮਰਪਿਤ ਸੋਸ਼ਲ ਮੀਡੀਆ ਪ੍ਰਸ਼ੰਸਕ ਪੰਨੇ ਅਪਰਾਧਿਕ ਕਾਰਵਾਈਆਂ ਦੀ ਵਡਿਆਈ ਕਰਦੇ ਹਨ, ਉਨ੍ਹਾਂ ਨੂੰ ਪ੍ਰਸ਼ੰਸਾਯੋਗ ਬਣਾਉਂਦੇ ਹਨ। ਫਿਲਮਾਂ ਅਤੇ ਲੜੀਵਾਰਾਂ ਰਾਹੀਂ ਅਪਰਾਧਿਕ ਵਡਿਆਈ ਦਾ ਨਿਰੰਤਰ ਸੰਪਰਕ ਨੌਜਵਾਨਾਂ ਨੂੰ ਹਿੰਸਾ ਪ੍ਰਤੀ ਅਸੰਵੇਦਨਸ਼ੀਲ ਬਣਾ ਸਕਦਾ ਹੈ, ਹਮਦਰਦੀ ਨੂੰ ਘਟਾ ਸਕਦਾ ਹੈ ਅਤੇ ਹਮਲਾਵਰਤਾ ਨੂੰ ਆਮ ਬਣਾ ਸਕਦਾ ਹੈ।

ਮੀਡੀਆ ਵਿਚ ਵਡਿਆਈ ਨੌਜਵਾਨਾਂ ਨੂੰ ਅਪਰਾਧੀਆਂ ਦੇ ਵਿਹਾਰ ਜਾਂ ਜੀਵਨ ਸ਼ੈਲੀ ਦੀ ਨਕਲ ਕਰਨ ਲਈ ਉਤਸ਼ਾਹਿਤ ਕਰ ਸਕਦੀ ਹੈ, ਜੋ ਉਨ੍ਹਾਂ ਦੀ ਸਿੱਖਿਆ ਅਤੇ ਕਰੀਅਰ ਦੀਆਂ ਚੋਣਾਂ ਨੂੰ ਪ੍ਰਭਾਵਤ ਕਰ ਸਕਦੀ ਹੈ। ਸੋਸ਼ਲ ਮੀਡੀਆ 'ਤੇ ਸ਼ੋਅ ਤੋਂ ਗੈਂਗਸਟਰ ਸ਼ਖਸੀਅਤਾਂ ਦੀ ਨਕਲ ਕਰਨ ਦਾ ਰੁਝਾਨ ਇਹ ਦਰਸਾਉਂਦਾ ਹੈ ਕਿ ਅਪਰਾਧਿਕ ਤਸਵੀਰਾਂ ਨੌਜਵਾਨਾਂ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ। ਸਥਾਪਤੀ ਦੇ ਵਿਰੁੱਧ ਬਗਾਵਤ ਕਰਨ ਵਾਲੇ ਵਿਅਕਤੀਆਂ ਵਜੋਂ ਅਪਰਾਧੀਆਂ ਦੀ ਵਡਿਆਈ ਕਰਨਾ ਨੌਜਵਾਨਾਂ ਵਿਚ ਕਾਨੂੰਨ ਲਾਗੂ ਕਰਨ ਪ੍ਰਤੀ ਅਵਿਸ਼ਵਾਸ ਨੂੰ ਵਧਾ ਸਕਦਾ ਹੈ। ਅਪਰਾਧੀਆਂ ਨੂੰ ਭ੍ਰਿਸ਼ਟ ਪ੍ਰਣਾਲੀ ਦੇ ਵਿਰੁੱਧ ਲੜਨ ਵਾਲੇ ਨਾਇਕਾਂ ਵਜੋਂ ਪੇਸ਼ ਕਰਨ ਵਾਲੇ ਚਿੱਤਰ, ਕਾਨੂੰਨ ਲਾਗੂ ਕਰਨ ਵਾਲੇ ਜਨਤਕ ਅਕਸ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਜਦੋਂ ਅਪਰਾਧ ਨੂੰ ਗਲੈਮਰਾਈਜ਼ ਕੀਤਾ ਜਾਂਦਾ ਹੈ, ਇਹ ਇੱਕ ਅਜਿਹੀ ਮਿਸਾਲ ਕਾਇਮ ਕਰਦਾ ਹੈ, ਜਿੱਥੇ ਨੌਜਵਾਨ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਸਫਲਤਾ ਅਤੇ ਮਾਨਤਾ ਦੇ ਮਾਰਗ ਵਜੋਂ ਦੇਖਦੇ ਹਨ, ਜਿਸ ਨਾਲ ਸਮਾਜਿਕ ਨੈਤਿਕਤਾ ਪ੍ਰਭਾਵਿਤ ਹੁੰਦੀ ਹੈ। ਫਿਲਮਾਂ ਜੋ ਅਪਰਾਧੀਆਂ ਨੂੰ ਪ੍ਰਸਿੱਧੀ ਜਾਂ ਲਗਜ਼ਰੀ ਪ੍ਰਾਪਤ ਕਰਦੇ ਦਿਖਾਉਂਦੀਆਂ ਹਨ, ਨੌਜਵਾਨਾਂ ਨੂੰ ਅਪਰਾਧ ਨੂੰ ਇੱਕ ਵਿਹਾਰਕ ਜੀਵਨ ਸ਼ੈਲੀ ਵਜੋਂ ਦੇਖਣ ਲਈ ਪ੍ਰੇਰਿਤ ਕਰ ਸਕਦੀਆਂ ਹਨ।

ਮੀਡੀਆ ਵਿਚ ਅਪਰਾਧਿਕ ਵਿਅਕਤੀਆਂ ਦੀ ਵਡਿਆਈ ਨੂੰ ਸੀਮਤ ਕਰਨ ਲਈ ਦਿਸ਼ਾ-ਨਿਰਦੇਸ਼ ਲਾਗੂ ਕਰੋ, ਖਾਸ ਤੌਰ 'ਤੇ ਨੌਜਵਾਨਾਂ ਲਈ ਪਹੁੰਚਯੋਗ ਸਮੱਗਰੀ ਵਿਚ। ਹਿੰਸਕ ਜਾਂ ਅਪਰਾਧਿਕ ਗਤੀਵਿਧੀਆਂ ਨੂੰ ਦਰਸਾਉਣ ਵਾਲੀ ਸਮੱਗਰੀ ਲਈ ਉਮਰ-ਆਧਾਰਿਤ ਪਾਬੰਦੀਆਂ ਲਾਗੂ ਕਰਨ ਨਾਲ ਨੌਜਵਾਨ ਦਰਸ਼ਕਾਂ ਵਿਚ ਜ਼ੋਖਮ ਨੂੰ ਘਟਾਉਣ ਵਿਚ ਮਦਦ ਮਿਲ ਸਕਦੀ ਹੈ। ਮੀਡੀਆ ਆਊਟਲੈਟਾਂ ਨੂੰ ਸਨਸਨੀਖੇਜ਼ਤਾ ਦੀ ਬਜਾਏ ਜਵਾਬਦੇਹੀ ਅਤੇ ਨਿਆਂ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਦੋਸ਼ੀਆਂ ਬਾਰੇ ਰਿਪੋਰਟ ਕਰਨ ਲਈ ਉਤਸ਼ਾਹਿਤ ਕਰੋ। ਜਨਤਕ ਪ੍ਰਸਾਰਣ ਏਜੰਸੀਆਂ ਵਿਅਕਤੀਗਤ ਅਪਰਾਧੀਆਂ ਦੀ ਵਡਿਆਈ ਕਰਨ ਦੀ ਬਜਾਏ ਅਪਰਾਧ ਦੇ ਪ੍ਰਭਾਵਾਂ 'ਤੇ ਧਿਆਨ ਕੇਂਦ੍ਰਤ ਕਰਕੇ ਇੱਕ ਮਿਆਰ ਨਿਰਧਾਰਤ ਕਰ ਸਕਦੀਆਂ ਹਨ।

ਸਕੂਲਾਂ ਵਿਚ ਮੀਡੀਆ ਸਾਖਰਤਾ ਪ੍ਰੋਗਰਾਮਾਂ ਨੂੰ ਲਾਗੂ ਕਰੋ, ਤਾਂ ਜੋ ਵਿਦਿਆਰਥੀਆਂ ਦੀ ਵਡਿਆਈ ਅਪਰਾਧਿਕ ਸਮੱਗਰੀ ਦੇ ਪ੍ਰਭਾਵ ਨੂੰ ਗੰਭੀਰਤਾ ਨਾਲ ਵਿਸ਼ਲੇਸ਼ਣ ਅਤੇ ਸਮਝਣ ਵਿਚ ਮਦਦ ਕੀਤੀ ਜਾ ਸਕੇ। ਉਦਾਹਰਨ ਲਈ, ਵਰਕਸ਼ਾਪਾਂ ਜੋ ਨੌਜਵਾਨਾਂ ਨੂੰ ਸਨਸਨੀਖੇਜ਼ ਸਮੱਗਰੀ ਤੋਂ ਤੱਥਾਂ ਦੀ ਰਿਪੋਰਟਿੰਗ ਨੂੰ ਸਮਝਣ ਲਈ ਸਿਖਾਉਂਦੀਆਂ ਹਨ, ਅਪਰਾਧੀਆਂ ਦੀ ਬੇਲੋੜੀ ਪ੍ਰਸ਼ੰਸਾ ਨੂੰ ਘਟਾ ਸਕਦੀਆਂ ਹਨ। ਕਮਿਊਨਿਟੀ ਲੀਡਰਾਂ ਨੂੰ ਨੌਜਵਾਨਾਂ ਨਾਲ ਅਪਰਾਧਿਕ ਵਡਿਆਈ ਦੇ ਨਕਾਰਾਤਮਕ ਪ੍ਰਭਾਵਾਂ ਬਾਰੇ ਚਰਚਾ ਕਰਨ ਲਈ ਉਤਸ਼ਾਹਿਤ ਕਰੋ, ਉਨ੍ਹਾਂ ਨੂੰ ਉਸਾਰੂ ਰੋਲ ਮਾਡਲਾਂ ਵੱਲ ਸੇਧ ਦਿਓ। ਕਾਨੂੰਨ ਅਤੇ ਨਿਆਂ ਬਾਰੇ ਸਕਾਰਾਤਮਕ ਦ੍ਰਿਸ਼ਟੀਕੋਣ ਪ੍ਰਦਾਨ ਕਰਨ ਲਈ ਸਥਾਨਕ ਕਮਿਊਨਿਟੀ ਸੈਂਟਰ ਪੁਲਿਸ ਅਧਿਕਾਰੀਆਂ ਜਾਂ ਸਮਾਜਿਕ ਵਰਕਰਾਂ ਦੁਆਰਾ ਗੱਲਬਾਤ ਦੀ ਮੇਜ਼ਬਾਨੀ ਕਰ ਸਕਦੇ ਹਨ।

ਵੱਖ-ਵੱਖ ਖੇਤਰਾਂ ਦੇ ਸਫਲ ਵਿਅਕਤੀਆਂ 'ਤੇ ਕੇਂਦ੍ਰਿਤ ਮੀਡੀਆ ਮੁਹਿੰਮਾਂ ਨੌਜਵਾਨਾਂ ਨੂੰ ਸਿਰਜਣਾਤਮਕ ਵਿਅਕਤੀ ਪ੍ਰਦਾਨ ਕਰ ਸਕਦੀਆਂ ਹਨ। ਟੈਕਨਾਲੋਜੀ, ਖੇਡਾਂ ਅਤੇ ਸਮਾਜਿਕ ਸੇਵਾਵਾਂ ਵਿਚ ਨੇਤਾਵਾਂ ਦਾ ਪ੍ਰਦਰਸ਼ਨ ਕਰਨਾ ਨਕਾਰਾਤਮਕ ਪ੍ਰਭਾਵਾਂ ਤੋਂ ਧਿਆਨ ਹਟਾ ਸਕਦਾ ਹੈ। ਮੀਡੀਆ ਵਿਚ ਅਪਰਾਧੀਆਂ ਦੀ ਵਡਿਆਈ ਸਮਾਜਿਕ ਨੈਤਿਕਤਾ ਅਤੇ ਨੌਜਵਾਨਾਂ ਦੇ ਵਿਕਾਸ ਲਈ ਇੱਕ ਮਹੱਤਵਪੂਰਨ ਖਤਰਾ ਹੈ। ਇਹ ਸੁਨਿਸ਼ਚਿਤ ਕਰਨਾ ਕਿ ਸਮੱਗਰੀ ਨੂੰ ਜ਼ਿੰਮੇਵਾਰੀ ਨਾਲ ਤਿਆਰ ਕੀਤਾ ਗਿਆ ਹੈ ਅਤੇ ਸਕਾਰਾਤਮਕ ਰੋਲ ਮਾਡਲਾਂ ਨੂੰ ਉਤਸ਼ਾਹਿਤ ਕਰਨਾ ਇੱਕ ਸਮਾਜ ਬਣਾਉਣ ਲਈ ਮਹੱਤਵਪੂਰਨ ਹੈ, ਜੋ ਨਿਆਂ ਅਤੇ ਅਖੰਡਤਾ ਦੀ ਕਦਰ ਕਰਦਾ ਹੈ। ਜ਼ਿੰਮੇਵਾਰ ਮੀਡੀਆ ਚਿੱਤਰਣ, ਭਾਈਚਾਰਕ ਸ਼ਮੂਲੀਅਤ ਅਤੇ ਰੈਗੂਲੇਟਰੀ ਨਿਗਰਾਨੀ 'ਤੇ ਧਿਆਨ ਕੇਂਦ੍ਰਤ ਕਰਕੇ, ਭਾਰਤ ਇੱਕ ਅਜਿਹਾ ਮੀਡੀਆ ਵਾਤਾਵਰਣ ਵਿਕਸਿਤ ਕਰ ਸਕਦਾ ਹੈ, ਜੋ ਸਕਾਰਾਤਮਕ ਸਮਾਜਿਕ ਕਦਰਾਂ-ਕੀਮਤਾਂ ਨੂੰ ਪ੍ਰੇਰਿਤ ਕਰਦਾ ਹੈ ਅਤੇ ਅਪਰਾਧਿਕਤਾ ਨੂੰ ਮਾਫ਼ ਕਰਨ ਤੋਂ ਰੋਕਦਾ ਹੈ।




# ਇਨਸਾਨ ਨੂੰ ਇਨਸਾਨ ਹੀ ਰਹਿਣ ਦਿਓ

ਜਸਵੰਤ ਸਿੰਘ ਜੋਗਾ
ਫੋਨ : 62396-43306
ਪੰਜਾਬ ਮੇਲ USA



ਅਕਸਰ ਅਸੀਂ ਜਾਣਦੇ ਹਾਂ ਕਿ ਸਾਰੀ ਦੁਨੀਆਂ ਦੇ ਇਨਸਾਨ ਇੱਕੋ ਮਾਸ ਮਿੱਟੀ ਦੇ ਬਣੇ ਹੋਏ ਹਨ। ਪਰ ਉਸੇ ਹੀ ਇੱਕੋ ਮਿੱਟੀ ਦੇ ਬਣੇ ਇਨਸਾਨਾਂ ਨੇ ਦੂਸਰੇ ਇਨਸਾਨ ਨੂੰ ਬਦਲ ਕੇ ਹੀ ਰੱਖ ਦਿੱਤਾ ਹੈ। ਇਹ ਬਦਲਾਅ ਸਦੀਆਂ ਤੋਂ ਚੱਲਦਾ ਆ ਰਿਹਾ ਹੈ। ਸਮੇਂ-ਸਮੇਂ 'ਤੇ ਖਾਲਸ ਇਨਸਾਨਾਂ ਨੇ ਦੁਨੀਆਂ ਨੂੰ ਵੀ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਕਿਸੇ ਨੂੰ ਵੱਖ ਨਾ ਸਮਝੋ, ਸਭ ਇੱਕੋ ਰਸਤੇ ਪੈਦਾ ਹੋਏ ਹਨ ਪਰ ਕੁਝ ਸਮਝ ਗਏ ਕੁਝ ਨੇ ਇੰਝ ਕਰਨਾ ਆਪਣੇ ਆਪ ਨੂੰ ਠੀਕ ਨੀ ਲੱਗਿਆ।

ਪਰ ਇਨਸਾਨੀਅਤ ਤੋਂ ਉਲਟ ਚੱਲਣ ਵਾਲੇ ਅਜਿਹੇ ਲੋਕਾਂ ਦਾ ਚਲਾਇਆ ਮਾਇਆਜਾਲ ਅੱਜ ਤੱਕ ਕਾਬਜ਼ ਹੈ। ਕੁਝ ਸਮਾਂ ਪਹਿਲਾਂ ਆਮੀਰ ਖਾਨ ਦੀ ਫਿਲਮ "ਪੀ ਕੇ" ਆਈ ਸੀ। ਸਮਝਣ ਦੀ ਕੋਸ਼ਿਸ਼ ਸੀ ਤਾਂ ਉਸ ਫਿਲਮ ਦਾ ਮੁੱਖ ਮੰਤਵ ਸਾਨੂੰ ਇਹੋ ਸੁਨੇਹਾ ਦੇਣਾ ਸੀ ਕਿ ਇਨਸਾਨ ਨੂੰ ਇਨਸਾਨ ਸਮਝੋ। ਸਭ ਤੋਂ ਵੱਡਾ ਇਨਸਾਨੀਅਤ ਦਾ ਵੈਰੀ ਜਾਤ-ਪਾਤ ਸਿਸਟਮ ਹੈ, ਜਿਸ ਵਿਚ ਲੋਕ ਲੁਪਤ ਹੋ ਚੁੱਕੇ ਹਨ। ਇਨਸਾਨ ਇਨਸਾਨ ਹੀ ਹੁੰਦਾ ਹੈ, ਚਾਹੇ ਉਹ ਜੱਟ, ਚਮਾਰ, ਬਾਜ਼ੀਗਰ, ਮਜ਼੍ਹਬੀ, ਛੀਂਬਾ, ਘੁਮਿਆਰ, ਪੰਡਤ, ਸੇਠ, ਬ੍ਰਾਹਮਣ, ਖੱਤਰੀ, ਆਦਿ ਹੋਵੇ ਪਰ ਉਪਰੋਕਤ ਜਾਤ-ਪਾਤ ਵਿਚ ਫਸੇ ਲੋਕ ਆਪਣੇ ਆਪ ਨੂੰ ਇੰਝ ਸਮਝਣਾ ਸ਼ੁਰੂ ਕਰ ਦਿੰਦੇ ਹਨ, ਜਿਵੇਂ ਉਨ੍ਹਾਂ ਨੂੰ ਲੱਗਦਾ ਹੋਵੇ ਕਿ ਉਨ੍ਹਾਂ ਦੇ ਕੁਝ ਅਲੱਗ ਸਿੰਗ ਲੱਗੇ ਹੋਣ। ਇਹ ਲੋਕ ਆਪਣੀ ਆਪਣੀ ਜਾਤ ਦਾ ਗੁਮਾਨ ਕਰਦਿਆਂ ਇੱਕ ਦੂਜੇ ਨੂੰ ਉੱਚਾ ਨੀਵਾਂ ਸਮਝਦੇ ਹਨ, ਜੋ ਕਿ ਸਭ ਤੋਂ ਘਟੀਆ ਵਰਤਾਰਾ ਹੈ।



ਸਿੱਖ ਇਤਿਹਾਸ ਵਿਚ ਇੱਕ ਗੰਗੂ ਦਾ ਨਾਮ ਆਉਂਦਾ ਹੈ। ਮੰਨਿਆ ਕਿ ਗੁਨਾਹਗਾਰ ਸੀ ਪਰ ਕੀ ਉਸ ਨਾਲ ਸਾਰੇ ਉਸਦੇ ਉਸ ਸਮੇਂ ਦੇ ਜਾਂ ਹੁਣ ਉਸ ਦੇ ਅਗਲੇਰਿਆਂ ਪਰਿਵਾਰਾਂ ਨੂੰ ਭੰਡਣਾ ਕਿ ਉਹ ਗੰਗੂ ਦੀ ਔਲਾਦ ਹਨ, ਕੀ ਉਹ ਸਹੀ ਹੈ? ਇੱਕ ਇਨਸਾਨ ਗਲਤ ਹੋ ਸਕਦਾ ਪਰ ਸਾਰੇ ਨੀਂ। ਜੇ ਇਹੀ ਜਾਤਾਂ-ਪਾਤਾਂ ਦੇ ਚੁੰਗਲ ਵਿਚ ਫਸੇ ਲੋਕ ਹਰ ਇੱਕ ਨੂੰ ਇਨਸਾਨ ਸਮਝਣ ਤਾਂ ਮੈਨੂੰ ਨੀ ਲੱਗਦਾ ਕਿ ਇਨ੍ਹਾਂ ਵਿਚ ਕੋਈ ਹੀਣ ਭਾਵਨਾ ਆਵੇਗੀ। ਜਾਤ-ਪਾਤ ਦਾ ਪਾੜਾ ਇੰਨਾ ਵਿਸ਼ਾਲ ਹੈ ਕਿ ਇਨ੍ਹਾਂ ਦੇ ਮਰਨ 'ਤੇ ਵੀ ਇਨਸਾਨ ਵੱਖ-ਵੱਖ ਸਿਵਿਆਂ ਵਿਚ ਸਾੜੇ ਜਾਂਦੇ ਨੇ। ਜਾਤ-ਪਾਤ ਤੋਂ ਅੱਗੇ ਚੱਲੋਂ ਤਾਂ ਅਗਲਾ ਪਾੜਾ ਧਰਮ ਦਾ ਹੈ। ਅਸਲ ਵਿਚ ਧਰਮ ਇੱਕੋ ਹੀ ਹੈ, ਉਹ ਹੈ ਇਨਸਾਨੀਅਤ। ਮਜ਼੍ਹਬਾਂ ਦਾ ਪਾਲਣ ਕਰਕੇ ਇਨਸਾਨ ਨੇ ਇਸਾਨੀਅਤ ਦਾ ਧਰਮ ਕਮਾਉਣਾ ਸੀ ਪਰ ਹੋ ਉਲਟ ਰਿਹਾ ਹੈ। ਮਜ਼੍ਹਬਾਂ ਨੂੰ ਧਰਮ ਬਣਾ ਕੇ ਇਨਸਾਨੀਅਤ ਦਾ ਘਾਣ ਕੀਤਾ ਜਾ ਰਿਹਾ ਹੈ। ਹਰ ਮਜ਼੍ਹਬ ਦੇ ਇਨਸਾਨ ਮਾੜੇ ਨੀ ਤੇ ਸਾਰੇ ਚੰਗੇ ਵੀ ਨਹੀਂ? ਅਜਿਹੇ ਅਜੋਕੇ ਧਰਮਾਂ ਦਾ ਕੋਈ ਫਾਇਦਾ ਨਹੀਂ, ਜੋ ਦਾਅਵਾ ਕਰਦੇ ਨੇ ਕਿ ਅਸੀਂ ਰੱਬ ਨਾਲ ਮਿਲਣਾ ਹੈ ਪਰ ਉਸੇ ਇੱਕ ਜੋਤ ਦੇ ਬਣਾਏ ਇਨਸਾਨ ਤੋਂ ਨਫ਼ਰਤ ਕਰਦੇ ਹਨ। ਇਨਸਾਨ ਨੂੰ ਇਨਸਾਨ ਸਮਝਣ ਵਾਲੀ ਸੋਚ ਦੇ ਧਾਰਣੀਆਂ ਨੂੰ ਸਭ ਇੱਕ ਲੱਗਦੇ ਨੇ ਪਰ ਦਿਖਾਇਆ ਇੰਝ ਜਾਂਦਾ ਕਿ "ਮੁਸਲਮਾਨਾਂ ਨੂੰ ਲੱਗਦਾ ਕਿ ਹਿੰਦੂ ਮਾੜੇ ਨੇ, ਹਿੰਦੂਆਂ ਨੂੰ ਲੱਗਦਾ ਸਿੱਖ ਮਾੜੇ ਨੇ" ਤੇ ਸਾਡੇ ਵਰਗੇ ਸਿੱਖਾਂ ਨੂੰ ਲੱਗਦਾ ਕਿ ਸਿਰਫ ਅਸੀ ਚੰਗੇ ਹਾਂ, ਬਾਕੀ ਸਭ ਮਾੜੇ ਨੇ। ਇਨਸਾਨ ਦੀ ਕਦਰ ਕਰਨ ਵਾਲਾ ਹਰ ਸਿੱਖੀ ਸਰੂਪ ਵਾਲਾ ਇਨਸਾਨ ਹਰ ਇਨਸਾਨ ਨੂੰ ਰੱਬੀ ਜੋਤ ਸਮਝਦਾ ਹੈ। ਚਾਹੇ ਉਹ ਕਿਸੇ ਮਜ਼੍ਹਬ ਦਾ ਹੋਵੇ। ਪਰ ਜਿਨ੍ਹਾਂ ਅਖੌਤੀ ਧਰਮੀਆਂ ਦਾ ਕੰਮ ਜੋੜਨਾ ਨੀ ਤੋੜਨਾ ਹੁੰਦਾ ਹੈ। ਉਨ੍ਹਾਂ ਭਾਅ ਦੇ ਸਭ ਉਸਨੂੰ ਉਸਦੇ ਧਰਮ ਦੇ ਵਿਰੋਧੀ ਹੀ ਲੱਗਦੇ ਨੇ। ਜੇ ਇਨਸਾਨੀਅਤ ਨੂੰ ਹਰ ਇਨਸਾਨ ਧਰਮ ਸਮਝੇ ਤਾਂ ਹਰ ਇਨਸਾਨ ਨੂੰ ਇਨਸਾਨ ਕਹਿਣ ਦਾ ਮਾਦਾ ਰੱਖੇਗਾ।

ਗੱਲ ਰਾਸ਼ਟਰੀ ਪੱਧਰ ਦੀ ਕਰੀਏ, ਤਾਂ ਭਾਰਤ ਵਿਚ ਹੀ ਇਹ ਆਮ ਸੁਣਨ ਨੂੰ ਮਿਲਦਾ ਕਿ ਇਹ ਭਈਆ, ਇਹ ਗੁਜਰਾਤੀ ਆ, ਇਹ ਬਿਹਾਰੀ ਆ, ਇਹ ਹਿਮਾਚਲੀ ਆ, ਇਹ ਬੰਗਾਲੀ ਆ ਆਦਿ ਲੋਕਾਂ ਉਸਦੇ ਸੂਬੇ ਤੋਂ ਹੋਣ ਕਰਕੇ ਉਸਨੂੰ ਇੰਝ ਕਹਿਣਾ ਠੀਕ ਹੈ ਪਰ ਉਸ ਪ੍ਰਤੀ ਸੂਬਾਈ ਵੱਖਰਤਾ ਹੋਣ ਕਰਕੇ ਹੀਣ ਭਾਵਨਾ ਕਰਨੀ ਸਿਰੇ ਦੀ ਬਕਵਾਸ ਨੀਤੀ ਹੈ। ਇਸ ਵਿਚੋਂ ਵੀ ਲੋਕਾਂ ਨੂੰ ਨਿਕਲ ਕੇ ਇਨਸਾਨ ਨੂੰ ਇਨਸਾਨ ਦੀ ਨਜ਼ਰ ਨਾਲ ਵੇਖੋ, ਨਾ ਕਿ ਸੂਬਾਈ ਵੱਖਰਤਾ ਦੀ ਨਜ਼ਰ ਨਾਲ। ਗੱਲ ਅੰਤਰਰਾਸ਼ਟਰੀ ਪੱਧਰ ਦੀ ਕਰੀਏ, ਤਾਂ ਭਾਰਤ ਆਲਿਆਂ ਨੂੰ ਲੱਗਦਾ ਪਾਕਿਸਤਾਨ ਮਾੜਾ, ਪਾਕਿਸਤਾਨ ਨੂੰ ਲੱਗਦਾ ਭਾਰਤ ਮਾੜਾ। ਕੀ ਕਦੇ ਇਹ ਦੇਸ਼ ਵੀ ਇੱਕ ਦੂਜੇ ਨੂੰ ਆਪਸੀ ਇਨਸਾਨੀਅਤ ਦੀ ਸਾਂਝ ਨਾਲ ਵੇਖਣਗੇ। ਅੱਜ ਨੀ ਕੱਲ੍ਹ ਇਨ੍ਹਾਂ ਨੂੰ ਵੇਖਣਾ ਚਾਹੀਦਾ ਕਿ ਪਰਲੇ ਪਾਰੋਂ ਵਸਦੇ ਲੋਕ ਵੀ ਇਨਸਾਨ ਹੀ ਨੇ। ਸੋ ਇੱਕ ਇਨਸਾਨ ਨੂੰ ਦੁਨੀਆਂ ਕੀ-ਕੀ ਬਣਾਉਂਦੀ ਆ, ਇਸਦੇ ਬਹੁਤ ਭੇਦ ਨੇ। ਦਾੜ੍ਹੀ-ਮੁੱਛ ਰੱਖਣ 'ਤੇ, ਮੁੱਛ ਰੱਖਣ 'ਤੇ, ਮੱਥੇ ਤਿਲਕ ਲਗਾਉਣ 'ਤੇ, ਇਨਸਾਨ ਦਾ ਨਾਮ ਬਦਲ ਜਾਂਦਾ, ਫਿਰ ਉਸਦਾ ਗੋਤ ਹੁੰਦਾ, ਫਿਰ ਉਸਦੀ ਜਾਤ ਦਿੱਤੀ ਜਾਂਦੀ ਆ, ਫਿਰ ਉਸਨੂੰ ਧਰਮ ਦਿੱਤਾ ਜਾਂਦਾ, ਫਿਰ ਉਸਨੂੰ ਪਾਰਟੀ ਦਿੱਤੀ ਜਾਂਦੀ ਆ ਕਿ ਕਿਸ ਪਾਰਟੀ ਦਾ ਬੰਦਾ ਹੈ ਪਰ ਕੋਈ ਉਸਨੂੰ ਇਹ ਅਧਿਕਾਰ ਨੀ ਯਾਦ ਕਰਵਾਉਂਦਾ ਕਿ ਤੂੰ ਇੱਕ ਇਨਸਾਨ ਹੈ, ਬੱਸ ਇਨਸਾਨ ਬਣ ਕੇ ਰਹੀ ਤੇ ਦੂਜਿਆਂ ਨੂੰ ਇਨਸਾਨ ਹੀ ਰਹਿਣ ਦੇਈ। ਸਾਨੂੰ ਲੋੜ ਹੈ ਇਨਸਾਨ ਨੂੰ ਇਨਸਾਨ ਰਹਿਣ ਦੀ ਸੋਚ ਨੂੰ ਹੁੰਗਾਰਾ ਦੇਣ ਦੀ।

# ਕਿਸੇ ਵੀ ਕਾਰਜ ਪਿੱਛੇ ਤੁਹਾਡੀ ਭਾਵਨਾ ਕੀ ਹੈ




ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA




ਅਜੇ ਤੱਕ ਅਜਿਹਾ ਆਦਰਸ਼ਿਕ ਸਮਾਜ ਕਿਉਂ ਨਹੀਂ ਬਣ ਸਕਿਆ ਭਾਵ ਅਜਿਹਾ ਸਮਾਜ ਜਿਸ ਵਿਚ ਹਰ ਮਨੁੱਖ ਨੂੰ ਸ਼ਾਂਤੀ, ਸੁੱਖ, ਖੁਸ਼ਹਾਲੀ, ਇਨਸਾਫ਼, ਆਜ਼ਾਦੀ ਤੇ ਮਨੁੱਖ ਨੂੰ ਮੁੱਢਲੀਆਂ ਲੋੜਾਂ ਮਿਲ ਸਕਣ। ਸਮਾਜ ਵਿਚ ਰਹਿੰਦੇ ਵਿਅਕਤੀਆਂ ਨਾਲ ਸਮਾਜ ਬਣਦਾ ਹੈ, ਇਸ ਦਾ ਭਾਵ ਇਹ ਹੋਇਆ ਕਿ ਆਦਰਸ਼ਿਕ ਸਮਾਜ ਲਈ ਆਦਰਸ਼ਿਕ ਵਿਅਕਤੀ ਚਾਹੀਦੇ ਹਨ ਪਰ ਸਾਰੇ ਵਿਅਕਤੀ ਆਦਰਸ਼ਿਕ ਨਹੀਂ ਬਣ ਸਕਦੇ। ਅਜਿਹਾ ਸਮਾਜ ਜਿਸ ਵਿਚ ਹਰ ਇਕ ਲਈ ਜਾਨ, ਮਾਲ ਤੇ ਇੱਜ਼ਤ ਸੁਰੱਖਿਅਤ ਹੋਵੇ।

ਇਸ ਲਈ ਕੁਝ ਇਕ ਵਿਅਕਤੀ ਜਿਨ੍ਹਾਂ ਨੇ ਸਮਾਜ ਨੂੰ ਇਕ ਸੇਧ ਦੇਣੀ ਹੁੰਦੀ ਹੈ ਤੇ ਸਮਾਜ ਦਾ ਪ੍ਰਬੰਧ ਕਰਨਾ ਹੁੰਦਾ ਹੈ ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹਲ ਕਰਨਾ ਹੁੰਦਾ ਹੈ, ਉਹ ਤਾਂ ਘੱਟੋ-ਘੱਟ ਵਿਸ਼ੇਸ਼ ਵਿਅਕਤੀ ਚਾਹੀਦੇ ਹਨ, ਜਿਵੇਂ ਧਾਰਮਿਕ, ਵਿੱਦਿਅਕ, ਰਾਜਨੀਤਿਕ, ਪੱਤਰਕਾਰ, ਸਾਹਿਤਕਾਰ ਤੇ ਪ੍ਰਬੰਧਕ ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਇਹ ਲੋਕ ਹੀ ਆਪਣੇ ਫ਼ਰਜ਼ਾਂ ਤੇ ਜ਼ਿੰਮੇਵਾਰੀ ਦੀ ਕੁਤਾਹੀ ਕਰ ਰਹੇ ਹਨ, ਭਾਵ ਵਾੜ ਹੀ ਖੇਤ ਨੂੰ ਖਾਈ ਜਾਂਦੀ ਹੈ। ਰਾਜੇ ਸ਼ੀਂਹ ਮੁਕੱਦਮ ਕੁੱਤੇ ਵਾਲੀ ਗੱਲ ਬਣੀ ਹੋਈ ਹੈ।

ਕਾਰਣ ਇਹ ਹੈ ਕਿ ਅੱਜ ਇਹ ਲੋਕ ਵੀ ਪੈਸੇ ਤੇ ਸੱਤਾ ਪਿੱਛੇ ਲੱਗੇ ਹੋਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਿਜ਼ਨਸਮੈਨ ਤੇ ਖੇਤੀਬਾੜੀ ਕਰਨ ਵਾਲੇ ਲੋਕਾਂ ਦਾ ਕੰਮ ਤੇ ਸਿਰਫ਼ ਪੈਸਾ ਇਕੱਠਾ ਕਰਨਾ ਤੇ ਕਮਾਉਣਾ ਹੁੰਦਾ ਹੈ। ਪਰ ਜੇ ਕੋਈ ਸੰਤ ਬਣ ਕੇ ਤੇ ਘਰ ਬਾਰ ਤਿਆਗ ਕਰਕੇ, ਫਿਰ ਵੀ ਉਹ ਦੁਨੀਆਵੀਂ ਚੀਜ਼ਾਂ ਦੀ ਭਾਵ ਪੈਸਾ ਇਕੱਠਾ ਕਰਨ ਦੀ ਸੋਚਦਾ ਹੈ, ਤਾਂ ਉਹ ਸੰਤ ਨਹੀਂ, ਸਗੋਂ ਭੇਖੀ ਹੈ ਤੇ ਸੰਤ ਹੋਣ ਦਾ ਢੋਂਗ ਰਚ ਰਿਹਾ ਹੈ। ਇਸੇ ਤਰ੍ਹਾਂ ਪੁਲਿਸ, ਨਿਆਂਪਾਲਿਕਾ ਤੇ ਰਾਜਨੀਤਿਕ ਇਨ੍ਹਾਂ ਲੋਕਾਂ ਨੇ ਲੋਕਾਂ ਬਾਰੇ ਸੋਚਣਾ ਹੁੰਦਾ ਹੈ ਤੇ ਜੇਕਰ ਉਨ੍ਹਾਂ ਦਾ ਲਕਸ਼ ਵੀ ਪੈਸਾ ਕਮਾਉਣਾ ਹੀ ਬਣ ਜਾਵੇ ਤਾਂ ਉਹ ਆਪਣੇ ਫ਼ਰਜ਼ ਵਲੋਂ ਕੁਤਾਹੀ ਕਰ ਰਹੇ ਹੋਣਗੇ ਕਿਉਂਕਿ ਉਹ ਆਪਣੇ ਅਸਲੀ ਲਕਸ਼ ਭਾਵ ਅਸਲੀ ਨੁਕਤੇ ਨੂੰ ਭੁੱਲ ਰਹੇ ਹੋਣਗੇ। ਪੁਲਿਸ ਦਾ ਕੰਮ ਲੋਕਾਂ ਦੀ ਜਾਨ, ਮਾਲ ਤੇ ਇੱਜ਼ਤ ਦੀ ਰੱਖਿਆ ਕਰਨਾ ਹੁੰਦਾ ਹੈ, ਨਿਆਂਪਾਲਿਕਾਂ ਨੇ ਲੋਕਾਂ ਨੂੰ ਇਨਸਾਫ਼ ਦੇਣਾ ਹੁੰਦਾ ਹੈ ਅਤੇ ਰਾਜਨੀਤਿਕ ਦਾ ਕੰਮ ਹੁੰਦਾ ਹੈ ਲੋਕਾਂ ਬਾਰੇ ਸੋਚਣਾ ਪਰ ਅੱਜਕੱਲ੍ਹ ਦਾ ਰਾਜਨੀਤਿਕ ਇੰਨਾ ਸੁਆਰਥੀ, ਪਦਾਰਥਵਾਦੀ ਤੇ ਸੱਤਾ ਦਾ ਭੁੱਖਾ ਹੈ ਕਿ ਉਸ ਨੂੰ ਇਸ ਤੋਂ ਬਿਨਾਂ ਕੁਝ ਹੋਰ ਨਜ਼ਰ ਨਹੀਂ ਆਉਂਦਾ।

ਇਸੇ ਤਰ੍ਹਾਂ ਧਰਮ ਦੇ ਖੇਤਰ ਵਿਚ ਵੀ ਇੰਨਾ ਪਾਖੰਡਵਾਦ ਆ ਗਿਆ ਹੈ ਕਿ ਧਾਰਮਿਕ ਆਗੂ ਕਰਦੇ ਕੁਝ ਹਨ, ਕਹਿੰਦੇ ਕੁਝ ਹਨ, ਭਾਵ ਕਹਿਣੀ ਤੇ ਕਰਨੀ ਤੋਂ ਕੋਹਾਂ ਦੂਰ ਹਨ ਤੇ ਲੋਕਾਂ ਵਿਚ ਏਕਤਾ, ਭਾਈਚਾਰਾ, ਪਿਆਰ, ਹਮਦਰਦੀ, ਨਿਮਰਤਾ, ਸਹਿਣਸ਼ੀਲਤਾ ਤੇ ਸਬਰ-ਸੰਤੋਖ ਕਿੱਥੋਂ ਆਵੇ ਕਿਉਂਕਿ ਧਰਮ ਵਿਚ ਅਸਲੀ ਨੁਕਤੇ ਤਾਂ ਗਾਇਬ ਹਨ। ਭਾਵ ਗੁਰਬਾਣੀ ਦੇ ਆਸ਼ੇ ਅਨੁਸਾਰ ਭਾਵ ਗੁਰੂਆਂ ਦੇ ਦਿੱਤੇ ਉਪਦੇਸ਼ ਉੱਤੇ ਚੱਲਣ ਦਾ ਤਾਂ ਕੋਈ ਯਤਨ ਹੀ ਨਹੀਂ ਕਰਦਾ ਤਾਂ ਆਦਰਸ਼ਿਕ ਸਮਾਜ ਦੀ ਉਸਾਰੀ ਕਿਵੇਂ ਹੋ ਸਕਦੀ ਹੈ। ਗੁਰੂ ਘਰਾਂ ਦੇ ਪ੍ਰਬੰਧਕ ਸ਼ਰਾਬੀ ਤੇ ਮੋਨੇ ਸੰਗਤ ਨੂੰ ਕੀ ਪ੍ਰਚਾਰ ਕਰਨਗੇ। ਇਸੇ ਤਰ੍ਹਾਂ ਵਿੱਦਿਆਂ ਦਾ ਖੇਤਰ ਹੈ। ਅਧਿਆਪਕਾਂ ਦਾ ਮੁੱਖ ਕਰਤੱਵ ਬੱਚਿਆਂ ਨੂੰ ਸਿੱਖਿਆ ਦੇਣੀ ਹੁੰਦਾ ਹੈ। ਪਰ ਅੱਜ ਦਾ ਅਧਿਆਪਕ ਵੀ ਇੰਨਾ ਪਦਾਰਥਵਾਦੀ ਹੋ ਗਿਆ ਕਿ ਉਸ ਨੂੰ ਵੀ ਪੈਸਾ ਹੀ ਨਜ਼ਰ ਆਉਂਦਾ ਹੈ ਤੇ ਪੜ੍ਹਾਉਣ ਦੀ ਗੱਲ ਤਾਂ ਦੂਜੇ ਨੰਬਰ ’ਤੇ ਹੈ। ਸਕੂਲ ਵਿਚ ਪੜ੍ਹਾਈ ਨਾ ਕਰਾਉਣੀ ਤੇ ਮਗਰੋਂ ਵਿਦਿਆਰਥੀਆਂ ਨੂੰ ਟਿਊਸ਼ਨਾਂ ਰੱਖਣ ਲਈ ਮਜਬੂਰ ਕਰਨਾ। ਇਹੋ ਕਾਰਣ ਹੈ ਕਿ ਵਿਦਿਆਰਥੀਆਂ ਨੇ ਅਧਿਆਪਕਾਂ ਦੇ ਆਪਸੀ ਸਬੰਧ ਪਹਿਲੇ ਵਰਗੇ ਨਹੀਂ ਰਹੇ। ਪਹਿਲੇ ਸਮੇਂ ਵਿਚ ਅਧਿਆਪਕ ਤੇ ਵਿਦਿਆਰਥੀ ਦਾ ਆਪਸੀ ਸਬੰਧ ਗੁਰੂ ਤੇ ਚੇਲੇ ਵਾਲਾ ਹੁੰਦਾ ਸੀ ਪਰ ਹੁਣ ਇਹ ਕਦਰਾਂ-ਕੀਮਤਾਂ ਖੰਭ ਲਾ ਕੇ ਉਡ ਰਹੀਆਂ ਹਨ ਤੇ ਵਿਦਿਆਰਥੀਆਂ ਦੇ ਦਿਲਾਂ ਵਿਚ ਅਧਿਆਪਕਾਂ ਲਈ ਕੋਈ ਅਦਬ ਤੇ ਪਿਆਰ ਨਹੀਂ ਰਿਹਾ। ਪਹਿਲੇ ਸਮੇਂ ਵਿਚ ਅਧਿਆਪਕ ਮਿਹਨਤੀ, ਜ਼ਿੰਮੇਵਾਰ ਹੁੰਦੇ ਸਨ ਤੇ ਬੱਚਿਆਂ ਨੂੰ ਮੁਫ਼ਤ ਪੜ੍ਹਾਇਆ ਕਰਦੇ ਸਨ। ਅਧਿਆਪਕ ਅਤਿ ਦੇ ਉੱਚੇ ਕਿਰਦਾਰ ਦੇ ਮਾਲਕ ਹੁੰਦੇ ਸਨ।

ਇਸੇ ਤਰ੍ਹਾਂ ਗਾਇਕੀ ਦਾ ਖੇਤਰ ਹੈ, ਇਸ ਵਿਚ ਵੀ ਉਹ ਪੁਰਾਣੀਆਂ ਕੀਮਤਾਂ ਨਹੀਂ ਰਹੀਆਂ ਲੱਚਰਤਾ ਤੇ ਅਸ਼ਲੀਲਤਾ ਗਾਇਕਾਂ ਵਿਚ ਭਾਰੂ ਹੋ ਰਹੀ ਹੈ ਪਰ ਕੁਝ ਚੰਗਾ ਵੀ ਹੋ ਰਿਹਾ ਹੈ ਤੇ ਕੁਝ ਗਾਇਕ ਬਹੁਤ ਚੰਗੇ ਵੀ ਹਨ ਤੇ ਉਨ੍ਹਾਂ ਨੇ ਆਪਣੇ ਪੁਰਾਣੇ ਸੱਭਿਆਚਾਰ ਨੂੰ ਸਾਂਭਿਆ ਹੋਇਆ ਹੈ। ਪੁਰਾਣੇ ਗਾਇਕ ਜਿਵੇਂ ਯਮਲਾ ਜੱਟ, ਸੁਰਿੰਦਰ ਕੌਰ, ਪ੍ਰਕਾਸ਼ ਕੌਰ ਤੇ ਆਸਾ ਸਿੰਘ ਮਸਤਾਨਾ ਵਰਗਿਆਂ ਨੂੰ ਦਹਾਕੇ ਹੀ ਬੀਤ ਗਏ ਹਨ ਪਰ ਉਨ੍ਹਾਂ ਦੇ ਗੀਤ ਅੱਜ ਵੀ ਨਵੇਂ ਲੱਗਦੇ ਹਨ ਤੇ ਮਨ ਨੂੰ ਸਕੂਨ ਦਿੰਦੇ ਹਨ, ਜਦੋਂਕਿ ਅੱਜ ਦੀ ਗਾਇਕੀ ਵਿਚ ਸ਼ੋਰ-ਸ਼ਰਾਬਾ ਜ਼ਿਆਦਾ ਹੈ ਤੇ ਕੰਨਾਂ ਨੂੰ ਖਾਣ ਵਾਲਾ ਹੈ ਤੇ ਸਕੂਨ ਘੱਟ ਹੈ। ਇਸੇ ਤਰ੍ਹਾਂ ਸਾਹਿਤ ਦੇ ਖੇਤਰ ਵਿਚ ਹੈ। ਇੰਨਾ ਸਾਹਿਤ ਲਿਖਿਆ ਗਿਆ ਹੈ ਅਤੇ ਬੜੇ ਵਿਦਵਾਨ, ਸ਼ਾਇਰ ਤੇ ਲੇਖਕ ਪੈਦਾ ਹੋਏ ਹਨ। ਪਰ ਅੱਜ ਤੱਕ ਸਾਹਿਤ ਨੇ ਮਨੁੱਖੀ ਜੀਵਨ ਵਿਚ ਕਿੰਨੀ ਕੁ ਤਬਦੀਲੀ ਲਿਆਂਦੀ ਹੈ। ਜਦੋਂਕਿ ਸਾਹਿਤ ਦਾ ਕੰਮ ਤਾਂ ਮਨੁੱਖੀ ਜੀਵਨ ਵਿਚ ਕੋਈ ਪ੍ਰੀਵਰਤਨ ਲਿਆਉਣਾ ਹੁੰਦਾ ਹੈ। ਇਸ ਦਾ ਕਾਰਣ ਇਹ ਹੈ ਕਿ ਬਹੁਤ ਸਾਰਾ ਸਾਹਿਤ ਤਾਂ ਪੜ੍ਹਨ ਯੋਗ ਵੀ ਨਹੀਂ ਹੁੰਦਾ ਤੇ ਉਸ ਵਿਚ ਲੱਚਰਤਾ ਤੇ ਅਸ਼ਲੀਲਤਾ ਹੀ ਨਜ਼ਰ ਆਉਂਦੀ। ਕੁਝ ਲੇਖਕ ਅਜਿਹਾ ਤਾਂ ਜ਼ਰੂਰ ਲਿਖਦੇ ਹਨ ਕਿ ਉਨ੍ਹਾਂ ਦੀਆਂ ਰਚਨਾਵਾਂ ਪੜ੍ਹਨਯੋਗ ਜ਼ਰੂਰ ਹੁੰਦੀਆਂ ਹਨ ਪਰ ਉਨ੍ਹਾਂ ’ਚ ਵਿਸ਼ਾ ਬਿਲਕੁਲ ਹੀ ਗਾਇਬ ਹੁੰਦਾ ਹੈ। ਇਹ ਪਤਾ ਹੀ ਨਹੀਂ ਲੱਗਦਾ ਕਿ ਉਹ ਕਹਿਣਾ ਕੀ ਚਾਹੁੰਦੇ ਹਨ। ਕੁਝ ਲੇਖਕ ਅਜਿਹੇ ਹਨ, ਜਿਨ੍ਹਾਂ ਦੀ ਰਚਨਾ ਦਾ ਮੁੱਖ ਉਦੇਸ਼, ਸਮਾਜ ਨੂੰ ਕੋਈ ਨਾ ਕੋਈ ਸੰਦੇਸ਼ ਦੇਣਾ ਹੁੰਦਾ ਹੈ। ਜਿਵੇਂ ਗੁਰਦਿਆਲ ਸਿੰਘ, ਪ੍ਰੋ. ਸੁਰਿੰਦਰ ਸਿੰਘ ਨਰੂਲਾ ਤੇ ਢਾਡੀ ਸੋਹਣ ਸਿੰਘ ਸ਼ੀਤਲ ਆਦਿ। ਗੁਰਦਿਆਲ ਸਿੰਘ ਤਾਂ ਆਖਦਾ ਹੈ ਕਿ ਜੇ ਕੋਈ ਪਾਤਰ ਅਣ-ਮਨੁੱਖੀ ਕਦਰਾਂ-ਕੀਮਤਾਂ ਦੇ ਵਿਰੁੱਧ ਕੋਈ ਸੱਟ ਨਹੀਂ ਮਾਰਦਾ। ਭਾਵ ਕੋਈ ਵਿਰੋਧਤਾ ਨਹੀਂ ਕਰਦਾ, ਤਾਂ ਮੈਂ ਉਸ ਰਚਨਾ ਨੂੰ ਸਾਹਿਤਕ ਰਚਨਾ ਨਹੀਂ ਮੰਨਦਾ। ਬਾਕੀ ਸਾਹਿਤ ਵਿਚ ਕੁਝ ਲੇਖਕ ਆਪਣੀਆਂ ਰਚਨਾਵਾਂ ਵਿਚ ਵਿਸ਼ਾ ਤਾਂ ਜ਼ਰੂਰ ਛੋਹਦੇ ਹਨ ਪਰ ਉਹ ਬੋਲੀ ਅਜਿਹੀ ਲਿਖਦੇ ਹਨ ਕਿ ਆਮ ਸਾਧਾਰਣ ਮਨੁੱਖ ਦੀ ਸਮਝ ਤੋਂ ਬਾਹਰ ਹੁੰਦੀ ਹੈ ਤੇ ਉਸ ਰਚਨਾ ਦਾ ਲਾਭ ਕੀ ਹੋਵੇਗਾ। ਇਸ ਲਈ ਰਚਨਾ ਆਮ ਲੋਕਾਂ ਦੀ ਬੋਲੀ ਵਿਚ ਸਮਝ ਆਉਣ ਵਾਲੀ ਹੋਣੀ ਚਾਹੀਦੀ ਹੈ। ਪਰ ਅਜਿਹਾ ਨਹੀਂ ਹੁੰਦਾ ਕਿਉਂਕਿ ਲੇਖਕ ਵਿਸ਼ੇ ਦੀ ਥਾਂ ਆਪਣੀ ਪ੍ਰਭਾਵਸ਼ਾਲੀ ਬੋਲੀ ਰਾਹੀਂ ਪ੍ਰਭਾਵ ਦੇਣਾ ਚਾਹੁੰਦਾ ਹੈ। ਬਾਕੀ ਕੁਝ ਕਵੀ, ਲੇਖਕ ਲਿਖਦੇ ਸੁਹਣਾ ਹਨ ਪਰ ਉਨ੍ਹਾਂ ਦਾ ਆਪਣਾ ਨਿੱਜੀ ਜੀਵਨ ਉਸ ਦੇ ਅਨੁਸਾਰ ਨਹੀਂ ਹੁੰਦਾ ਤੇ ਜਿਸ ਕਰਕੇ ਪਾਠਕਾਂ ਤੇ ਉਸ ਰਚਨਾ ਦਾ ਬਹੁਤ ਚੰਗਾ ਪ੍ਰਭਾਵ ਨਹੀਂ ਹੁੰਦਾ।

ਲੇਖਕ ਦਾ ਆਪਣਾ ਜੀਵਨ ਵੀ ਆਪਣੀ ਰਚਨਾ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਲੋੜ ਹੈ, ਅਸਲੀ ਨੁਕਤੇ ਨੂੰ ਆਪਣੇ ਫ਼ਰਜ਼ ਨੂੰ ਸਮਝਾਣ ਦੀ ਕੋਈ ਮਨੁੱਖ ਜੋ ਕਹਿੰਦਾ ਹੈ ਤੇ ਕਰਦਾ ਹੈ, ਉਸ ਦੀ ਭਾਵਨਾ ਕੀ ਹੈ? ਉਸ ਦਾ ਮਨਰੋਥ ਨਿੱਜੀ ਹੈ ਜਾਂ ਸਮੁੱਚੇ ਸਮਾਜ ਲਈ। ਇਸੇ ਤਰ੍ਹਾਂ ਹੀ ਸਾਡੇ ਘਰਾਂ ਤੇ ਸਮਾਜ ਦੀ ਦਸ਼ਾ ਹੈ। ਕੁਝ ਲੋਕ ਬੜਾ ਮਿੱਠਾ ਬੋਲਦੇ ਹਨ ਤੇ ਆਪਣੇ ਆਪ ਨੂੰ ਬਹੁਤ ਚੰਗਾ ਮਨੁੱਖ ਸਾਬਤ ਕਰਨ ਦਾ ਯਤਨ ਕਰਦੇ ਹਨ ਪਰ ਪਿੱਛੇ ਉਸ ਦੀ ਭਾਵਨਾ ਹੋਰ ਹੁੰਦੀ ਹੈ ਤੇ ਉਹ ਮਨੁੱਖ ਦੂਜਿਆਂ ਪ੍ਰਤੀ ਸੁਹਿਰਦ ਨਹੀਂ ਹੁੰਦਾ। ਅਜਿਹੇ ਭੇਖੀ ਲੋਕਾਂ ਨੂੰ ਪਰਖਣ ਦੀ ਲੋੜ ਹੁੰਦੀ ਹੈ ਤੇ ਦੂਜਿਆਂ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਤੇ ਚਾਲਾਂ ਤੋਂ ਬਚਣਾ ਚਾਹੀਦਾ ਹੈ। ਇਸੇ ਤਰ੍ਹਾਂ ਚੋਣ ਕਰਨ ਵੇਲੇ, ਵੋਟਰਾਂ ਨੂੰ ਚਾਹੀਦਾ ਹੈ ਕਿ ਭੇਖੀ ਭ੍ਰਿਸ਼ਟ ਰਾਜਨੀਤਿਕ ਦੀ ਚੋਣ ਨਾ ਕਰੋ ਤੇ ਆਪਣੇ ਨਿੱਜੀ ਸੁਆਰਥ ਤੋਂ ਉਪਰ ਉਠ ਕੇ ਯੋਗ ਉਮੀਦਵਾਰ ਦੀ ਚੋਣ ਕਰੋ। ਇਸ ਤਰ੍ਹਾਂ ਸਰਕਾਰੀ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਚੋਣ ਵੀ ਯੋਗ ਉਮੀਦਵਾਰ ਦੀ ਚੋਣ ਕਰਨੀ ਚਾਹੀਦੀ ਹੈ, ਤਾਂ ਜੋ ਸਾਰੀ ਸਰਕਾਰੀ ਮਸ਼ਨੀਰੀ ਚੰਗੀ ਤਰ੍ਹਾਂ ਕੰਮ ਕਰ ਸਕੇ ਤਾਂ ਸਮਾਜ ਦਾ ਹਰ ਵਿਅਕਤੀ ਆਪਣੀਆਂ ਲੋੜਾਂ ਤੇ ਸਮੱਸਿਆਵਾਂ ਦਾ ਹੱਲ ਪੂਰਾ ਕਰ ਸਕੇ।

ਇਨ੍ਹਾਂ ਸਾਰੇ ਵਿਚਾਰਾਂ ਦਾ ਸਬੰਧ ਧਰਮ ਨਾਲ ਹੈ ਕਿਉਂਕਿ ਧਰਮ ਸਿਰਫ਼ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਹੀ ਸਾਧਨ ਨਹੀਂ, ਸਗੋਂ ਧਰਮ ਦਾ ਸਬੰਧ ਸਾਡੇ ਜੀਵਨ ਨਾਲ ਵੀ ਹੈ, ਭਾਵ ਧਰਮ ਇਕ ਮਨੁੱਖੀ ਜੀਵਨ ਜਾਂਚ ਹੈ। ਇਸ ਲਈ ਧਰਮ ਦਾ ਸਬੰਧ ਸਦਾਚਾਰ, ਈਮਾਨਦਾਰੀ, ਹਮਦਰਦੀ ਭਾਵ ਮੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਨਾਲ ਹੁੰਦਾ ਹੈ।

ਪੱਤਰਕਾਰੀ ਕਿਸੇ ਵੀ ਦੇਸ਼ ਦਾ ਚੌਥਾ ਥੰਮ੍ਹ ਹੁੰਦੀ ਹੈ। ਪਰ ਅੱਜਕੱਲ੍ਹ ਪੱਤਰਕਾਰੀ ਵਿਚ ਵੀ ਭ੍ਰਿਸ਼ਟਾਚਾਰ ਆਰੰਭ ਹੋ ਗਿਆ ਹੈ। ਪੱਤਰਕਾਰ ਦਾ ਅਸਲੀ ਮਨੋਰਥ ਜੋ ਹੋਣਾ ਚਾਹੀਦਾ ਹੈ, ਉਹ ਗਾਇਬ ਹੀ ਹੁੰਦਾ ਹੈ। ਦੇਖਣਾ ਇਹ ਹੁੰਦਾ ਹੈ ਕਿ ਸੰਪਾਦਕ ਜਦੋਂ ਕੋਈ ਪਰਚਾ ਕੱਢਣਾ ਆਰੰਭ ਕਰਦਾ ਹੈ, ਤਾਂ ਉਸ ਦੀ ਭਾਵਨਾ ਕੀ ਹੁੰਦੀ ਹੈ, ਭਾਵ ਪੱਤਰਕਾਰ ਜਾਂ ਸੰਪਾਦਕ ਦਾ ਮੁੱਖ ਉਦੇਸ਼ ਕੀ ਹੁੰਦਾ ਹੈ? ਕੁਝ ਲੋਕ ਪਰਚਾ ਕੱਢਣ ਨੂੰ ਪੈਸਾ ਕਮਾਉਣ ਦਾ ਸਾਧਨ ਹੀ ਮੰਨਦੇ ਹਨ। ਇਹ ਠੀਕ ਹੈ ਪੈਸਾ ਵੀ ਜ਼ਿੰਦਗੀ ਦੀ ਲੋੜ ਹੈ ਪਰ ਪੈਸਾ ਜ਼ਿੰਦਗੀ ਲਈ **means** ਹੈ **not end**. ਪੱਤਰਕਾਰ ਦਾ ਪਹਿਲਾ ਕਰਤੱਵ ਹੈ ਕਿ ਉਹ ਹੱਕ, ਸੱਚ ਤੇ ਇਨਸਾਫ਼ ਬਾਰੇ ਲਿਖੇ ਤੇ ਭ੍ਰਿਸ਼ਟਾਚਾਰ ਤੇ ਜ਼ੁਲਮ-ਜਬਰ ਜਿੱਥੇ ਸਮਾਜ ਵਿਚ ਹੁੰਦਾ ਹੈ, ਉਸ ਨੂੰ ਨੰਗਿਆਂ ਕਰੇ ਤੇ ਆਪਣੀ ਆਵਾਜ਼ ਨੂੰ ਬੁਲੰਦ ਕਰੇ, ਲੇਖਕਾਂ ਦੀਆਂ ਉਨ੍ਹਾਂ ਰਚਨਾਵਾਂ ਨੂੰ ਵੀ ਪਹਿਲ ਦੇਵੇ, ਜਿਸ ਵਿਚ ਲੇਖਕ ਦੀ ਰਚਨਾ ਦਾ ਸਬੰਧ ਸਮਾਜ ਤੇ ਮਨੁੱਖੀ ਜੀਵਨ ਨਾਲ ਹੋਵੇ ਕਿਉਂਕਿ ਸਮਾਜ ਤੋਂ ਦੂਰ ਦਾ ਸਾਹਿਤ ਗੁਣਕਾਰੀ ਨਹੀਂ ਹੁੰਦਾ। ਸਾਹਿਤ ਉਹ ਚੰਗਾ ਹੁੰਦਾ ਹੈ ਜਿਹੜਾ ਮਨੁੱਖੀ ਜੀਵਨ ਦੇ ਦੁੱਖ-ਸੁੱਖ ਤੇ ਸੁਧਾਰ ਦੀ ਗੱਲ ਕਰੇ। ਸਿਰਜਣਾਤਮਿਕ ਸਾਹਿਤ ਦਾ ਇਹੋ ਹੀ ਫ਼ਰਜ਼ ਹੁੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਈ ਪੱਤਰਕਾਰ ਬਹੁਤ ਚੰਗਾ ਕਰਤੱਵ ਵੀ ਨਿਭਾ ਰਹੇ ਹਨ। ਪਰ ਕਈਆਂ ਨੇ ਆਪਣੇ ਅਸਲੀ ਨੁਕਤੇ ਤੋਂ ਬਹੁਤ ਦੂਰ ਦੀ ਗੱਲ ਕਰਦੇ ਹਨ ਤੇ ਸਿਰਫ਼ ਉਨ੍ਹਾਂ ਦਾ ਮੁੱਖ ਉਦੇਸ਼ ਪੈਸਾ ਕਮਾਉਣਾ ਹੀ ਹੁੰਦਾ ਹੈ ਜਿਹੜਾ ਕਿ ਸਮਾਜ ਲਈ ਬਹੁਤ ਹੀ ਖ਼ਤਰਨਾਕ ਰੁਝਾਨ ਹੈ। ਪੱਤਰਕਾਰੀ ਕੋਈ ਫੁੱਲਾਂ ਦਾ ਵਿਛਾਉਣਾ ਨਹੀਂ, ਸਗੋਂ ਕੰਡਿਆਂ ਦਾ ਸਫ਼ਰ ਹੈ। ਸੱਚੀ ਪੱਤਰਕਾਰੀ ਨੂੰ ਕੁਰਬਾਨੀ ਦੀ ਲੋੜ ਹੁੰਦੀ ਹੈ। ਕਈ ਪੱਤਰਕਾਰਾਂ ਨੇ ਇਸ ਸੱਚਾਈ ਨੂੰ ਸੱਚ ਕਰ ਵੀ ਦਿਖਾਇਆ ਹੈ, ਉਨ੍ਹਾਂ ਨੇ ਸ਼ਹਾਦਤ ਦਾ ਜਾਮ ਤਾਂ ਪੀ ਲਿਆ ਪਰ ਉਹ ਆਪਣੀ ਸੋਚ ਤੋਂ ਭਾਵ ਵਿਚਾਰਧਾਰਾ ਤੋਂ ਪਿੱਛੇ ਨਹੀਂ ਹਟੇ।

ਹਰ ਮਨੁੱਖ ਦੇ ਕੋਈ ਕੰਮ ਕਰਨ ਦੇ ਪਿੱਛੇ ਉਸ ਦਾ ਨਿੱਜੀ ਹਿੱਤ ਲੁਕਿਆ ਹੋਇਆ ਹੁੰਦਾ ਹੈ ਤੇ ਅਸਲੀ ਨੁਕਤਾ ਭਾਵ ਮੁੱਦਾ ਤਾਂ ਗਾਇਬ ਹੀ ਹੁੰਦਾ ਹੈ। ਹਰ ਮਨੁੱਖ ਸਭ ਤੋਂ ਪਹਿਲਾਂ ਸ਼ੋਹਰਤ ਦਾ ਭੁੱਖਾ ਹੈ। ਇਸ ਦੀ ਖ਼ਾਤਰ ਮਨੁੱਖ ਪਤਾ ਨਹੀਂ ਕੀ-ਕੀ ਪਾਖੰਡ ਕਰਦਾ ਹੈ ਤੇ ਲੋਕਾਂ ਨਾਲ ਫ਼ਰੇਬ ਕਰਦਾ ਹੈ। ਇਸ ਤੋਂ ਬਾਅਦ ਹਰ ਮਨੁੱਖ ਪੈਸੇ ਤੇ ਸੱਤਾ ਦਾ ਭੁੱਖਾ ਹੈ ਕਿ ਉਸ ਨੂੰ ਕਿਵੇਂ ਨਾ ਕਿਵੇਂ ਸੱਤਾ ਦੀ ਪ੍ਰਾਪਤੀ ਹੋ ਜਾਏ ਤੇ ਸੱਤਾ ਪ੍ਰਾਪਤ ਕਰਕੇ ਉਸ ਆਦਮੀ ਦਾ ਲਕਸ਼ ਕੀ ਹੈ, ਭਾਵ ਉਹ ਕੀ ਕਰਨਾ ਚਾਹੁੰਦਾ ਹੈ, ਸ਼ਾਇਦ ਉਸ ਨੂੰ ਆਪ ਵੀ ਨਾ ਪਤਾ ਹੋਵੇ। ਆਪਣਾ ਫ਼ਰਜ਼ ਦਾ ਵੀ ਪਤਾ ਨਹੀਂ ਹੁੰਦਾ, ਜਿਸ ਕੁਰਸੀ ਤੇ ਬੈਠੇ ਹਨ। ਅਜਿਹੇ ਵਿਸੇਸ਼ ਵਿਅਕਤੀ ਤੋਂ ਤੁਸੀਂ ਕੀ ਆਸ ਰੱਖ ਸਕਦੇ ਹੋ ਕਿ ਉਹ ਸਮਾਜ ਦਾ ਕੁਝ ਸੁਆਰੇਗਾ, ਜਿਵੇਂ ਕਿ ਅੱਜਕੱਲ੍ਹ ਹੋ ਰਿਹਾ ਹੈ।

**ਲੇਖਕ ਦਾ ਆਪਣਾ ਜੀਵਨ ਵੀ ਆਪਣੀ ਰਚਨਾ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਲੋੜ ਹੈ, ਅਸਲੀ ਨੁਕਤੇ ਨੂੰ ਆਪਣੇ ਫ਼ਰਜ਼ ਨੂੰ ਸਮਝਾਣ ਦੀ ਕੋਈ ਮਨੁੱਖ ਜੋ ਕਹਿੰਦਾ ਹੈ ਤੇ ਕਰਦਾ ਹੈ, ਉਸ ਦੀ ਭਾਵਨਾ ਕੀ ਹੈ? ਉਸ ਦਾ ਮਨਰੋਥ ਨਿੱਜੀ ਹੈ ਜਾਂ ਸਮੁੱਚੇ ਸਮਾਜ ਲਈ। ਇਸੇ ਤਰ੍ਹਾਂ ਹੀ ਸਾਡੇ ਘਰਾਂ ਤੇ ਸਮਾਜ ਦੀ ਦਸ਼ਾ ਹੈ। ਕੁਝ ਲੋਕ ਬੜਾ ਮਿੱਠਾ ਬੋਲਦੇ ਹਨ ਤੇ ਆਪਣੇ ਆਪ ਨੂੰ ਬਹੁਤ ਚੰਗਾ ਮਨੁੱਖ ਸਾਬਤ ਕਰਨ ਦਾ ਯਤਨ ਕਰਦੇ ਹਨ ਪਰ ਪਿੱਛੇ ਉਸ ਦੀ ਭਾਵਨਾ ਹੋਰ ਹੁੰਦੀ ਹੈ ਤੇ ਉਹ ਮਨੁੱਖ ਦੂਜਿਆਂ ਪ੍ਰਤੀ ਸੁਹਿਰਦ ਨਹੀਂ ਹੁੰਦਾ। ਅਜਿਹੇ ਭੇਖੀ ਲੋਕਾਂ ਨੂੰ ਪਰਖਣ ਦੀ ਲੋੜ ਹੁੰਦੀ ਹੈ ਤੇ ਦੂਜਿਆਂ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਤੇ ਚਾਲਾਂ ਤੋਂ ਬਚਣਾ ਚਾਹੀਦਾ ਹੈ। ਇਸੇ ਤਰ੍ਹਾਂ ਚੋਣ ਕਰਨ ਵੇਲੇ, ਵੋਟਰਾਂ ਨੂੰ ਚਾਹੀਦਾ ਹੈ ਕਿ ਭੇਖੀ ਭ੍ਰਿਸ਼ਟ ਰਾਜਨੀਤਿਕ ਦੀ ਚੋਣ ਨਾ ਕਰੋ ਤੇ ਆਪਣੇ ਨਿੱਜੀ ਸੁਆਰਥ ਤੋਂ ਉਪਰ ਉਠ ਕੇ ਯੋਗ ਉਮੀਦਵਾਰ ਦੀ ਚੋਣ ਕਰੋ। ਇਸ ਤਰ੍ਹਾਂ ਸਰਕਾਰੀ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਚੋਣ ਵੀ ਯੋਗ ਉਮੀਦਵਾਰ ਦੀ ਚੋਣ ਕਰਨੀ ਚਾਹੀਦੀ ਹੈ, ਤਾਂ ਜੋ ਸਾਰੀ ਸਰਕਾਰੀ ਮਸ਼ਨੀਰੀ ਚੰਗੀ ਤਰ੍ਹਾਂ ਕੰਮ ਕਰ ਸਕੇ ਤਾਂ ਸਮਾਜ ਦਾ ਹਰ ਵਿਅਕਤੀ ਆਪਣੀਆਂ ਲੋੜਾਂ ਤੇ ਸਮੱਸਿਆਵਾਂ ਦਾ ਹੱਲ ਪੂਰਾ ਕਰ ਸਕੇ।**

# ਪੰਜਾਬੀ ਫ਼ਿਲਮ ਦਰਪਣ

-ਅੰਮ੍ਰਿਤ ਪਵਾਰ

ਪੰਜਾਬ ਮੇਲ USA

## 1. ਹਰਪ੍ਰੀਤ ਰੰਧਾਵਾ ਕੈਨੇਡਾ ਫ਼ਿਕਰ ਗਵਾਂਢੀਆਂ ਦੀ



ਪੰਜਾਬੀ ਫ਼ਿਲਮਾਂ ਦੇ ਗਾਇਕ ਤੇ "ਸਾਡੇ ਪਿੰਡ ਮੇਲਾ" ਵਾਲੇ ਗਾਇਕ ਹਰਪ੍ਰੀਤ ਰੰਧਾਵਾ ਦਾ ਇੱਕ ਗੀਤ "ਗਵਾਂਢੀ ਓ ਜਾਗਦੇ ਕਿ ਸੁੱਤੇ" ਬਹੁਤ ਪ੍ਰਸਿੱਧ ਹੋਇਆ ਸੀ। ਹੁਣ ਇਸ ਗੀਤ ਨੂੰ ਉਹ ਨਵੇਂ ਸਿਰੇ ਤੋਂ ਨਵੇਂ ਸੰਗੀਤ ਨਾਲ ਲਿਆਉਣ ਲਈ ਯਤਨਸ਼ੀਲ ਹੈ। ਹਰਪ੍ਰੀਤ ਰੰਧਾਵਾ ਪੰਜਾਬ ਵਿਚ ਹਰ ਮੇਲੇ ਦੀ ਸ਼ਾਨ ਬਣਦੇ ਰਹੇ। ਹਰਪ੍ਰੀਤ ਰੰਧਾਵਾ ਦੀ ਖਾਹਿਸ਼ ਕਿਸੇ ਪੰਜਾਬੀ ਫ਼ਿਲਮ ਵਿਚ ਐਕਟਿੰਗ ਕਰਨ ਦੀ ਹੈ ਤੇ ਆਪਣੇ ਗੀਤ "ਮੇਲਾ" ਤੇ "ਗਵਾਂਢੀ ਓ ਜਾਗਦੇ ਕਿ ਸੁੱਤੇ" ਨੂੰ ਉਹ ਕਿਸੇ ਫ਼ਿਲਮ ਦਾ ਸ਼ਿੰਗਾਰ ਵੀ ਬਣਾਉਣਾ ਚਾਹੁੰਦਾ ਹੈ। ਹਰਪ੍ਰੀਤ ਰੰਧਾਵਾ ਦੀ ਦਿੱਖ ਤੇ ਆਵਾਜ਼ ਅੱਜ ਵੀ ਓਨੀ ਸੁਰੀਲੀ ਹੈ, ਜਿੰਨੀ ਲੱਖਣ ਕਿ ਕਪੂਰਥਲਾ ਦੇ ਮੇਲੇ ਵਿਚ ਹੁੰਦੀ ਸੀ।

## 2. ਅਸ਼ੋਕ ਪੁਰੀ/ਨੈਂਸੀ ਅਰੋੜਾ ਦਾ "ਗੋਲਡ ਮੈਡਲ ਦਾ ਦਹੇਜ"

ਅਸ਼ੋਕ ਪੁਰੀ ਵੱਲੋਂ ਐਕਟਿੰਗ ਤੇ ਨਿਰਦੇਸ਼ਨ ਵਿਚ ਯੂ.ਐੱਸ.ਏ. ਵੱਲੋਂ



ਡਾਕਟਰੇਟ ਡਿਗਰੀ ਮਿਲਣ ਬਾਅਦ ਭਾਜਪਾ ਪ੍ਰਮੁੱਖ ਨੇਤਾ ਐੱਮ.ਪੀ. ਅਵਿਨਾਸ਼ ਰਾਏ ਖੰਨਾ ਜਿਹੜੇ ਸਾਹਿਤਕ ਲੇਖਕ ਨੇ ਦੀ ਕਹਾਣੀ ਤੇ ਫ਼ਿਲਮ ਕਰਨ ਦਾ ਸੁਨਹਿਰੀ ਮੌਕਾ ਮਿਲਿਆ ਹੈ। "ਗੋਲਡ ਮੈਡਲ ਦਾ ਦਹੇਜ" ਫ਼ਿਲਮ ਇਸ ਦਾ ਨਾਮ ਰੱਖ ਮਹੂਰਤ ਹੋ ਗਿਆ ਹੈ, ਅਹਿਮ ਪ੍ਰਾਪਤੀ ਹੈ। ਨੈਂਸੀ ਅਰੋੜਾ ਜਿਹੜੀ ਪੰਜਾਬੀ ਫ਼ਿਲਮਾਂ ਦੀ ਬੇਹਤਰੀਨ ਕਲਾਕਾਰ ਨਾਲ ਅਸ਼ੋਕ ਪੁਰੀ ਨਾਲ ਰੇਣੁਕਾ ਰਾਜਪੂਤ ਤੇ ਵਿੱਕੀ ਵਾਲੀਆ ਫ਼ਿਲਮ ਵਿਚ ਹਨ। ਕੁਮਾਰ ਵਿਨੋਦ ਇਸ ਲਈ ਗੀਤ ਗਾ ਰਹੇ ਹਨ। ਮੁੱਖ ਥੀਮ ਗੀਤ ਅੰਜੂ ਵੀ ਰੱਤੀ ਨੇ ਲਿਖਿਆ ਹੈ ਤੇ ਅਸ਼ੋਕ ਪੁਰੀ ਨਾਲ ਡੀ.ਓ.ਪੀ. ਸ਼ੰਕਰ ਦੇਵਾ ਹਨ, ਜਦਕਿ ਕਮਲਜੀਤ ਕੌਰ ਇਸ ਫ਼ਿਲਮ ਦੇ ਦੂਜੇ ਖਾਸ ਸਟਾਰ ਹਨ। "ਬੇਟੀ ਬਚਾਓ ਬੇਟੀ ਪੜ੍ਹਾਓ" ਮੁਹਿੰਮ ਦੀ ਗੱਲ ਅਸ਼ੋਕ ਪੁਰੀ ਇਸ ਫਿਲਮ ਨਾਲ ਉਭਾਰ ਰਹੇ ਹਨ।

## 3. ਰਾਮ ਭੋਗਪੁਰ ਐਕਟਰ ਬਣਨਗੇ ਦੇਖਦੇ ਜਾਓ



ਕੋਈ ਸ਼ੱਕ ਨਹੀਂ ਕਿ ਅੱਜ ਰਾਮ ਭੋਗਪੁਰ ਮੰਨੇ ਹੋਏ ਨਾਮਵਰ ਸੰਗੀਤ ਪੇਸ਼ਕਾਰ ਹਨ। ਅਨੁਰਾਧਾ ਪੌਡਵਾਲ ਤੋਂ ਪੰਮਾ ਮੱਲ੍ਹੀ ਤੇ ਸਾਧਨਾ ਸਰਗਮ ਤੋਂ ਫਿਰੋਜ਼ ਖਾਨ ਤੱਕ ਦੇ ਕਲਾਕਾਰ ਉਨ੍ਹਾਂ ਪੇਸ਼ ਕੀਤੇ ਹਨ। ਬਹੁਤ ਦੇਰ ਉਹ ਅਦਾਕਾਰੀ ਵੀ ਕਰਦੇ ਰਹੇ ਤੇ ਵੀਡਿਓ ਮਾਡਲਿੰਗ ਵੀ ਕੀਤੀ। ਹੁਣ ਰਾਮ ਭੋਗਪੁਰ ਮਨੀਸ਼ ਸ਼ਰਮਾ ਜਿਹੜੇ ਫ਼ਿਲਮ ਨਿਰਦੇਸ਼ਕ ਹਨ ਤੇ ਬੰਨੀ ਸ਼ਰਮਾ ਜਿਹੜੇ ਕਾਰੋਬਾਰ ਦੇ ਨੁਕਤੇ ਜਾਣਦੇ ਨੇ, ਨਾਲ ਮਿਲ ਇੱਕ ਪੰਜਾਬੀ ਫ਼ਿਲਮ ਕਰਨ ਵਾਲੇ ਹਨ। ਇਸ ਵਿਚ ਰਾਮ ਜੀ ਉਰਫ ਭੋਗਪੁਰ ਵਾਲਾ ਰਾਮ ਐਕਟਿੰਗ ਕਰੇਗਾ। ਸ਼ਿਲਪਾ ਸ਼ੈਟੀ, ਪ੍ਰੇਮ ਚੋਪੜਾ ਤੱਕ ਰਾਮ ਭੋਗਪੁਰ ਦੀ ਸ਼ਖਸੀਅਤ ਤੇ ਸੁਭਾਅ ਦੇ ਕਾਇਲ ਹਨ। ਦੇਖਦੇ ਹਾਂ ਕਿ ਉਹੀ ਪ੍ਰੇਮ ਦ੍ਰਿਸ਼ ਵੀਡਿਓ ਗੀਤਾਂ ਲਈ ਦੇਣ ਵਾਲੇ ਆਰ.ਜੇ. ਬੀਟ ਦੇ ਮੁੱਖ ਰਾਮ ਭੋਗਪੁਰ ਨਵੇਂ ਸਾਲ ਵਿਚ ਕਿੰਜ ਪਰਦੇ 'ਤੇ ਆਉਂਦੇ ਹਨ।

## 4. ਤੇਜੀ ਸੰਧੂ ਦੀ ਮਿਹਨਤ ਕੰਮ ਆਈ



ਤੇਜੀ ਸੰਧੂ ਨੇ ਸੰਘਰਸ਼ ਵੀ ਬਹੁਤ ਕੀਤਾ ਹੈ ਤੇ ਫ਼ਿਲਮਾਂ ਦੇ ਪ੍ਰੀਮੀਅਰ ਤੱਕ ਉਹ ਪਹੁੰਚਦੀ ਰਹੀ ਹੈ। ਇਸ ਮਿਹਨਤ ਨੇ ਉਸ ਨੂੰ ਡਾਇਰੈਕਟਰ ਵੀ ਬਣਾ ਦਿੱਤਾ ਹੈ ਤੇ ਫਿਲਮੀ ਲੇਖਿਕਾ ਬਣ ਵੀ ਉਹ ਪੰਜਾਬੀ ਫ਼ਿਲਮਾਂ ਵਿਚ ਉੱਭਰੀ ਹੈ। ਤੇਜੀ ਸੰਧੂ ਦੀ ਮਿਹਨਤ ਹੀ ਹੈ ਕਿ ਉਹ ਪੰਜਾਬ ਭਾਜਪਾ ਦੇ ਕਿਸਾਨ ਮੋਰਚਾ ਦੀ ਉਪ ਪ੍ਰਧਾਨ ਵੀ ਅੱਜ ਹੈ। ਤੇਜੀ ਸੰਧੂ ਸੱਚ ਨਾਲ ਤੁਰਦੀ ਹੈ ਤੇ ਕੰਗਨਾ ਰਣੌਤ ਦੀ ਉਹ ਹਮੇਸ਼ਾ ਨਿੰਦਾ ਕਰਦੀ ਹੈ ਕਿ ਉਹ ਗਲਤ ਬਿਆਨੀ ਕਰਦੀ ਹੈ। ਤੇਜੀ ਸੰਧੂ ਹੁਣ ਫਿਲਮੀ ਸ਼ੋਅ ਵਿਦੇਸ਼ਾਂ ਵਿਚ ਕਰਨ ਲਈ ਤਿਆਰ ਹੈ ਤੇ ਰਾਜਨੀਤੀ ਤੇ ਫ਼ਿਲਮਾਂ ਦੋਵਾਂ ਨੂੰ ਵਕਤ ਦੇ ਕਿ ਉਹ ਕਾਮਯਾਬ ਨੇਤਾ ਤੇ ਸਫ਼ਲ ਅਭਿਨੇਤਰੀ ਬਣੇਗੀ ਕਿਉਂਕਿ ਮਿਹਨਤ ਦਾ ਸਾਥ ਉਸ ਕੋਲ ਹੈ। ਪਾਕਸਤਾਨੀ ਪੰਜਾਬੀ ਫ਼ਿਲਮਾਂ ਦੀ ਨਾਇਕਾ ਸਨਾ ਨੇ ਵੀ ਕਿਹਾ ਸੀ ਕਿ ਤੇਜੀ ਸੰਧੂ ਹਿੰਮਤ ਵਾਲੀ ਐਕਟ੍ਰੈਸ ਹੈ ਤੇ ਉਸ ਦੀ ਹਿੰਮਤ ਉਸ ਨੂੰ ਸਟਾਰ ਬਣਾ ਦੇਵੇਗੀ।



## 5. ਰੁਪਾਲੀ/ਗੁਰਦੀਪ ਸੰਧੂ ਨੇ ਸਮਝਾਏ ਲੋਕ ਤੇ ਕੀਤੇ ਸਰਕਾਰੇ ਦਰਬਾਰੇ ਖੁਸ਼

ਫ਼ਿਲਮੀ ਜੋੜੀ ਰੁਪਾਲੀ ਸੰਧੂ ਤੇ ਗੁਰਦੀਪ ਸੰਧੂ ਤੋਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਵਾਲਾ ਦੋਗਾਣਾ ਸਟਾਰ ਸੰਧੂ ਫ਼ਿਲਮਜ਼ ਨੇ ਕਰਵਾ ਕਿ ਲੋਕ ਸਮਝਾਏ ਵੀ ਨੇ ਕਿ ਵਾਤਾਵਰਨ ਬਚਾ ਲਓ। ਨਾਲ ਹੀ ਚਮਕੀਲਾ ਤਰਜ਼ ਹੋਣ ਕਾਰਨ ਇਹ ਮਨੋਰੰਜਨ ਵੀ ਕਰ ਰਿਹਾ ਹੈ। ਸਥਾਨਕ ਜਲੰਧਰ ਤੇ ਸ਼ਾਹਕੋਟ, ਨਕੋਦਰ ਦਾ ਪ੍ਰਸ਼ਾਸਨ ਖੁਸ਼ ਹੈ ਕਿ ਫੀਲਡ ਵਿਚ ਬਤੌਰ ਤਹਿਸੀਲਦਾਰ ਗੁਰਦੀਪ ਸੰਧੂ ਅੱਛਾ ਕੰਮ ਕਰ ਰਹੇ ਹਨ। ਨਾਲ ਹੀ ਮਨੋਰੰਜਕ ਤਰੀਕੇ ਨਾਲ ਸਮਝਾ ਵੀ ਰਹੇ ਹਨ। ਰੁਪਾਲੀ ਨੇ ਕਿਹਾ ਕਿ ਪੰਛੀ, ਜਾਨਵਰ ਤੇ ਧਰਤੀ ਬਚਾਉਣ ਲਈ ਅਜਿਹੇ ਗੀਤ ਉਹ ਗੁਰਦੀਪ ਸੰਧੂ ਨਾਲ ਕਰਦੇ ਰਹਿਣਗੇ। ਯੂਟਿਊਬ 'ਤੇ 75 ਹਜ਼ਾਰ ਦੇ ਕਰੀਬ "ਅੱਗ ਭੁੱਲ ਕਿ ਪਰਾਲੀ ਨੂੰ ਨਾ ਲਾਇਓ" ਇਸ ਜੋੜੀ ਦੇ ਐਲਬਮ ਗੀਤ ਨੂੰ ਮਿਲ ਗਏ ਨੇ ਤੇ ਸਿਲਸਿਲਾ ਜ਼ਾਰੀ ਹੈ।

## 6. ਪਾਲੀ ਦੇਤਵਾਲੀਆ/ ਅਵਤਾਰ ਵਰਮਾ ਦੀ ਨਿਰਦੇਸ਼ਕ - ਕਲਾਕਾਰ ਜੋੜੀ



ਸ਼੍ਰੋਮਣੀ ਗਾਇਕ ਪਾਲੀ ਦੇਤਵਾਲੀਆ ਤੇ ਨਾਮਵਰ ਵੀਡਿਓ ਐਲਬਮ ਗਾਣੇ ਦੇ ਨਿਰਦੇਸ਼ਕ ਅਵਤਾਰ ਵਰਮਾ ਦੀ ਆਪਸੀ ਸਾਂਝ ਸਫ਼ਲ ਹੈ। ਅਵਤਾਰ ਵਰਮਾ ਨੇ ਪਾਲੀ ਦੇਤਵਾਲੀਆ ਨੂੰ ਐਕਟਿੰਗ ਵੀ ਕਰਵਾਈ ਹੈ। ਹੁਣ ਪਾਲੀ ਦੇਤਵਾਲੀਆ ਦਾ ਨਵਾਂ ਵੀਡਿਓ ਕੀਤਾ ਹੈ। ਅਸਲ ਵਿਚ ਜਦ ਕਲਾਕਾਰ ਤੇ ਨਿਰਦੇਸ਼ਕ ਦੀ ਤਾਲਮੇਲ ਸਥਿਤੀ ਵਧੀਆ ਹੋਏ, ਤਾਂ ਨਤੀਜ਼ਾ ਅੱਛਾ ਆਉਂਦਾ ਹੈ। ਪਾਲੀ ਦੇਤਵਾਲੀਆ ਨੇ "ਕੀਤੇ ਕਰਮਾਂ ਦਾ ਫਲ" ਫ਼ਿਲਮ ਲਈ ਪਲੇ ਬੈਕ ਵੀ ਦਿੱਤਾ ਹੈ। ਅਵਤਾਰ ਵਰਮਾ ਨੇ ਕਿਹਾ ਕਿ ਆਪਣੀਆਂ ਫ਼ਿਲਮਜ਼ ਲਈ ਉਹ ਨਿਰੰਤਰ ਪਾਲੀ ਦੇਤਵਾਲੀਆ ਕੋਲੋਂ ਗੀਤ ਪਿੱਠਵਰਤੀ ਕਰਵਾਉਂਦੇ ਰਹਿਣਗੇ। ਪਾਲੀ ਦੇਤਵਾਲੀਆ ਨੇ ਵੀ ਕਿਹਾ ਕਿ ਉਹ ਅੱਧੀ ਆਵਾਜ਼ ਤੇ ਅੱਧੀ ਰਾਤ ਨੂੰ ਅਵਤਾਰ ਵਰਮਾ ਲਈ ਹਾਜ਼ਿਰ ਰਹਿਣਗੇ।

# ਅੱਗੇ ਤੋਂ ਧਿਆਨ ਰੱਖਿਆ ਕਰੋ ਜੀ

## ਕੰਡੇ ਦਾ ਕੰਡਾ

-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ
ਨੇੜੇ ਨੈਸ਼ਲੇ ਮੋਗਾ
98557-35666
(Punjab Mail USA)



ਮੋਗੇ ਬੱਸ ਸਟੈਂਡ ਚੌਂਕ 'ਚ ਇੱਕ ਉਚਾ ਲੰਮਾ ਸਿਪਾਹੀ ਖੜਦਾ, ਕਾਲਾ ਰੰਗ, ਲਾਲ ਅੱਖਾਂ। ਜਦੋਂ ਮੈਂ ਉਥੋਂ ਲੰਘਣਾ ਤਾਂ ਕੋਸ਼ਿਸ਼ ਕਰਨੀ ਉਸ ਵੱਲ ਨਾ ਵੇਖਿਆ ਜਾਵੇ। ਪਰ ਇਕ ਵਾਰ ਵੇਖਣਾ ਫਿਰ ਤੇਜ਼ ਤੁਰ ਕੇ ਲੰਘ ਜਾਣਾ। ਉਸ ਸਿਪਾਹੀ ਕੋਲੋਂ ਮੈਨੂੰ ਡਰ ਲੱਗਦਾ ਸੀ। ਉਹਨੇ ਕਦੇ ਮੈਨੂੰ ਰੋਕਿਆ ਨਹੀਂ ਸੀ। ਮੇਰੇ ਭਾਅ ਦਾ ਤਾਂ ਉਹ ਦਿਉ ਸੀ। ਜਦੋਂ ਮੈਂ ਚੌਂਕ ਵੱਲ ਜਾਣਾ, ਤਾਂ ਸਭ ਤੋਂ ਪਹਿਲਾਂ ਉਹ ਮੇਰੇ ਦਿਮਾਗ 'ਚ ਆਉਣਾ। ਇਕ ਦਿਨ ਮੈਂ ਸਕੂਟਰ 'ਤੇ ਚੌਂਕ ਵੱਲ ਜਾ ਰਿਹਾ ਸੀ, ਤਾਂ ਮੇਰੇ ਅੱਗੇ ਟਰੱਕ ਸੀ ਟੱਰਕ ਲੰਘ ਗਿਆ ਤੇ ਰੈਡ ਲਾਈਟ ਹੋ ਗਈ। ਮੈਂ ਰੈਡ ਲਾਈਟ ਕਰਾਸ ਕਰ ਗਿਆ। ਉਸ ਸਿਪਾਹੀ ਨੇ ਮੈਨੂੰ ਰੋਕ ਲਿਆ। ਮੈਂ ਬਹੁਤ ਡਰ ਗਿਆ। ਮੈਂ ਘਬਰਾ ਗਿਆ। ਉਹ ਮੇਰੇ ਕੋਲ ਆਇਆ ਤੇ ਬੜੇ ਪਿਆਰ ਨਾਲ ਬੋਲਿਆ,

"ਕਾਕਾ ਜੀ ਤੁਸੀਂ ਰੈਡ ਲਾਈਟ ਕਰਾਸ ਕਰ ਦਿੱਤੀ।"

"ਮੇਰੇ ਕੋਲੋਂ ਗਲਤੀ ਹੋ ਗਈ ਜੀ।" ਮੈਂ ਜਲਦੀ-ਜਲਦੀ ਕਿਹਾ।

ਉਨ੍ਹਾਂ ਨੇ ਮੇਰੇ ਕੋਲੋਂ ਲਾਇਸੰਸ, ਬੀਮਾ ਤੇ ਆਰ.ਸੀ. ਮੰਗੀ। ਮੈਂ ਜਲਦੀ-ਜਲਦੀ ਵਿਖਾ ਦਿੱਤੀ। ਮੇਰੇ ਦਿਮਾਗ 'ਚ ਸੀ ਅੱਜ ਹਜ਼ਾਰ ਰੁਪਈਆ ਲੱਗ ਜਾਣਾ। ਤਾਂ ਉਹ ਸਿਪਾਹੀ ਨੇ ਕਿਹਾ

"ਸਕੂਟਰ ਨਵਾਂ-ਨਵਾਂ ਲਿਆ ਲਗਦੈ।" ਉਹਨੇ ਮੈਨੂੰ ਬੜੇ ਪਿਆਰ ਨਾਲ ਪੁੱਛਿਆ।

"ਹਾਂ ਜੀ ਇੱਕ ਹਫਤਾ ਹੀ ਹੋਇਆ।" ਮੈਂ ਡਰਦੇ-ਡਰਦੇ ਨੇ ਕਿਹਾ

"ਅੱਗੇ ਤੋਂ ਧਿਆਨ ਰੱਖਿਆ ਕਰੋ ਜੀ ਤੁਸੀਂ ਹੁਣ ਜਾਉ। ਉਹ ਕਹਿ ਕੇ ਡਿਊਟੀ 'ਤੇ ਖੜ੍ਹ ਗਿਆ।"

ਮੈਂ ਉਹਦੇ ਬਾਰੇ ਕੀ ਸੋਚਦਾ ਸੀ। ਉਸ ਦੀ ਏਨੀ ਮਿੱਠੀ ਬੋਲੀ। ਉਸਦੇ ਬੋਲ ਅੱਗੇ ਤੋਂ ਧਿਆਨ ਰੱਖਿਆ ਕਰੋ ਜੀ। ਸ਼ਾਇਦ ਮੈਨੂੰ ਉਸ ਨੇ ਸਮਝਾ ਦਿੱਤਾ, ਕਿਸੇ ਬਾਰੇ ਬਿਨਾਂ ਸੋਚ ਸਮਝ ਮਾੜਾ ਸੋਚਣਾ। ਮੇਰਾ ਜੀਅ ਕਰ ਰਿਹਾ ਸੀ, ਮੈਂ ਉਸ ਕੋਲੋਂ ਮੁਆਫੀ ਮੰਗਾ। ਮੈਂ ਤੁਰ ਕੇ ਉਸ ਕੋਲ ਗਿਆ ਤੇ ਜਾ ਕੇ ਕਿਹਾ "ਸਰਦਾਰ ਜੀ ਸੌਰੀ ਅੱਗੇ ਤੋਂ ਧਿਆਨ ਰਖੂੰਗਾ।" "ਉਹਨੇ ਮੇਰੇ ਸਿਰ 'ਤੇ ਹੱਥ ਫੇਰ ਦਿੱਤਾ ਤੇ ਬੋਲਿਆ "ਖੁਸ਼ ਰਹੋ।" ਮੇਰੇ ਅੰਦਰ ਹੁਣ ਡਰ ਨਾਂ ਦੀ ਕੋਈ ਚੀਜ਼ ਨਹੀਂ ਸੀ। ਹੁਣ ਮੈਨੂੰ ਸਾਰਾ ਕੁਛ ਚੰਗਾ ਲੱਗ ਰਿਹਾ ਸੀ।

# 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



- ਆਪਣੇ ਘਰ ਦਾ ਛੱਤ ਬੇਸ਼ੱਕ ਛਤਰੀ ਜਿੰਨੀ ਛੱਤ ਜਿੱਡਾ ਹੀ ਹੋਵੇ, ਘਰ ਵਿਚ ਸਕੂਨ ਹੁੰਦਾ ਹੈ ਪਰ ਕਿਰਾਏ 'ਤੇ ਬੇਸ਼ੱਕ ਮਹਿਲ ਲਿਆ ਹੋਵੇ, ਕਿਰਾਏ ਦਾ ਫ਼ਿਕਰ ਹੀ ਰਹਿੰਦਾ ਹੈ।
- ਬੀਤੇ ਹੋਏ 'ਤੇ ਪਛਤਾਵਾ ਨਾ ਕਰੋ। ਕੁਝ ਨੁਕਸਾਨ ਹੋਇਆ ਹੈ, ਤਾਂ ਸਬਕ ਲਵੋ। ਸਾਡੇ ਨਾਲੋਂ ਤਾਂ ਦਰਖਤ ਚੰਗੇ ਹਨ, ਪੱਤਝੜ ਵਿਚ ਸਾਰੇ ਪੱਤੇ ਝੜ ਜਾਣ 'ਤੇ ਵੀ ਘਬਰਾਉਂਦੇ ਨਹੀਂ, ਸਗੋਂ ਨਵੀਂ ਬਹਾਰ ਸਿਰਜਦੇ ਹਨ।
- ਹਰ ਉਹ ਕੌਮ ਘਾਟੇ ਵਿਚ ਰਹਿੰਦੀ ਹੈ ਅਤੇ ਨੁਕਸਾਨ ਉਠਾਉਂਦੀ ਹੈ, ਜੋ ਆਪਸ ਵਿਚ ਪਾਟ ਜਾਵੇ ਕਿਉਂਕਿ ਹਰ ਗਰੁੱਪ ਆਪਣੇ ਆਪ ਨੂੰ ਅਸਲੀ ਹੋਣ ਦਾ ਦਾਅਵਾ ਕਰਦਾ ਹੈ (ਖਲੀਲ ਜ਼ਿਬਰਾਨ)
- ਨਾਸਤਿਕ ਹੋਣਾ ਹਰੇਕ ਦੀ ਨਿੱਜੀ ਸੋਚ ਜਾਂ ਮਰਜ਼ੀ ਹੈ, ਲੇਕਿਨ ਨਾਸਤਿਕ ਹੋ ਕੇ ਧਾਰਮਿਕ ਲੋਕਾਂ ਨੂੰ ਗਾਲ੍ਹਾਂ ਕੱਢਣ ਵਾਲਾ ਨਾਸਤਿਕ ਨਹੀਂ "ਨੀਚ" ਹੁੰਦਾ ਹੈ।
- ਸਮੇਂ ਦਾ ਕੌੜਾ ਸੱਚ ਹੈ ਕਿ ਜਿਨ੍ਹਾਂ ਬੱਚਿਆਂ ਨੂੰ ਮਾਂ ਪਿਉ ਬੋਲਣਾ ਸਿਖਾਉਂਦੇ ਹਨ, ਉਹੀ ਬੱਚੇ ਵੱਡੇ ਹੋ ਕੇ ਮਾਂ-ਪਿਉ ਨੂੰ ਚੁੱਪ ਰਹਿਣਾ ਸਿਖਾਉਂਦੇ ਹਨ।
- ਧੋਖੇ ਦਾ ਜਵਾਬ ਧੋਖਾ ਹੀ ਮਿਲਦਾ ਹੈ। ਕਿਸੇ ਨੇ ਦੁੱਧ ਵਾਲੇ ਨੂੰ ਫਟਿਆ ਨੋਟ ਦਿੱਤਾ ਤੇ ਖੁਸ਼ੀ ਮਨਾਈ ਪਰ ਖੁਸ਼ੀ ਜ਼ਿਆਦਾ ਨਹੀਂ ਟਿਕੀ, ਜਦੋਂ ਚਾਹ ਬਣਾਈ ਤਾਂ ਦੁੱਧ ਫਟ ਗਿਆ। ਸ਼ਾਇਦ ਦੋਧੀ ਵੀ ਉਸੇ ਸੋਚ ਦਾ ਸੀ, ਕੱਲ੍ਹ ਦਾ ਦੁੱਧ ਵੇਚ ਕੇ ਖੁਸ਼ ਹੋਇਆ ਹੋਵੇ ਤੇ ਨੋਟ ਵੇਖ ਕੇ.....!
- ਮਿਥਿਹਾਸ ਤਾਂ ਬੇਸ਼ੱਕ ਏਅਰਕੰਡੀਸ਼ਨ ਕਮਰਿਆਂ ਵਿਚ ਬਹਿ ਕੇ ਲਿਖ ਸਕਦੇ ਹੋ ਪਰ ਇਤਿਹਾਸ ਹਮੇਸ਼ਾਂ ਚਮਕੌਰ ਦੀ ਗੜ੍ਹੀ, ਸਰਹਿੰਦ ਦੀ ਦੀਵਾਰ, ਗੁਰਦਾਸ ਨੰਗਲ ਦੀ ਗੜ੍ਹੀ, ਜਮਰੌਦ ਦੇ ਕਿਲ੍ਹੇ ਦੇ ਆਲੇ-ਦੁਆਲੇ ਦੀਆਂ ਪਹਾੜੀਆਂ ਵਿਚ ਲੜਨ ਉਪਰੰਤ ਲਿਖਿਆ ਜਾਂਦਾ ਹੈ।

ਪੰਜਾਬ ਮੇਲ USA

# ਬੁਰਜ ਖਲੀਫ਼ਾ ਦੁਬਈ: ਇੱਕ ਅਨੋਖਾ ਅਨੁਭਵ ਦੇ ਗਿਆ

## ਟੋਰਾਂਟੋ ਤੋਂ ਦੁਬਈ ਦੂਰ


ਅਨਿਲ ਧੀਰ
ਬਰੈਂਪਟਨ, ਕੈਨੇਡਾ
647-853-5800
ਪੰਜਾਬ ਮੇਲ USA






ਅੱਜ ਦੀ ਸ਼ਾਮ ਵਿਸ਼ਵ ਦੀ ਸਭ ਤੋਂ ਉੱਚੀ ਇਮਾਰਤ ਬੁਰਜ ਖਲੀਫਾ ਨੂੰ ਦੇਖਿਆ ਤੇ ਆਨੰਦ ਲਿਆ। ਜ਼ਿਆਦਾ ਰੱਸ਼ ਕਾਰਨ ਹੋਟਲ ਵਾਲਿਆਂ ਨੇ ਉੱਥੇ ਜਾਣ ਲਈ ਘੱਟ ਟਾਈਮ 'ਚ ਹੀ ਪ੍ਰਬੰਧ ਕਰ ਦਿੱਤਾ ਸੀ। ਸਹੀ ਕਿਹਾ ਗਿਆ ਹੈ ਕਿ ਦੁਬਈ ਜਾ ਕੇ ਜਿਸਨੇ ਬੁਰਜ ਖਲੀਫਾ ਟਾਵਰ ਨਹੀਂ ਦੇਖਿਆ, ਉਸਨੇ ਕੁੱਝ ਵੀ ਨਹੀਂ ਦੇਖਿਆ। ਦੱਸ ਹਿੱਸਿਆਂ ਦੀ ਯਾਤਰਾ, ਐਟ ਦ ਟਾਪ ਦ ਦੁਬਈ ਮਾਲ ਤੋਂ ਸ਼ੁਰੂ ਹੁੰਦੀ ਹੈ, ਜਿੱਥੇ ਟੂਰਿਸਟ ਬੁਰਜ ਖਲੀਫਾ ਦੇ 3-ਕੌਰ ਡਿਜ਼ਾਈਨ ਪ੍ਰੇਰਨਾ ਨੂੰ ਦਰਸਾਉਂਦੇ ਹੋਏ ਲੇਡ ਡਿਸਪਲੇ ਦੇ ਸਮਾਰਕ ਖੇਤਰਾਂ ਦੀ ਵਿਸ਼ੇਸ਼ਤਾ ਵਾਲੇ ਸ਼ਾਨਦਾਰ ਸਵਾਗਤ ਖੇਤਰ 'ਤੇ ਸਮਾਂਬੱਧ ਟਿਕਟਾਂ ਖਰੀਦ ਸਕਦੇ ਹਨ।

ਦੇਖਣ ਵਾਲਿਆਂ ਦੀ ਭੀੜ ਤੋਂ ਲੱਗ ਰਿਹਾ ਸੀ ਕਿ ਹਰ ਆਦਮੀ ਇਸ ਟਾਵਰ ਨੂੰ ਦੇਖ ਕੇ ਆਨੰਦ ਲੈਣ ਲਈ ਤਿਆਰ ਅਤੇ ਉੱਤਸੁਕ ਹੈ। ਇਹ ਇੱਕ ਵੱਖਰੇ ਹੀ ਕਿਸਮ ਦਾ ਅਨੁਭਵ ਹੈ।

ਬੁਰਜ ਖਲੀਫਾ, ਦੁਬਈ, ਸੰਯੁਕਤ ਅਰਬ ਅਮੀਰਾਤ 'ਚ ਮਿਸ਼ਰਤ-ਵਰਤੋਂ ਵਾਲੀ ਸਕਾਈਸਕ੍ਰੈਪਰ ਹੈ, ਜੋ ਕਿ ਦੁਨੀਆਂ ਦੀ ਸਭ ਤੋਂ ਉੱਚੀ ਇਮਾਰਤ ਹੈ। ਬੁਰਜ ਖਲੀਫਾ ਯਾਨਿ "ਖਲੀਫਾ ਟਾਵਰ", ਜਿਸਨੂੰ ਬੁਰਜ ਦੁਬਈ ਦੇ ਨਾਂ ਨਾਲ ਉਸਾਰੀ ਦੌਰਾਣ ਜਾਣਿਆ ਜਾਂਦਾ ਹੈ। ਇਸਨੂੰ ਅਧਿਕਾਰਤ ਤੌਰ 'ਤੇ ਆਬੂ ਧਾਬੀ ਦੇ ਗੁਆਂਡੀ ਅਮੀਰਾਤ ਦੇ ਨੇਤਾ, ਸ਼ੇਖ ਖਲੀਫਾ ਇਬਨ ਜ਼ਾਇਦ ਅਲ ਨਾਹਯਾਨ ਦੇ ਸਨਮਾਨ ਲਈ ਨਾਮ ਦਿੱਤਾ ਗਿਆ ਸੀ। ਹਾਲਾਂਕਿ ਟਾਵਰ ਨੂੰ ਰਸਮੀ ਤੌਰ 'ਤੇ 4 ਜਨਵਰੀ, 2010 ਵਾਲੇ ਦਿਨ ਖੋਲ੍ਹਿਆ ਗਿਆ ਸੀ, ਪਰ ਉਸ ਸਮੇਂ ਅੰਦਰ ਦਾ ਸਾਰਾ ਹਿੱਸਾ ਪੂਰਾ ਨਹੀਂ ਹੋਇਆ ਸੀ। ਕਈ ਕਿਸਮ ਦੇ ਵਪਾਰਕ, ਰਿਹਾਇਸ਼ੀ ਅਤੇ ਪਰਾਹੁਣਚਾਰੀ ਉੱਦਮਾਂ ਨੂੰ ਰੱਖਣ ਲਈ ਬਣਾਇਆ ਗਿਆ। ਇਹ ਟਾਵਰ, ਜਿਸਦੀ ਉਚਾਈ ਇਸ ਦੇ ਨਿਰਮਾਣ ਦੌਰਾਣ ਪੂਰੀ ਤਰ੍ਹਾਂ ਸੁਰੱਖਿਅਤ ਰਹੀ, 163 ਮੰਜ਼ਿਲਾਂ ਅਤੇ 2717 ਫੁੱਟ (828) ਮੀਟਰ ਦੀ ਉਚਾਈ 'ਤੇ ਪੂਰਾ ਹੋਇਆ। ਇਸਨੂੰ ਸ਼ਿਕਾਗੋ ਸਥਿਤ ਆਰਕੀਟੈਕਚਰਲ ਫਰਮ ਸਕਿਡਮੋਰ, ਓਵਿੰਗਜ਼ ਐਂਡ ਮੈਰਿਲ ਦੁਆਰਾ ਡਿਜ਼ਾਈਨ ਕੀਤਾ ਗਿਆ ਸੀ। ਐਰਡੀਅਨ ਸਮਿਥ ਨੇ ਆਰਕੀਟੈਕਟ ਵਜੋਂ ਸੇਵਾ ਕੀਤੀ ਅਤੇ ਵਿਲੀਅਮ ਐਫ ਬੇਕਰ ਨੇ ਇਸ ਇਮਾਰਤ ਲਈ ਢਾਂਚਾਗਤ ਇੰਜੀਨੀਅਰ ਵਜੋਂ ਸੇਵਾ ਕੀਤੀ। ਬ੍ਰਿਟੇਨਿਕਾ ਜਾਣਕਾਰੀ ਅਨੁਸਾਰ ਇਸ ਟਾਵਰ ਦੇ ਸਟਰੱਕਚਰ ਬਾਰੇ ਚਰਚਾ ਕਰ ਰਹੇ ਹਾਂ।

ਇਮਾਰਤ, ਯੋਜਨਾ 'ਚ ਮਾਡਿਊਲਰ, ਇੱਕ ਤਿੰਨ-ਲੋਬਡ ਪੈਰਾਂ ਦੇ ਨਿਸ਼ਾਨ 'ਤੇ ਰੱਖੀ ਗਈ, ਜੋ ਸਥਾਨਕ ਹਾਈਮੇਨੋਕਾਲਿਸ ਫੁੱਲ ਦੀ ਇੱਕ ਸੰਖੇਪ ਪੇਸ਼ਕਾਰੀ ਹੈ। ਵਾਈ-ਆਕਾਰ ਦੀ ਯੋਜਨਾ ਟਾਵਰ 'ਤੇ ਹਵਾ ਦੀਆਂ ਸ਼ਕਤੀਆਂ ਨੂੰ ਘਟਾਉਣ 'ਚ ਕੇਂਦਰੀ ਭੂਮਿਕਾ ਨਿਭਾਉਂਦੀ ਹੈ। ਇੱਕ ਹੈਕਸਾਗੋਨਲ ਕੇਂਦਰੀ ਕੌਰ ਨੂੰ ਖੰਭਾਂ ਦੀ ਇੱਕ ਲੜੀ ਦੁਆਰਾ ਦਬਾਇਆ ਜਾਂਦਾ ਹੈ। ਹਰੇਕ ਦੇ ਆਪਣੇ ਕੰਕਰੀਟ ਕੌਰ ਅਤੇ ਘੇਰੇ ਵਾਲੇ ਕਾਲਮ ਹੁੰਦੇ ਹਨ। ਜਿਵੇਂ ਕਿ ਟਾਵਰ ਦੀ ਉਚਾਈ ਵਧਦੀ ਹੈ, ਖੰਭ ਇੱਕ ਚੱਕਰੀ ਸਰੰਚਨਾ 'ਚ ਪਿੱਛੇ ਹਟਦੇ ਹਨ, ਹਰ ਟੀਅਰ 'ਤੇ ਇਮਾਰਤ ਦੀ ਸ਼ਕਲ ਨੂੰ ਬਦਲਦੇ ਹਨ ਅਤੇ ਇਸ ਤਰ੍ਹਾਂ ਇਮਾਰਤ 'ਤੇ ਹਵਾ ਦੇ ਪ੍ਰਭਾਵ ਨੂੰ ਘਟਾਉਂਦੇ ਹਨ। ਕੇਂਦਰੀ ਕੌਰ ਟਾਵਰ ਦੇ ਸ਼ਿਖਰ 'ਤੇ ਉੱਭਰਦਾ ਹੈ ਅਤੇ ਇੱਕ ਸਪੇਅਰ ਨਾਲ ਖਤਮ ਹੁੰਦਾ ਹੈ, ਜੋ ਕਿ 700 ਫੁੱਟ ਤੋਂ ਵੱਧ ਤੱਕ ਪਹੁੰਚਦਾ ਹੈ। ਟਾਵਰ ਦੇ ਅੰਦਰ ਸਪਾਇਅਰ ਬਣਾਇਆ ਗਿਆ ਸੀ ਅਤੇ ਇੱਕ ਹਾਈਡ੍ਰੌਲਿਕ ਪੰਪ ਦੀ ਵਰਤੋਂ ਕਰਕੇ ਇਸਦੀ ਅੰਤਮ ਸਥਿਤੀ ਤੱਕ ਲਹਿਰਾਇਆ ਗਿਆ ਸੀ। ਬੁਨਿਆਦ ਪੱਧਰ 'ਤੇ ਟਾਵਰ ਨੂੰ ਲਗਭਗ 13 ਫੁੱਟ ਮੋਟੀ ਇੱਕ ਮਜ਼ਬੂਤ ਕੰਕਰੀਟ ਮੈਟ ਦੁਆਰਾ ਸਮਰਥਿਤ ਕੀਤਾ ਗਿਆ, ਜੋ ਆਪਣੇ 'ਚ 5 ਫੁੱਟ ਵਿਆਸ 'ਚ ਕੰਕਰੀਟ ਦੇ ਢੇਰ ਦੁਆਰਾ ਸਮਰਥਤ ਹੈ। ਇੱਕ 3 ਮੰਜ਼ਿਲਾ ਪੋਡੀਅਮ ਟਾਵਰ ਨੂੰ ਜਗਾ "ਚ ਐਂਕਰ ਕਰਦਾ ਹੈ। ਇੱਕਲੇ ਪੋਡੀਅਮ ਅਤੇ 2 ਮੰਜ਼ਿਲਾ ਬੇਸਮੈਂਟ ਆਪਣੇ ਆਪ 'ਚ ਲਗਭਗ 186,00 ਵਰਗ ਮੀਟਰ ਨੂੰ ਮਾਪਦੇ ਹਨ। ਟਾਵਰ ਦੀ ਬਾਹਰੀ ਕਲੈਡਿੰਗ ਐਲੂਮੀਨੀਅਮ ਅਤੇ ਸਟੇਨਲੈੱਸ-ਸਟੀਲ ਪੈਨਲਾਂ, ਵਰਟੀਕਲ ਸਟੇਨਲੈੱਸ-ਸਟੀਲ ਟਿਊਬਲਰ ਫਿਨਸ ਅਤੇ 28,000 ਤੋਂ ਵੱਧ ਹੱਥਾਂ ਨਾਲ ਕੱਟੇ ਹੋਏ ਕੱਚ ਦੇ ਪੈਨਲਾਂ ਨਾਲ ਬਣੀ ਹੋਈ ਹੈ। ਇੱਕ ਜਨਤਕ ਨਿਰੀਖਣ ਡੇਕ, ਜਿਸਨੂੰ "ਟੌਪ" ਕਿਹਾ ਜਾਂਦਾ ਹੈ, 124ਵੀਂ ਮੰਜ਼ਿਲ 'ਤੇ ਸਥਿਤ ਹੈ। ਬੁਰਜ ਖਲੀਫਾ ਦੇ ਪੱਧਰ 148 'ਤੇ ਸਥਿਤ, ਇਹ ਸੈਲਾਨੀਆਂ ਨੂੰ ਬਾਹਰੀ ਛੱਤ ਤੋਂ ਸ਼ਹਿਰ ਅਤੇ ਇਸ ਤੇ ਇਸ ਤੋਂ ਬਾਹਰ ਦੇ ਬੇਮਿਸਾਲ ਦ੍ਰਿਸ਼ਾਂ ਦੀ ਪੇਸ਼ਕਸ਼ ਕਰਦਾ ਹੈ, ਅਤੇ ਇੱਕ ਪ੍ਰੀਮੀਅਮ ਲਾਉਂਜ ਦੀ ਵਿਸ਼ੇਸ਼ਤਾ ਹੈ। ਡੇਕ 'ਚ ਇੱਕ ਸੁੰਦਰ ਬਾਹਰੀ ਛੱਤ ਵੀ ਹੈ ਅਤੇ ਵਿਸ਼ਵ 'ਚ ਸਭ ਤੋਂ ਉੱਚੇ ਨਿਰੀਖਣ ਡੇਕ ਲਈ ਗਿੰਨੀਜ਼ ਵਿਸ਼ਵ ਰਿਕਾਰਡ ਹੈ।

- ਦਿਵਾਲੀ ਦੇ ਮੌਕੇ 'ਤੇ ਬੁਰਜ ਖਲੀਫਾ ਹੀ ਨਹੀਂ, ਪੂਰੇ ਦੁਬਈ ਨੂੰ ਰਾਜੇ-ਮਹਾਰਜਿਆਂ ਦੇ ਵਿਆਹ ਵਾਂਗ ਸਜਾਇਆ ਜਾਂਦਾ ਹੈ। ਰੰਗ-ਬਿਰੰਗੇ ਫਾਇਰ ਵਰਕਸ ਦੌਰਾਣ ਕਦੇ ਨਾ ਭੁੱਲਣ ਵਾਲਾ ਨਜ਼ਾਰਾ ਦੇਖਣ ਯੋਗ ਹੁੰਦਾ ਹੈ।
- ਦੱਸ ਮੀਟਰ ਪ੍ਰਤੀ ਸਕਿੰਟ ਦੀ ਰਫਤਾਰ ਨਾਲ ਸਫਰ ਕਰਦੇ ਹੋਏ, ਲੈਵਲ 124 ਤੱਕ ਦੇ ਸਫਰ ਨੂੰ ਲਗਭਗ 60 ਸਕਿੰਟ ਦਾ ਸਮਾਂ ਹੀ ਲੱਗਿਆ।
- ਵਿਸ਼ਵ ਦੇ ਸਭ ਤੋਂ ਉੱਚੇ ਰੈਸਟੋਰੇਂਟ ਦੀ ਕਲਪਨਾ ਦੁਨੀਆਂ ਦੇ ਸਭ ਤੋਂ ਵਧੀਆ ਲਗਜ਼ਰੀ ਡਾਇਨਿੰਗ ਅਤੇ ਲਾਉਂਜ ਅਨੁਭਵਾਂ ਵਿਚੋਂ ਇੱਕ ਹੈ, ਅਤੇ ਟਾਵਰ ਦੇ ਆਬਜ਼ਰਵੇਟਰੀ ਡੇਕ ਬੁਰਜ ਖਲੀਫਾ ਤੋਂ ਸਿਰਫ 2 ਲੈਵਲ ਹੇਠਾਂ ਹੈ। ਵਧੀਆ ਖਾਣੇ ਦੇ ਮਾਹਰਾਂ ਤੋਂ ਲਾਉਂਜ ਪ੍ਰੇਮੀਆਂ ਨੂੰ ਖਾਣਾ, ਜੋ ਸਾਰੇ ਐਪੀਕਿਉਰੀਅਨਾਂ ਨੂੰ ਆਕਰਸ਼ਿਤ ਕਰਦਾ ਹੈ।
- ਨਿਵਾਸੀਆਂ ਅਤੇ ਸੈਲਾਨੀਆਂ ਲਈ ਬੁਰਜ ਖਲੀਫਾ ਕੋਲ 2 ਬੇਸਮੈਂਟ ਪੱਧਰਾਂ 'ਤੇ 3,000 ਕਾਰਾਂ ਲਈ ਪਾਰਕਿੰਗ ਵੀ ਹੈ।
- ਰਾਤ ਦੇ ਸਮੇਂ ਬੁਰਜ ਖਲੀਫਾ ਸ਼ਾਨਦਾਰ ਲਾਈਟ ਨਾਲ ਜ਼ਿੰਦਾ ਹੁੰਦਾ ਹੈ। ਇਸ ਦੇ ਬਾਹਰਲੇ ਹਿੱਸੇ ਨੂੰ ਰੰਗੀਨ ਲੇਡ ਲਾਈਟਾਂ ਨਾਲ ਸਜਾਇਆ ਗਿਆ ਹੈ, ਜੋ ਮਨਮੋਹਕ ਡਿਸਪਲੇ ਬਣਾਉਂਦੇ ਹਨ। ਲਾਈਟਾਂ ਬਦਲਦੀਆਂ ਹਨ ਅਤੇ ਸੰਗੀਤ 'ਚ ਨੱਚਦੀਆਂ ਹਨ, ਜੋ ਇਮਾਰਤ ਨੂੰ ਕਲਾ ਦੇ ਚਮਕਦਾਰ ਸ਼ੋਅ 'ਚ ਬਦਲ ਦਿੰਦੀਆਂ ਹਨ।
- ਬੁਰਜ ਖਲੀਫਾ ਨੂੰ ਕਈ ਬਲਾਕਬਸਟਰ ਫਿਲਮਾਂ 'ਚ ਇੱਕ ਮਸ਼ਹੂਰ ਸੈਲੀਬ੍ਰਿਟੀ ਦੇ ਤੌਰ 'ਤੇ ਦਿਖਾਇਆ ਗਿਆ ਹੈ। ਤੁਸੀਂ ਇਸਨੂੰ "ਮਿਸ਼ਨ ਅਸੰਭਵ-ਘੋਸਟ ਪ੍ਰੋਟੋਕੋਲ" ਅਤੇ "ਫਾਸਟ ਐਂਡ ਫਿਊਰੀਅਸ 7" ਵਰਗੀਆਂ ਫਿਲਮਾਂ ਤੋਂ ਪਛਾਣ ਸਕਦੇ ਹਾਂ। ਇਹ ਫਿਲਮਾਂ ਬੁਰਜ ਖਲੀਫਾ ਦੀ ਸ਼ਾਨ ਨੂੰ ਅਬਲ ਦਰਸਾਉਂਦੀਆਂ ਹਨ, ਜੋ ਵੱਡੀ ਸਕਰੀਨ 'ਤੇ ਹਰ ਆਦਮੀ ਦੇ ਦਿਲ ਨੂੰ ਛੂਹ ਲੈਣ ਨਾਲ ਇੱਕ ਐਕਸਾਈਟਮੈਂਟ ਦਾ ਕੰਮ ਵੀ ਕਰਦੀ ਹੈ। ਬੁਰਜ ਖਲੀਫਾ ਦੁਬਈ 'ਚ ਸਮਾਂ ਬਿਤਾ ਕੇ ਕਦੇ ਨਾ ਭੁੱਲਣ ਵਾਲਾ ਅਨੁਭਵ ਹਮੇਸ਼ਾ ਰਹੇਗਾ।








# ਤ੍ਰਿਲੋਕ ਢਿੱਲੋਂ ਦੀ ਪੁਸਤਕ 'ਤਰੀ ਵਾਲੇ ਕਰੇਲੇ' ਵਿਅੰਗ ਦੀ ਤਿੱਖੀ ਚੋਭ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਤ੍ਰਿਲੋਕ ਢਿੱਲੋਂ ਬਹੁ-ਵਿਧਾਵੀ ਸਾਹਿਤਕਾਰ ਹੈ। ਉਸ ਦੀਆਂ ਹੁਣ ਤੱਕ 8 ਕਵਿਤਾ, ਨਾਟਕ ਅਤੇ ਵਾਰਤਕ ਦੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਇਨ੍ਹਾਂ ਪੁਸਤਕਾਂ ਵਿਚ ਦੋ ਸੰਪਾਦਿਤ ਕਾਵਿ ਸੰਗ੍ਰਹਿ ਵੀ ਸ਼ਾਮਲ ਹਨ। 'ਤਰੀ ਵਾਲੇ ਕਰੇਲੇ' ਉਸਦਾ 9ਵਾਂ ਹਾਸ ਵਿਅੰਗ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚ ਵੱਖ-ਵੱਖ ਵਿਸ਼ਿਆਂ 'ਤੇ 19 ਲੇਖ ਹਨ। ਇਨ੍ਹਾਂ ਲੇਖਾਂ ਵਿਚ ਲੇਖਕ ਨੇ ਬਹੁ ਗਿਣਤੀ ਲੋਕਾਂ ਦੀ ਫਿਤਰਤ ਦੀ ਤਸਵੀਰ ਤਿੱਖੀਆਂ ਚੋਭਾਂ ਲਾ ਕੇ ਖਿੱਚ ਦਿੱਤੀ ਹੈ। ਇਸ ਤੋਂ ਇਲਾਵਾ 12 ਕਾਵਿ ਛੁਰਲੀਆਂ ਹਨ, ਜਿਨ੍ਹਾਂ ਦੀ ਚੋਭ ਲੇਖਾਂ ਨਾਲੋਂ ਜ਼ਿਆਦਾ ਤਿੱਖੀ ਹੈ। ਲੇਖ ਪੜ੍ਹਨ ਲਈ ਦਿਲਚਸਪੀ ਬਰਕਰਾਰ ਰਹਿੰਦੀ ਹੈ। ਇਹ ਸਾਰੇ ਲੇਖ ਅਤੇ ਕਾਵਿ ਛੁਰਲੀਆਂ ਮਨੁੱਖੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੀਆਂ ਹਨ। ਕੁਝ ਇਨਸਾਨਾ ਵਿਚ ਸਮਾਜਿਕ ਬ੍ਰਿਤੀ ਨੂੰ ਸਮਝਣ ਅਤੇ ਉਸ ਦੀਆਂ ਪ੍ਰਤੀਕ੍ਰਿਆਵਾਂ ਲੋਕਾਂ ਤੱਕ ਪਹੁੰਚਾਉਣ ਦੀ ਸਮਰੱਥਾ ਹੁੰਦੀ ਹੈ। ਲੇਖਕ ਵਿਚ ਵੀ ਇਹ ਪ੍ਰਵਿਰਤੀ ਬਾਕਮਾਲ ਹੈ, ਜਿਹੜਾ ਲੋਕਾਈ ਦੇ ਮਨਾਂ ਨੂੰ ਹਾਸ ਵਿਅੰਗ ਰਾਹੀਂ ਮਾਨਸਿਕ ਖ਼ੁਰਾਕ ਦਿੰਦਾ ਰਹਿੰਦਾ ਹੈ। ਹਾਸਾ ਠੱਠਾ ਵੀ ਮਾਨਸਿਕ ਖ਼ੁਰਾਕ ਦਾ ਹਿੱਸਾ ਹੁੰਦੇ ਹਨ। ਸਮਾਜਿਕ ਗੰਭੀਰ ਮਸਲਿਆਂ ਨੂੰ ਹਾਸ ਵਿਅੰਗ ਰਾਹੀਂ ਲੋਕਾਂ ਦੀ ਕਚਹਿਰੀ ਵਿਚ ਰੱਖਿਆ ਹੈ। ਸਮਾਜਿਕ ਤਾਣੇ-ਬਾਣੇ ਵਿਚ ਬਹੁਤ ਸਾਰੀਆਂ ਘਾਟਾਂ/ਵਿਸੰਗਤੀਆਂ ਹਨ, ਜਿਨ੍ਹਾਂ ਬਾਰੇ ਲੇਖਕ ਨੇ ਦਰਸਾਇਆ ਹੈ ਕਿ ਖ਼ੁਸ਼ਾਮਦੀ ਲੋਕ ਇਨ੍ਹਾਂ ਘਾਟਾਂ/ਵਿਸੰਗਤੀਆਂ ਦਾ ਆਪਣੀ ਤਕਨੀਕ ਨਾਲ ਲਾਭ ਉਠਾਉਂਦੇ ਹਨ। ਚਾਪਲੂਸ ਲੋਕ ਢੀਠ ਕਿਸਮ ਦੇ ਹੁੰਦੇ ਹਨ, ਇਨ੍ਹਾਂ ਲੋਕਾਂ ਬਾਰੇ ਵੀ ਬਾਰੀਕੀ ਨਾਲ ਜਾਣਕਾਰੀ ਦਿੱਤੀ ਹੈ। ਲੋਕ ਕਹਿੰਦੇ ਕੁਝ ਅਤੇ ਅਮਲੀ ਰੂਪ ਵਿਚ ਕੁਝ ਹੋਰ ਕਰਦੇ ਹਨ। ਭਾਵ ਉਹ ਮਖੌਟੇ ਪਾ ਕੇ ਦੋਗਲੇ ਕਿਰਦਾਰ ਨਿਭਾਉਂਦੇ ਹਨ। ਅਸਲ ਵਿਚ ਅਜਿਹੇ ਲੋਕਾਂ ਦਾ ਕੋਈ ਕਿਰਦਾਰ ਹੀ ਨਹੀਂ ਹੁੰਦਾ। ਤ੍ਰਿਲੋਕ ਢਿੱਲੋਂ ਨੇ ਇਸ ਲੇਖ ਸੰਗ੍ਰਹਿ ਵਿਚ ਦੱਸਿਆ ਹੈ ਕਿ ਅਜਿਹੇ ਲੋਕ ਆਪਣੇ ਕੰਮ ਕੱਢਣ ਲਈ ਚਮਚਾਗਿਰੀ/ਖ਼ੁਸ਼ਾਮਦੀ ਦਾ ਸਹਾਰਾ ਲੈਂਦੇ ਹਨ। ਭਾਵ ਉਹ ਸਹੀ ਕੰਮ ਨਹੀਂ ਕਰਦੇ ਜਾਂ ਇਉਂ ਕਹਿ ਲਵੋ ਕਿ ਉਨ੍ਹਾਂ ਦੀ ਸਹੀ ਕੰਮ ਕਰਨ ਤੇ ਸੱਚ ਦੇ ਮਾਰਗ 'ਤੇ ਪਹਿਰਾ ਦੇਣ ਦੀ ਫਿਤਰਤ ਤੇ ਯੋਗਤਾ ਨਹੀਂ ਹੁੰਦੀ, ਫਿਰ ਉਹ ਅਜਿਹੀਆਂ ਕਰਤੂਤਾਂ ਕਰਕੇ ਆਪਣਾ ਮਕਸਦ ਪੂਰਾ ਕਰ ਲੈਂਦੇ ਹਨ। ਤ੍ਰਿਲੋਕ ਢਿੱਲੋਂ ਅਨੁਸਾਰ ਚਮਚਾਗਿਰੀ/ਖ਼ੁਸ਼ਾਮਦੀ ਕਰਨ ਅਤੇ ਕਰਵਾਉਣ ਵਾਲੇ ਦੋਵੇਂ ਹੀ ਨੈਤਿਕਤਾ ਤੋਂ ਕੋਰੇ ਹੁੰਦੇ ਹਨ। ਖ਼ੁਦਗਰਜ਼ੀ ਇਨ੍ਹਾਂ ਲੋਕਾਂ ਵਿਚ ਭਾਰੂ ਹੁੰਦੀ ਹੈ। ਇਨ੍ਹਾਂ ਲੇਖਾਂ ਤੇ ਛੁਰਲੀਆਂ ਵਿਚ ਮੁੱਖ ਤੌਰ 'ਤੇ ਲੇਖਕ ਨੇ ਸਿਆਸਤਦਾਨਾਂ ਅਤੇ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਨੂੰ ਲਿਆ ਹੈ। ਵੈਸੇ ਸਮਾਜ ਦੇ ਹਰ ਵਰਗ ਵਿਚ ਅਜਿਹੇ ਕਿਰਦਾਰਾਂ ਦੀ ਭਰਮਾਰ ਹੁੰਦੀ ਹੈ। ਤਰੀ ਵਾਲੇ ਕਰੇਲਿਆਂ ਦਾ ਅਰਥ ਹੀ ਇਹੋ ਹੈ ਕਿ ਜਿਹੜੀ ਗੱਲ ਹੋ ਹੀ ਨਹੀਂ ਸਕਦੀ, ਉਹੀ ਗੱਲਾਂ ਦਾ ਕੜਾਹ ਬਣਾਕੇ ਸਿਆਸਤਦਾਨ ਤੇ ਹੋਰ ਲੋਕ ਪ੍ਰੋਸਦੇ ਹਨ। ਦਫ਼ਤਰਾਂ ਵਿਚ ਮੌਕੇ ਦੇ ਅਧਿਕਾਰੀ ਚਾਪਲੂਸ ਕਰਮਚਾਰੀਆਂ ਦੀਆਂ ਰਿਪੋਰਟਾਂ ਠੀਕ ਕਰਕੇ ਅਤੇ ਯੋਗ ਮੁਲਾਜ਼ਮਾਂ ਨੂੰ ਅਣਡਿੱਠ ਕਰਕੇ ਤਰੱਕੀਆਂ ਦੇ ਦਿੰਦੇ ਹਨ। ਵੈਸੇ ਸਮਾਜ ਦੇ ਹਰ ਖੇਤਰ ਵਿਚ ਤਰੀ ਵਾਲੇ ਕਰੇਲੇ ਭਾਵ ਚਮਚਾਗਿਰੀ/ਖ਼ੁਸ਼ਾਮਦੀ ਕਰਕੇ ਕੰਮ ਕਢਵਾਏ ਜਾਂਦੇ ਹਨ। ਤ੍ਰਿਲੋਕ ਢਿੱਲੋਂ ਨੇ ਹਰ ਖੇਤਰ ਦੇ ਲੋਕਾਂ ਦੇ ਕਿਰਦਾਰਾਂ ਦਾ ਪਰਦਾਫਾਸ਼ ਕੀਤਾ ਹੈ। ਤ੍ਰਿਲੋਕ ਢਿੱਲੋਂ ਕਿਉਂਕਿ ਸਾਰੀ ਉਮਰ ਬੈਂਕ ਦੀ ਨੌਕਰੀ ਕਰਦਾ ਰਿਹਾ ਹੈ ਅਤੇ ਨੌਕਰੀ ਦੌਰਾਨ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਬਿਰਤੀਆਂ ਵਾਲੇ ਲੋਕਾਂ ਨਾਲ ਵਾਹ ਪੈਂਦਾ ਰਿਹਾ ਹੈ। ਇਸ ਲਈ ਉਸਨੇ ਆਪਣੇ ਇਸ ਤਜ਼ਰਬੇ ਦੇ ਆਧਾਰ 'ਤੇ ਅਜਿਹੇ ਚਮਚਾਗਿਰੀ/ਖ਼ੁਸ਼ਾਮਦੀ ਲੋਕਾਂ ਦੀਆਂ ਰੁਚੀਆਂ ਦਾ ਪਰਦਾਫਾਸ਼ ਕੀਤਾ ਹੈ। ਅਜਿਹੇ ਲੋਕ ਕਿਹੜੇ ਢੰਗ ਵਰਤਕੇ ਆਪਣੇ ਫਾਇਦੇ ਕੱਢਦੇ ਹਨ, ਉਨ੍ਹਾਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ ਹੈ। 'ਬੂਰ ਦੇ ਲੱਡੂ' ਭਾਵ ਵਿਆਹ ਦੀ ਸੰਸਥਾ ਬਾਰੇ ਵਿਅੰਗ ਕਰਦਿਆਂ ਛੜੇ ਅਤੇ ਵਿਆਹੇ ਲੋਕਾਂ ਦੀ ਖ਼ੁਹਾਇਸ਼ਾਂ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਵਰਤੇ ਜਾਂਦੇ ਹੱਥ ਕੰਡਿਆਂ ਦੀਆਂ ਚੋਭਾਂ ਦੇ ਖ਼ੁਸ਼ਨੁਮਾ/ਦਰਦਨੁਮਾ ਪ੍ਰਭਾਵ ਦਰਸਾਏ ਹਨ। ਇਸ ਲੇਖ ਵਿਚ ਤ੍ਰਿਲੋਕ ਢਿੱਲੋਂ ਇਸਤਰੀ ਜਾਤੀ ਨਾਲ ਥੋੜ੍ਹੀ ਜ਼ਿਆਦਤੀ ਕਰ ਗਿਆ ਲੱਗਦਾ ਹੈ। ਮਰਦ ਵੀ ਕਿਸੇ ਗੱਲੋਂ ਘੱਟ ਨਹੀਂ ਹੁੰਦੇ, ਉਹ ਵੀ ਔਰਤ ਉਪਰ ਆਪਣੀ ਤੜੀ ਰੱਖਦੇ ਹਨ। ਲੇਖਕ ਅਨੁਸਾਰ ਘਰ ਵਿਚ ਸ਼ਾਂਤਮਈ ਮਾਹੌਲ ਸਿਰਜਣ ਵਿਚ ਸਿਰਫ ਤੇ ਸਿਰਫ ਔਰਤ ਹੀ ਹੁੰਦੀ ਹੈ। ਤਰੀ ਵਾਲੇ ਕਰੇਲੇ ਹਰ ਖੇਤਰ ਵਿਚ ਮੋਹਰੀ ਦੀ ਭੂਮਿਕਾ ਨਿਭਾਉਂਦੇ ਹਨ। ਆਲਸੀ, ਘੋਗੀ, ਦਲਿਦਰੀ, ਘੌਲੀ, ਲੇਖਕਾਂ, ਕਵੀਆਂ ਦੀਆਂ ਇਨ੍ਹਾਂ ਗੱਲਾਂ ਨੂੰ ਵੀ ਆੜੇ ਹੱਥੀਂ ਲੈਂਦਿਆਂ ਕਟਾਕਸ਼ ਕੀਤੇ ਹਨ। ਤੱਤਾ ਪਾਣੀ ਬਨਾਮ ਚਾਹ ਵਿਚ ਵੀ ਕੰਮ ਕਢਾਉਣ ਲਈ ਬਿਨਾਂ ਲੋੜ ਤੋਂ ਹੀ ਚਾਹ ਪਿਲਾਈ ਜਾਂਦੀ ਹੈ। ਇਸੇ ਤਰ੍ਹਾਂ 'ਬੋਲਚਾਲ ਦਾ ਹੁਨਰ ਬਨਾਮ ਭੌਂਕਣ ਕਲਾ' ਹੈ, ਜਿਸ ਰਾਹੀਂ ਲੋਕ ਆਪਣਾ ਮਕਸਦ ਪੂਰਾ ਕਰਨ ਵਿਚ ਸਫ਼ਲ ਹੋ ਜਾਂਦੇ ਹਨ। ਕਾਵਿ ਛੁਰਲੀ ਚੌਥੀ ਵਿਚ ਪਾਲਤੂ ਕੁੱਤਾ ਲਿਆਉਣ ਲਈ ਕਹਿਣ ਤੇ ਪਤਨੀ ਪਤੀ 'ਤੇ ਵਿਅੰਗ ਕਸਦੀ ਕਹਿੰਦੀ ਹੈ:

ਪਤਨੀ ਬੋਲੀ! ਰਹਿਣ ਦਿਓ, ਕਿਉਂ ਮੈਨੂੰ ਜੇ ਬਿਪਤਾ ਪਾਂਦੇ,

ਇੱਕ ਹੀ ਬਥੇਰਾ! ਮੈਥੋਂ ਦੋ ਦੋ ਨਹੀਂ ਸਾਂਭੇ ਜਾਂਦੇ।

'ਨੀਂਹ ਪੱਥਰਾਂ' ਸੰਬੰਧੀ ਲਿਖਦਿਆਂ ਲੇਖਕ ਨੇ ਦੱਸਿਆ ਹੈ ਕਿ ਚੋਣਾਂ ਤੋਂ ਪਹਿਲਾਂ ਰੱਖੇ ਨੀਂਹ ਪੱਥਰ ਲੋਕਾਂ ਨੂੰ ਚਿੜ੍ਹਾਉਂਦੇ ਰਹਿੰਦੇ ਹਨ। ਏਸੇ ਤਰ੍ਹਾਂ 'ਲੋਕ ਕੀ ਆਖਣਗੇ' ਲੇਖ ਵਿਚ ਫੋਕੀ ਟੌਹਰ ਦੀਆਂ ਟਾਹਰਾਂ ਦੇ ਪਾਜ ਉਘਾੜੇ ਹਨ। ਜਿਉਂਦਿਆਂ ਪੁੱਛਦੇ ਨਹੀਂ, ਮਰਿਆਂ 'ਤੇ ਵੱਡਾ ਕਰਨ ਵਿਚ ਮਾਣ ਮਹਿਸੂਸ ਕਰਦੇ ਹਨ। ਸ਼ਰਧਾਂਜ਼ਲੀਆਂ ਢੌਂਗ ਬਣ ਗਈਆਂ ਹਨ। ਕਰੋਨਾ ਦੇ ਕੀੜੇ ਦੀਆਂ ਪਾਬੰਦੀਆਂ ਨੇ ਲੋਕਾਂ ਦਾ ਜੀਣਾ ਦੁੱਭਰ ਕਰ ਦਿੱਤਾ, ਉਥੇ ਮਰੀਜ਼ਾਂ ਨਾਲ ਜ਼ੋਰ ਜ਼ਬਰਦਸਤੀ ਦੀਆਂ ਘਟਨਾਵਾਂ ਨੇ ਲੋਕਾਈ ਦੀ ਬਸ ਕਰਵਾ ਦਿੱਤੀ। ਬਿਨਾ ਵਜ੍ਹਾ ਹੀ ਐਕਸ਼ਨ ਲਏ ਗਏ, ਜਾਨ ਬਚਾਉਣ ਦੇ ਲਾਲੇ ਪੈ ਗਏ। ਮੋਬਾਈਲ ਤੇ ਸ਼ੋਸ਼ਲ ਮੀਡੀਆ ਨੇ ਕਵੀਆਂ ਦੀ ਇੱਜ਼ਤ ਰੱਖ ਲਈ। ਕਾਵਿ ਪੁਸਤਕਾਂ ਦੀ ਛਪਾਈ ਤੇ ਘੁੰਡ ਚੁਕਾਈ ਦੇ ਨਾਮ 'ਤੇ ਕਵੀਆਂ ਦੀ ਝੰਡ ਲਾਹ ਦਿੱਤੀ। ਵਿਆਹਾਂ ਸ਼ਾਦੀਆਂ ਵਿਚ ਬਾਬਿਆਂ ਦੀ ਬੁੱਕਤ, ਬੁਢਾਪੇ ਦੀਆਂ ਸਮੱਸਿਆਵਾਂ, ਘਰਾਂ ਦਾ ਕਾਟੋ-ਕਲੇਸ਼ ਮਾਡਲ ਸਕੂਲਾਂ ਦੇ ਡਰਾਮੇ, ਹੌਲੀਆਂ ਉਮਰਾਂ ਭਾਰੇ ਬਸਤਿਆਂ ਨੂੰ ਅਫ਼ਰੇਮਾ ਅਤੇ ਬਿਰਧ ਆਸ਼ਰਮਾਂ ਬਾਰੇ ਵੀ ਚਟਕਾਰੇ ਲਾਏ ਹਨ। 'ਗਾਹਕ ਸੇਵਾ ਲਈ ਅਹਿਮ ਨੁਕਤੇ' ਵਿਚ ਕੁਝ ਲੋਕ ਗਾਹਕਾਂ ਰੱਬ ਸਮਝਦੇ ਹਨ ਪ੍ਰੰਤੂ ਕੁਝ ਗੁਮਰਾਹ ਕਰਦੇ ਹਨ। 'ਸ਼ੱਕ ਦਾ ਭੂਤ' ਵਿਚ ਸਮਾਜਿਕ ਤਾਣੇ-ਬਾਣੇ ਵਿਚ ਸ਼ੱਕ ਨਾਲ ਹੋ ਰਹੇ ਸਮਾਜਿਕ ਸੰਬੰਧਾਂ ਦੇ ਨੁਕਸਾਨ ਦਾ ਬਿਰਤਾਂਤ ਦਿੱਤਾ ਗਿਆ ਹੈ। ਸ਼ੱਕ ਵਿਚ ਕਈ ਅਣਸੁਖਾਵੀਆਂ ਗੱਲਾਂ ਵੀ ਹੋ ਜਾਂਦੀਆਂ ਹਨ। ਡੇਰਿਆਂ ਅਤੇ ਹੋਰ ਕਿਸਮ ਦੇ ਭ੍ਰਿਸ਼ਟਾਚਾਰ ਨੇ ਨਸ਼ਿਆਂ ਦੀ ਲੱਤ ਪਾਉਣ ਵਿਚ ਵੱਡਾ ਯੋਗਦਾਨ ਪਾਇਆ ਹੈ। ਇਨ੍ਹਾਂ ਸਾਰੀਆਂ ਗੱਲਾਂ ਬਾਰੇ ਲੇਖਕ ਨੇ ਬਾਰੀਕੀ ਨਾਲ ਜਾਣਕਾਰੀ ਦੇ ਕੇ ਵਿਅੰਗ ਦੇ ਤੀਰ ਚਲਾਏ ਹਨ। 'ਚਸਕਾ ਮੋਬਾਈਲ ਦਾ' ਵਰਤਮਾਨ ਸਮਾਜਿਕ ਸੰਬੰਧਾਂ ਵਿਚ ਤਰੇੜਾਂ ਪਾ ਰਿਹਾ ਹੈ। ਮੋਬਾਈਲ ਸੰਬੰਧੀ ਕਵਿਤਾ ਰਾਹੀਂ ਇੱਕ ਉਦਾਹਰਣ ਦਿੱਤੀ ਹੈ:

ਮੋਬਾਈਲ ਕੁੱਤਾ ਤੇ ਜਨਾਨੀ, ਤਿੰਨੇ ਐਕਸੀਡੈਂਟ ਦੀ ਨਿਸ਼ਾਨੀ।

ਇਹ ਤੁਕ ਵਾਜਬ ਨਹੀਂ ਲਗਦੀ ਕਿਉਂਕਿ ਲੇਖਕ ਨੇ ਇਸਤਰੀ ਜਾਤੀ ਨਾਲ ਜ਼ਿਆਦਤੀ ਕੀਤੀ ਹੈ। ਇਸਤਰੀ ਤਾਂ ਸਿਰਜਣ ਦੀ ਪ੍ਰਤੀਕ ਹੈ।

ਲੇਖਕ ਨੇ ਲੇਖਾਂ ਦੇ ਸੰਗ੍ਰਹਿ ਨੂੰ 'ਤਰੀ ਵਾਲੇ ਕਰੇਲੇ ਹਾਸ ਵਿਅੰਗ ਸੰਗ੍ਰਹਿ' ਦਾ ਨਾਂ ਦਿੱਤਾ ਹੈ ਪ੍ਰੰਤੂ ਕਈ ਲੇਖ ਵਧੀਆ ਵਾਰਤਕ ਦਾ ਹੀ ਨਮੂਨਾ ਕਹੇ ਜਾ ਸਕਦੇ ਹਨ, ਉਨ੍ਹਾਂ ਵਿਚ ਹਾਸ ਵਿਅੰਗ ਨਾ ਮਾਤਰ ਹੀ ਹੈ। ਮੇਰੇ ਅਨੁਸਾਰ ਲੇਖਕ ਕਵਿਤਾ ਵਧੀਆ ਲਿਖ ਸਕਦਾ ਹੈ। ਭਵਿਖ ਵਿਚ ਤ੍ਰਿਲੋਕ ਢਿੱਲੋਂ ਤੋਂ ਤਿੱਖੇ ਵਿਅੰਗ ਵਾਲੀ ਪੁਸਤਕ ਦੀ ਉਮੀਦ ਕੀਤੀ ਜਾ ਸਕਦੀ ਹੈ।

99 ਪੰਨਿਆਂ, 250 ਰੁਪਏ ਕੀਮਤ ਵਾਲਾ ਹਾਸ ਵਿਅੰਗ ਸੰਗ੍ਰਹਿ ਟਰੂ ਸਪੈਰੋ ਪਬਲਿਸ਼ਰਜ ਨੇ ਪ੍ਰਕਾਸ਼ਤ ਕੀਤਾ ਹੈ।




# ਪੁਸਤਕ ਸਮੀਖਿਆ

-ਪਰਮਜੀਤ ਸਿੰਘ ਬਾਗੜੀਆ
98147- 65705
ਪੰਜਾਬ ਮੇਲ USA




**ਨਾਮ ਕਿਤਾਬ : ਆਜ਼ਾਦੀ ਦੇ ਓਹਲੇ**
**ਸਫ਼ੇ:144**
**ਕੀਮਤ: 250 ਰੁਪਏ**
**ਛਾਪਕ: ਪੰਜਨਦ ਪ੍ਰਕਾਸ਼ਨ ਲਾਂਬੜਾ, ਜਲੰਧਰ**
**ਲੇਖਕ ਅਤੇ ਸੰਪਾਦਕ: ਸਤਵੀਰ ਸਿੰਘ ਚਾਨੀਆਂ**
**ਸੰਪਰਕ: 92569-73526**

ਇਤਿਹਾਸ ਲਿਖਣਾ ਅਤੇ ਸਾਂਭਣਾ ਔਖੇ ਕਾਰਜ਼ ਹਨ। ਇਸ ਕਿਤਾਬ ਦੇ ਲੇਖਕ ਸਤਵੀਰ ਸਿੰਘ ਚਾਨੀਆਂ ਹੋਰਾਂ ਆਪਣੀ ਪਠੇਲੀ ਕਿਤਾਬ '1947 ਹਿਜਰਤਨਾਮਾ' ਉਪਰੰਤ 'ਆਜਾਦੀ ਦੇ ਓਹਲੇ' ਦੇ ਰੂਪ 'ਚ ਦੂਜੀ ਕਿਰਤ ਪਾਠਕਾਂ ਦੀ ਕਚਹਿਰੀ ਵਿਚ ਪੇਸ਼ ਕੀਤੀ ਹੈ। 1947 ਹੱਲਿਆਂ ਵੇਲੇ ਕਈਆਂ ਨੂੰ ਹਿੰਦੋਸਤਾਨੀ ਤੇ ਕਈਆਂ ਨੂੰ ਪਾਕਿਸਤਾਨੀਆਂ ਦੇ ਨਾਮ ਪੁਰ ਉਜੜਣਾ ਪਿਆ। ਇਸ ਗੱਲ ਦਾ ਹਮੇਸ਼ ਹੀ ਅਫ਼ਸੋਸ ਰਹੇਗਾ ਕਿ ਪੰਜਾਬੀਆਂ-ਬੰਗਾਲੀਆਂ ਨੇ ਦੇਸ਼ ਆਜ਼ਾਦੀ ਹਿੱਤ ਨੱਬੇ ਫ਼ੀਸਦੀ ਕੁਰਬਾਨੀ ਦਿੱਤੀ। ਦੋਹੇਂ ਸੂਬੇ ਵੰਡੇ ਗਏ, ਦੇਸ਼ ਦੇ ਕੁੱਲ ਜਾਨੀ-ਮਾਲੀ ਨੁਕਸਾਨ ਦਾ ਨੱਬੇ ਫ਼ੀਸਦੀ ਹਰਜਾ ਵੀ ਇਨ੍ਹਾਂ ਦੋਹਾਂ ਸੂਬਿਆਂ ਭੁਗਤਿਆ। ਜਿੱਥੇ ਲੱਖਾਂ ਧਰਮ ਦੇ ਨਾਮ ਪੁਰ ਮਾਰੇ ਗਏ, ਲੱਖਾਂ ਹੜ੍ਹਾਂ ਅਤੇ ਵਬਾ ਦੀ ਭੇਟ ਚੜ੍ਹ ਗਏ, ਉਥੇ ਔਰਤ ਜ਼ਾਤ ਦੀ ਬੇਪਤੀ ਬਿਆਨ ਤੋਂ ਬਾਹਰੀ ਹੈ। ਮਾਨੋਂ ਉਨ੍ਹਾਂ ਦੀਆਂ ਲਾਸ਼ਾਂ ਉਪਰ ਹੀ ਅੱਜ ਦੇ ਆਜ਼ਾਦ ਭਾਰਤ ਦੀ ਬੁਨਿਆਦ ਖੜੀ ਏ। ਅਜਿਹੇ ਪੀੜਤ ਪ੍ਰਤੱਖ ਜ਼ਿੰਦਾ ਗਵਾਹ ਜੋ ਉਸ ਸਮੇਂ ਆਪਣੀ ਬਾਲ ਉਮਰੇ ਸਨ, ਅੱਜ ਵੀ ਟਾਂਵੇ-ਟਾਂਵੇ ਮਿਲ ਜਾਂਦੇ ਹਨ। ਸੋ ਇਸ ਕਿਤਾਬ ਵਿਚ ਲੇਖਿਕ ਵਲੋਂ ਦਰਜ ਕੁੱਲ ਵੀਹ ਕਹਾਣੀਆਂ/ਮੁਲਾਕਾਤਾਂ ਉਨ੍ਹਾਂ ਪੀੜਤਾਂ ਦੀ ਆਪਣੀ ਦਰਦ ਬਿਆਨੀ ਹੈ, ਜਿਨ੍ਹਾਂ ਸੰਤਾਲੀ ਦਾ ਸੰਤਾਪ ਆਪਣੇ ਪਿੰਡੇ 'ਤੇ ਹੰਢਾਇਆ। ਕਈ ਮਾਰੇ ਗਏ, ਕਈ ਉਸ ਸਮੇਂ ਭਾਰੀ ਬਰਸਾਤ ਉਪਰੰਤ ਫੈਲੀ ਵਬਾ ਦੀ ਭੇਟ ਚੜ੍ਹ ਗਏ। ਬਹੂ-ਬੇਟੀਆਂ ਦੀ ਬੇਪਤੀ ਅਤੇ ਜ਼ਬਰ-ਓ-ਸਿਤਮ ਵੱਡੇ ਪੱਧਰ 'ਤੇ ਵਾਪਰਿਆ। ਕਿਤਾਬ ਵਿਚ ਦਰਜ਼ 9, 11, 12, 14 ਅਤੇ 15 ਨੰਬਰ ਪੰਜ ਕਹਾਣੀਆਂ ਗੰਜੀ ਬਾਰ ਦੇ ਜ਼ਿਲ੍ਹਾ ਮਿੰਟਗੁਮਰੀ ਦੇ ਚੱਕ ਨੰਬਰ 47/5ਐੱਲ. ਜੋ ਕੰਬੋਜ ਸਿੱਖਾਂ ਦਾ ਪਿੰਡ ਸੀ, ਨਾਲ ਸਬੰਧਤ ਹਨ ਜਿਥੇ ਬਲੋਚ ਮਿਲਟਰੀ ਦੀ ਸਰਪ੍ਰਸਤੀ ਵਿਚ ਆਲੇ-ਦੁਆਲੇ ਪਿੰਡਾਂ ਤੋਂ 'ਕੱਠੀ ਦੰਗੱਈਆਂ ਦੀ ਇਕ ਵੱਡੀ ਭੀੜ ਨੇ ਹਥਿਆਰ ਬੰਦ ਹੋ ਕੇ, ਪਿੰਡ ਨੂੰ ਘੇਰਾ ਪਾ 80 ਹਿੰਦੂ-ਸਿੱਖਾਂ ਨੂੰ ਕੋਹ-ਕੋਹ ਕੇ ਮਾਰ ਦਿੱਤਾ। ਕਈ ਔਰਤਾਂ ਤਾਈਂ ਉਠਾ ਲਿਆ ਗਿਆ। ਸੈਂਕੜੇ ਬਹੂ-ਬੇਟੀਆਂ ਨੇ ਆਪਣੀ ਇੱਜ਼ਤ ਬਚਾਉਣ ਖ਼ਾਤਰ ਪਿੰਡ ਵਿਚਲੇ ਖ਼ੂਹ ਵਿਚ ਛਾਲਾਂ ਮਾਰਕੇ ਆਪਣੀ ਜਾਨ ਦੇ ਦਿੱਤੀ। ਇਸ ਪਿੰਡ ਦੇ ਕਤਲੇਆਮ ਵਿਚ ਙੁੰਮਣ ਸਿੰਘ ਭੱਟੀਆਂ-ਫਿਲੌਰ ਦੇ 28 ਅਤੇ ਪਿੰਡ ਟੁਰਨਾ ਦੋਨਾ-ਲੋਹੀਆਂ ਤੋਂ ਜ਼ੈਲਦਾਰਾਂ ਦੇ 32 ਪਰਿਵਾਰਕ ਮੈਂਬਰ ਆਜ਼ਾਦੀ ਦੀ ਭੇਟ ਚੜ੍ਹ ਗਏ। ਜਥੇਦਾਰ ਸ਼ਿੰਗਾਰਾ ਸਿੰਘ ਲੋਹੀਆਂ ਅਤੇ ਸੋਹਣ ਸਿੰਘ ਗਿੱਦੜ ਪਿੰਡੀ-ਲੋਹੀਆਂ ਦੇ ਇੱਕਾ-ਦੁੱਕਾ ਛੱਡ ਕੇ ਸਾਰੇ ਪਰਿਵਾਰਕ ਮੈਂਬਰ ਵੀ ਮਾਰੇ ਗਏ। ਇਸ ਪਿੰਡ ਦੀ ਦਾਸਤਾਨ ਦਿਲ ਵਲੂੰਧਰਣ ਵਾਲੀ ਹੈ। ਬਾਰ 'ਚੋਂ ਉੱਜੜ ਕੇ ਆਉਣ ਵਾਲੇ ਹੀ ਨਹੀਂ, ਸਗੋਂ ਇਧਰ ਰਹਿ ਗਏ ਮੁਸਲਿਮ ਪਰਿਵਾਰਾਂ ਦੀ ਕਹਾਣੀਆਂ ਨੂੰ ਵੀ ਕਿਤਾਬ ਵਿਚ ਕਲਮਬੱਧ ਕੀਤਾ ਗਿਆ ਹੈ। ਇਸ ਸਾਰੀ ਘਟਨਾਕ੍ਰਮ ਅਤੇ ਦਰਦ ਬਯਾਨੀ ਨੂੰ ਜਿਥੇ ਪੀੜਤਾਂ ਨੇ ਬਿਆਨ ਕੀਤਾ ਹੈ, ਉਥੇ ਸਤ੍ਹਾ ਦੇ ਲੋਭੀਆਂ ਨੂੰ ਫਿਟਕਾਰਿਆ ਵੀ ਹੈ, ਜਿਨ੍ਹਾਂ ਦੀ ਸਤ੍ਹਾ ਲਾਲਸਾ ਦੀ ਜ਼ਿੱਦ ਨੇ ਫ਼ਿਰਕੂ ਕਤਲੇਆਮ ਦੀ ਹਨ੍ਹੇਰੀ ਨੂੰ ਉਤਸ਼ਾਹਿਤ ਕੀਤਾ। ਭਲੇ ਬਿਜਲਈ ਮੀਡੀਏ ਨੇ ਕਿਤਾਬ ਸੱਭਿਆਚਾਰ ਨੂੰ ਭਾਰੀ ਸੱਟ ਮਾਰੀ ਹੈ, ਫਿਰ ਵੀ ਉਮੀਦ ਹੈ ਕਿ ਪੰਜਾਬ ਦੇ ਇਤਿਹਾਸ 'ਚ ਦਿਲਚਸਪੀ ਰੱਖਣ ਵਾਲੇ ਪਾਠਕਾਂ ਲਈ ਹੱਥਲੀ ਕਿਰਤ ਲਾਹੇਵੰਦ ਹੋਵੇਗੀ। ਕੁੱਲ ਮਿਲਾ ਕੇ ਕਿਤਾਬ ਪੜ੍ਹਨ ਅਤੇ ਸਾਂਭਣਯੋਗ ਇਤਿਹਾਸਕ ਦਸਤਾਵੇਜ਼ ਹੈ, ਜੋ ਆਉਣ ਵਾਲੀਆਂ ਨਸਲਾਂ ਨੂੰ ਸੇਧ ਦਿੰਦਾ ਰਹੇਗਾ।

# ਸਰਦੀਆਂ ਵਿਚ ਇਸ ਸਿਹਤਮੰਦ ਅਤੇ ਸਵਾਦਿਸ਼ਟ ਬਾਜਰੇ ਦੇ ਨੁਸਖੇ ਨੂੰ ਅਜ਼ਮਾਓ

*ਜੇਕਰ ਤੁਸੀਂ ਸੋਚਦੇ ਹੋ ਕਿ ਬਾਜਰੇ ਦੀ ਰੋਟੀ ਖਾ ਕੇ ਤੁਸੀਂ ਬੋਰ ਹੋ ਜਾਵੋਗੇ, ਤਾਂ ਅਜਿਹਾ ਨਹੀਂ ਹੈ। ਤੁਸੀਂ ਬਾਜਰੇ ਤੋਂ ਹੋਰ ਪਕਵਾਨ ਬਣਾ ਸਕਦੇ ਹੋ, ਜੋ ਸੁਆਦੀ ਹਨ ਅਤੇ ਤੁਹਾਡੇ ਲਈ ਬਿਲਕੁਲ ਵੀ ਬੋਰਿੰਗ ਨਹੀਂ ਹੋਣਗੇ।* –ਪ੍ਰਿਅੰਕਾ ਸੌਰਭ

ਪ੍ਰਿਅੰਕਾ ਸੌਰਭ
ਆਰੀਆਨਗਰ, ਹਿਸਾਰ (ਹਰਿਆਣਾ)
70153-75570
ਪੰਜਾਬ ਮੇਲ USA





ਸਰਦੀ ਆਖ਼ਰਕਾਰ ਆ ਗਈ ਹੈ ਅਤੇ ਇਸ ਦੇ ਨਾਲ ਹੀ ਠੰਡੀਆਂ ਹਵਾਵਾਂ ਅਤੇ ਕੜਾਕੇ ਦੀ ਠੰਡ ਆ ਰਹੀ ਹੈ। ਪਰ ਚਿੰਤਾ ਨਾ ਕਰੋ, ਕਿਉਂਕਿ ਤੁਹਾਡੇ ਸਾਰੇ ਮਨਪਸੰਦ ਗਰਮ ਮੌਸਮ ਵਾਲੇ ਭੋਜਨ ਤੁਹਾਨੂੰ ਨਿੱਘਾ ਰੱਖਣ ਲਈ ਮੌਜੂਦ ਹੋਣਗੇ। ਜਦੋਂ ਕਿ ਬਾਜਰਾ ਭਾਰਤ ਭਰ ਵਿਚ ਸਰਦੀਆਂ ਦੀਆਂ ਬਹੁਤ ਸਾਰੀਆਂ ਖੁਰਾਕਾਂ ਦਾ ਇੱਕ ਮੁੱਖ ਹਿੱਸਾ ਹੈ, ਇਹ ਧਿਆਨ ਦੇਣ ਯੋਗ ਹੈ ਕਿ ਇਹ ਨਾ ਸਿਰਫ਼ ਸਾਨੂੰ ਇੱਕ ਗਰਮ, ਦਿਲਕਸ਼ ਭੋਜਨ ਦਿੰਦਾ ਹੈ, ਬਲਕਿ ਕੀਮਤੀ ਪੌਸ਼ਟਿਕ ਤੱਤਾਂ ਨਾਲ ਵੀ ਭਰਪੂਰ ਹੈ। ਪਰ ਬਾਜਰੇ ਬਾਰੇ ਇੰਨਾ ਵਧੀਆ ਕੀ ਹੈ ? ਆਓ ਬਾਜਰੇ ਦੇ ਸਿਹਤ ਲਾਭਾਂ ਬਾਰੇ ਵਿਸਥਾਰ ਵਿਚ ਜਾਣੀਏ, ਬਾਜਰੇ ਤੋਂ ਬਣੇ ਕੁਝ ਸੁਆਦੀ ਪਕਵਾਨਾਂ ਨੂੰ ਵੇਖੀਏ ਅਤੇ ਇਸ ਸੁਪਰ ਅਨਾਜ ਨਾਲ ਜੁੜੇ ਸਭ ਤੋਂ ਆਮ ਸਵਾਲਾਂ ਦੇ ਜਵਾਬ ਪ੍ਰਾਪਤ ਕਰੀਏ। ਕੀ ਬਾਜਰਾ ਭਾਰ ਘਟਾਉਣ ਲਈ ਵੀ ਚੰਗਾ ਹੈ ?

## ਬਾਜਰੇ ਦੇ ਸਿਹਤ ਲਾਭ

ਮੋਤੀ ਬਾਜਰਾ, ਜਿਸ ਨੂੰ ਆਮ ਤੌਰ ’ਤੇ ਬਾਜਰੇ ਵਜੋਂ ਵੀ ਜਾਣਿਆ ਜਾਂਦਾ ਹੈ, ਇੱਕ ਸ਼ਕਤੀਸ਼ਾਲੀ ਪੌਸ਼ਟਿਕ ਸਾਰਾ ਅਨਾਜ ਹੈ, ਜੋ ਪ੍ਰੋਟੀਨ, ਕਾਰਬੋਹਾਈਡਰੇਟ, ਵਿਟਾਮਿਨ ਅਤੇ ਖਣਿਜਾਂ ਨਾਲ ਭਰਪੂਰ ਹੈ। ਇਹ ਓਟਮੀਲ, ਬਰੈੱਡ, ਬਿਸਕੁਟ, ਪਕਾਏ ਹੋਏ ਅਨਾਜ, ਸੂਪ ਅਤੇ ਸਟੂਅ ਵਰਗੇ ਭੋਜਨਾਂ ਨੂੰ ਇੱਕ ਵਿਲੱਖਣ ਸੁਹਾਵਣਾ ਸੁਆਦ ਅਤੇ ਬਣਤਰ ਪ੍ਰਦਾਨ ਕਰਦਾ ਹੈ। ਇਸ ਦੀ ਗੈਰ-ਚਿਪਕਵੀਂ ਪ੍ਰਕਿਰਤੀ ਇਸ ਨੂੰ ਹਜ਼ਮ ਕਰਨਾ ਆਸਾਨ ਬਣਾਉਂਦੀ ਹੈ, ਖਾਸ ਤੌਰ ’ਤੇ ਉਨ੍ਹਾਂ ਲਈ ਜਿਨ੍ਹਾਂ ਨੂੰ ਗਲੂਟਨ ਤੋਂ ਐਲਰਜੀ ਹੈ ਜਾਂ ਸੇਲੀਏਕ ਦੀ ਬਿਮਾਰੀ ਹੈ।

ਇਸਦਾ ਇੱਕ ਨਾਜ਼ੁਕ ਸੁਆਦ ਹੈ, ਜੋ ਪਕਾਉਣਾ ਆਸਾਨ ਹੈ। ਬਾਜਰਾ ਚੌਲਾਂ ਦਾ ਇੱਕ ਵਧੀਆ ਵਿਕਲਪ ਹੈ ਅਤੇ ਇਸਨੂੰ ਸਾਸ, ਸਟੂਅ, ਸੂਪ ਅਤੇ ਗ੍ਰੇਵੀਜ਼ ਲਈ ਗਾੜ੍ਹਾ ਕਰਨ ਵਾਲੇ ਏਜੰਟ ਵਜੋਂ ਵਰਤਿਆ ਜਾ ਸਕਦਾ ਹੈ।

## ਬਾਜਰੇ ਦੇ ਭਰਪੂਰ ਸਿਹਤ ਲਾਭਾਂ ਦੀ ਸੂਚੀ ਬਹੁਤ ਲੰਬੀ ਹੈ।

### 1. ਸ਼ੂਗਰ ਰੋਗੀਆਂ ਲਈ ਇੱਕ ਚੰਗਾ ਵਿਕਲਪ

ਬਾਜਰਾ ਸ਼ੂਗਰ ਦੀ ਖੁਰਾਕ ਦੇ ਨਾਲ ਬਿਲਕੁਲ ਕੰਮ ਕਰਦਾ ਹੈ। ਇਸ ਵਿਚ ਕਾਰਬੋਹਾਈਡਰੇਟ ਹੁੰਦੇ ਹਨ, ਜੋ ਹੌਲੀ-ਹੌਲੀ ਪਚ ਜਾਂਦੇ ਹਨ, ਜਿਸ ਨਾਲ ਗਲੂਕੋਜ਼ ਦਾ ਪੱਧਰ ਲੰਬੇ ਸਮੇਂ ਲਈ ਸਥਿਰ ਰਹਿੰਦਾ ਹੈ। ਇਹ ਉਨ੍ਹਾਂ ਨੂੰ ਸ਼ੂਗਰ ਰੋਗੀਆਂ ਲਈ ਇੱਕ ਸਿਹਤਮੰਦ ਭੋਜਨ ਵਿਕਲਪ ਬਣਾਉਂਦਾ ਹੈ।

### 2. ਐਸੀਡਿਟੀ ਅਤੇ ਪੇਟ ਦੀਆਂ ਹੋਰ ਸਮੱਸਿਆਵਾਂ ਤੋਂ ਰਾਹਤ ਦਿਵਾਉਂਦਾ ਹੈ

ਬਾਜਰੇ ਦੇ ਐਸੀਡਿਟੀ-ਨਿਯੰਤ੍ਰਿਤ ਅਤੇ ਆਰਾਮਦਾਇਕ ਪ੍ਰਭਾਵ ਪੇਟ ਦੇ ਫੋੜੇ, ਅੰਤੜੀਆਂ ਦੀ ਬੇਅਰਾਮੀ ਅਤੇ ਵਾਰ-ਵਾਰ ਉਲਟੀਆਂ ਤੋਂ ਪੀੜਤ ਲੋਕਾਂ ਲਈ ਲਾਭਦਾਇਕ ਹਨ। ਬਾਜਰਾ ਆਪਣੇ ਰੋਚਕ ਗੁਣਾਂ ਕਾਰਨ ਪੁਰਾਣੀ ਕਬਜ਼ ਤੋਂ ਪੀੜਤ ਮਰੀਜ਼ਾਂ ਲਈ ਵਿਸ਼ੇਸ਼ ਤੌਰ ’ਤੇ ਲਾਭਕਾਰੀ ਹੈ।

### 3. ਬਲੱਡ ਪ੍ਰੈਸ਼ਰ ਘੱਟ ਕਰਦਾ ਹੈ

ਬਾਜਰੇ ਵਿਚ ਪੋਟਾਸ਼ੀਅਮ ਹੁੰਦਾ ਹੈ, ਇੱਕ ਖਣਿਜ ਜੋ ਬਲੱਡ ਪ੍ਰੈਸ਼ਰ ਨੂੰ ਘੱਟ ਕਰਨ ਵਿਚ ਮਦਦ ਕਰਦਾ ਹੈ। ਇਸ ਸੁਪਰਫੂਡ ਨੂੰ ਕਈ ਸੱਭਿਆਚਾਰਾਂ ਵਿਚ ਇੱਕ ਕੁਦਰਤੀ ਦਵਾਈ ਵਜੋਂ ਜਾਣਿਆ ਜਾਂਦਾ ਹੈ ਕਿਉਂਕਿ ਇਸ ਵਿਚ ਤੁਹਾਡੇ ਸਰੀਰ ਦੇ ਕੰਮਕਾਜ ਵਿਚ ਸਹਾਇਤਾ ਕਰਨ ਲਈ ਕੁਦਰਤੀ ਗੁਣ ਹਨ। ਬਾਜਰਾ ਵਿਟਾਮਿਨ ਅਤੇ ਖਣਿਜਾਂ ਨਾਲ ਭਰਪੂਰ ਹੁੰਦਾ ਹੈ, ਜਿਸਦੀ ਸਾਨੂੰ ਰੋਜ਼ਾਨਾ ਲੋੜ ਹੁੰਦੀ ਹੈ, ਜਿਵੇਂ ਕਿ ਆਇਰਨ ਅਤੇ ਮੈਗਨੀਸ਼ੀਅਮ।

ਬਾਜਰਾ ਨਾ ਸਿਰਫ਼ ਵਾਧੂ ਭਾਰ ਘਟਾਉਣ ਲਈ, ਸਗੋਂ ਭਾਰ ਵਧਣ ਤੋਂ ਰੋਕਣ ਲਈ ਵੀ ਵਧੀਆ ਵਿਕਲਪ ਹੈ। ਕਿਉਂਕਿ ਇਸ ਤੋਂ ਬਣੀ ਰੋਟੀ ਵਿਚ ਸਿਰਫ 97 ਕੈਲੋਰੀ ਹੁੰਦੀ ਹੈ, ਇਸ ਲਈ ਇਹ ਲੰਬੇ ਸਮੇਂ ਤੱਕ ਤੁਹਾਨੂੰ ਭਰਪੂਰ ਅਤੇ ਸੰਤੁਸ਼ਟ ਮਹਿਸੂਸ ਕਰਦੀ ਹੈ। ਇਹ ਮੈਟਾਬੋਲਿਜ਼ਮ ਨੂੰ ਸੁਧਾਰਦਾ ਹੈ ਅਤੇ ਫਾਈਬਰ, ਵਿਟਾਮਿਨ, ਖਣਿਜ ਅਤੇ ਐਂਟੀਆਕਸੀਡੈਂਟਸ ਨਾਲ ਭਰਪੂਰ ਹੁੰਦਾ ਹੈ, ਜਿਸ ਨਾਲ ਇਹ ਤੁਹਾਡੀ ਸਿਹਤ ਲਈ ਵੀ ਫਾਇਦੇਮੰਦ ਹੁੰਦਾ ਹੈ।

## ਬਾਜਰੇ ਦੇ ਸੁਆਦੀ ਪਕਵਾਨਾਂ ਦੀ ਤੁਹਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ।

1. ਬਾਜਰੇ ਦੀ ਰੋਟੀ ਆਉ ਕਲਾਸਿਕ ਰੈਸਿਪੀ ਨਾਲ ਸ਼ੁਰੂ ਕਰੀਏ। ਬਾਜਰੇ ਦੀ ਰੋਟੀ ਬਣਾਉਣ ਦੀ ਸਭ ਤੋਂ ਆਸਾਨ ਅਤੇ ਸੁਆਦੀ ਪਕਵਾਨ ਹੈ। ਸਭ ਤੋਂ ਪਹਿਲਾਂ ਇੱਕ ਵੱਡੇ ਕਟੋਰੇ ਵਿਚ ਬਾਜਰੇ ਦਾ ਆਟਾ ਅਤੇ ਕਣਕ ਦੇ ਆਟੇ ਨੂੰ ਨਮਕ ਦੇ ਨਾਲ ਮਿਲਾਓ। 3/4 ਕੱਪ ਗਰਮ ਪਾਣੀ ਦੀ ਵਰਤੋਂ ਕਰਕੇ ਨਰਮ ਆਟੇ ਵਿਚ ਆਟੇ ਨੂੰ ਗੁਨ੍ਹੋ। 8 ਰੋਟੀਆਂ ਬਣਾਉਣ ਲਈ ਆਟੇ ਨੂੰ ਵੰਡੋ। ਇਸ ਨੂੰ ਨਰਮ ਬਣਾਉਣ ਲਈ ਆਪਣੇ ਹੱਥਾਂ ਨਾਲ ਆਟੇ ਨੂੰ ਦਬਾਓ। ਰੋਲਿੰਗ ਪਿੰਨ ਦੀ ਮਦਦ ਨਾਲ ਆਟੇ ਨੂੰ ਗੋਲ ਰੋਟੀ ਵਿਚ ਰੋਲ ਕਰੋ। ਇੱਕ ਨਾਨ-ਸਟਿੱਕ ਪੈਨ ਨੂੰ ਮੱਧਮ ਗਰਮੀ ’ਤੇ ਗਰਮ ਕਰੋ ਅਤੇ ਆਪਣੀ ਰੋਲ ਕੀਤੀ ਰੋਟੀ ਨੂੰ ਧਿਆਨ ਨਾਲ ਰੱਖੋ। ਇਸ ਨੂੰ ਕੁਝ ਸਕਿੰਟਾਂ ਲਈ ਉਦੋਂ ਤੱਕ ਪਕਾਓ, ਜਦੋਂ ਤੱਕ ਰੋਟੀ ਦਾ ਰੰਗ ਵਧੀਆ ਨਾ ਹੋ ਜਾਵੇ। ਰੋਟੀ ਨੂੰ ਪਲਟ ਕੇ ਦੂਜੇ ਪਾਸੇ ਵੀ ਉਸੇ ਤਰ੍ਹਾਂ ਪਕਾਓ। ਪਕਾਉਣ ਤੋਂ ਬਾਅਦ ਉੱਪਰ ਦੇਸੀ ਘਿਓ ਲਗਾਓ। ਬਾਜਰੇ ਦੀ ਰੋਟੀ ਉੜਦ ਚਨੇ ਦੀ ਦਾਲ ਨਾਲ ਵਧੀਆ ਮਿਲਦੀ ਹੈ। ਆਪਣੇ ਪੌਸ਼ਟਿਕ ਭੋਜਨ ਦਾ ਆਨੰਦ ਮਾਣੋ।
2. ਹਰੇ ਮੂੰਗ ਦੀ ਦਾਲ ਨਾਲ ਬਾਜਰਾ ਖਿਚੜੀ ਪੌਸ਼ਟਿਕ, ਗਰਮ ਅਤੇ ਸੁਆਦੀ, ਬਾਜਰੇ ਦੀ ਖਿਚੜੀ ਦਾ ਵਰਣਨ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ। ਖਿਚੜੀ ਇੱਕ ਸਾਦਾ ਅਤੇ ਦਿਲਕਸ਼ ਭੋਜਨ ਹੈ, ਜੋ ਹਮੇਸ਼ਾ ਭਰਿਆ ਰਹਿੰਦਾ ਹੈ। ਹਰੇ ਮੂੰਗ ਦੀ ਦਾਲ ਦੇ ਨਾਲ ਬਾਜਰੇ ਦੀ ਖਿਚੜੀ ਇੱਕ ਅਜਿਹੀ ਪਕਵਾਨ ਹੈ, ਜਿਸਨੂੰ ਤੁਹਾਨੂੰ ਆਪਣੇ ਦੁਪਹਿਰ ਦੇ ਖਾਣੇ ਦੇ ਮੇਨੂ ਵਿਚ ਸ਼ਾਮਲ ਕਰਨਾ ਚਾਹੀਦਾ ਹੈ। ਸਭ ਤੋਂ ਪਹਿਲਾਂ ਬਾਜਰੇ ਨੂੰ 8 ਘੰਟੇ ਲਈ ਪਾਣੀ ’ਚ ਭਿਓ ਦਿਓ। ਚੰਗੀ ਤਰ੍ਹਾਂ ਭਿੱਜਣ ਤੋਂ ਬਾਅਦ, ਇਸ ਨੂੰ ਛਾਣ ਲਓ ਅਤੇ ਵਗਦੇ ਪਾਣੀ ਦੇ ਹੇਠਾਂ 2-3 ਵਾਰ ਧੋਵੋ।

ਪ੍ਰੈਸ਼ਰ ਕੁੱਕਰ ਵਿਚ ਭਿੱਜਿਆ ਬਾਜਰਾ, ਹਰੀ ਮੂੰਗੀ ਦੀ ਦਾਲ, ਸੁਆਦ ਅਨੁਸਾਰ ਨਮਕ ਅਤੇ 2 ਕੱਪ ਪਾਣੀ ਪਾ ਕੇ 4 ਸੀਟੀਆਂ ਤੱਕ ਪਕਾਓ। ਢੱਕਣ ਨੂੰ ਖੋਲ੍ਹਣ ਤੋਂ ਪਹਿਲਾਂ ਭਾਫ਼ ਨੂੰ ਬਾਹਰ ਨਿਕਲਣ ਦਿਓ।

ਇਕ ਨਾਨ-ਸਟਿਕ ਪੈਨ ਲਓ ਅਤੇ ਇਸ ਵਿਚ ਦੇਸੀ ਘਿਓ, ਜੀਰਾ, ਹੀਂਗ ਅਤੇ ਹਲਦੀ ਪਾਊਡਰ ਪਾਓ। ਇਸ ਨੂੰ ਮੱਧਮ ਅੱਗ ’ਤੇ ਕੁਝ ਸਕਿੰਟਾਂ ਲਈ ਫਰਾਈ ਕਰੋ।

ਇਸ ਮਿਸ਼ਰਣ ਵਿਚ ਇੱਕ ਚੁਟਕੀ ਨਮਕ ਦੇ ਨਾਲ ਪਕਾਏ ਹੋਏ ਬਾਜਰੇ ਅਤੇ ਹਰੇ ਮੂੰਗ ਦੀ ਦਾਲ ਪਾਓ। ਚੰਗੀ ਤਰ੍ਹਾਂ ਮਿਲਾਓ ਅਤੇ 2-3 ਮਿੰਟ ਲਈ ਘੱਟ ਅੱਗ ’ਤੇ ਪਕਾਓ।

ਹਰੇ ਮੂੰਗੀ ਦੀ ਦਾਲ ਦੇ ਨਾਲ ਬਾਜਰੇ ਦੀ ਖਿਚੜੀ ਤਿਆਰ ਹੈ। ਇਸ ਨੂੰ ਦਹੀਂ ਨਾਲ ਗਰਮਾ-ਗਰਮ ਸਰਵ ਕਰੋ।

### 3. ਬਾਜਰੇ ਦਾ ਡੋਸਾ

ਗੋਲਡਨ ਕਰਿਸਪੀ ਡੋਸਾ ਕਿਸ ਨੂੰ ਪਸੰਦ ਨਹੀਂ ਹੈ ? ਕਲਪਨਾ ਕਰੋ ਕਿ ਤੁਹਾਡਾ ਮਨਪਸੰਦ ਡੋਸਾ ਸਿਹਤਮੰਦ ਵੀ ਹੋ ਸਕਦਾ ਹੈ। ਬਾਜਰੇ ਦਾ ਡੋਸਾ ਭਾਰ ਘਟਾਉਣ ਲਈ ਬਹੁਤ ਵਧੀਆ ਹੈ ਅਤੇ ਸ਼ੂਗਰ ਵਾਲੇ ਲੋਕਾਂ ਲਈ ਇੱਕ ਢੁਕਵਾਂ ਵਿਕਲਪ ਹੈ। ਆਓ ਖਾਣਾ ਬਣਾਉਣਾ ਸ਼ੁਰੂ ਕਰੀਏ!

ਡੋਸਾ ਬਣਾਉਣ ਲਈ, 1 ਕੱਪ ਬਾਜਰਾ, 1/2 ਕੱਪ ਉੜਦ ਦੀ ਦਾਲ ਅਤੇ 1/4 ਕੱਪ ਪੋਹਾ ਨੂੰ 6 ਘੰਟਿਆਂ ਲਈ ਭਿਓ ਦਿਓ। ਇਸ ਤੋਂ ਬਾਅਦ, ਇੱਕ ਮੁੱਠੀ ਭਰ ਮੇਥੀ ਦੇ ਬੀਜਾਂ ਨੂੰ 4-6 ਘੰਟਿਆਂ ਲਈ ਵੱਖਰੇ ਤੌਰ ’ਤੇ ਭਿਓ ਦਿਓ।

ਇੱਕ ਵਾਰ ਭਿੱਜ ਜਾਣ ਤੋਂ ਬਾਅਦ, ਚੰਗੀ ਤਰ੍ਹਾਂ ਨਿਕਾਸ ਕਰੋ ਅਤੇ ਮਿਕਸਰ ਵਿਚ 3/4 ਕੱਪ ਪਾਣੀ ਪਾਓ ਅਤੇ ਨਿਰਵਿਘਨ ਹੋਣ ਤੱਕ ਮਿਲਾਓ।

ਮਿਸ਼ਰਣ ਨੂੰ ਇੱਕ ਵੱਡੇ ਕਟੋਰੇ ਵਿਚ ਟਰਾਂਸਫਰ ਕਰੋ ਅਤੇ ਬਾਜਰੇ ਦਾ ਆਟਾ ਅਤੇ ਨਮਕ ਪਾਓ। ਲਗਭਗ 2 ਕੱਪ ਪਾਣੀ ਪਾਓ ਅਤੇ ਇੱਕ ਵ੍ਹਿਸਕ ਦੀ ਵਰਤੋਂ ਕਰਕੇ ਚੰਗੀ ਤਰ੍ਹਾਂ ਰਲਾਓ। ਮਿਸ਼ਰਣ ਨੂੰ ਢੱਕਣ ਨਾਲ ਢੱਕੋ ਅਤੇ ਇਸ ਨੂੰ ਰਾਤ ਭਰ ਉਬਾਲਣ ਦਿਓ।

ਅਗਲੇ ਦਿਨ, ਮਿਸ਼ਰਣ ਨੂੰ ਚੰਗੀ ਤਰ੍ਹਾਂ ਹਿਲਾਓ। ਇਹ ਡੋਸਾ ਬਣਾਉਣ ਦਾ ਸਮਾਂ ਹੈ! ਇਕ ਨਾਨ-ਸਟਿਕ ਪੈਨ ਨੂੰ ਗਰਮ ਕਰੋ, ਉਸ ’ਤੇ ਥੋੜ੍ਹਾ ਜਿਹਾ ਪਾਣੀ ਛਿੜਕ ਦਿਓ ਅਤੇ ਇਸ ਨੂੰ ਪਤਲੇ ਮਲਮਲ ਦੇ ਕੱਪੜੇ ਨਾਲ ਪੂੰਝੋ।

ਗਰਮ ਕੜਾਹੀ ’ਤੇ ਗੋਲਾਕਾਰ ਮੋਸ਼ਨ ਵਿਚ ਇੱਕ ਚਮਚ ਡੋਸਾ ਦੇ ਘੋਲ ਨੂੰ ਸੁੱਟੋ। ਕਿਨਾਰਿਆਂ ’ਤੇ ਇਕ ਚਮਚ ਦੇਸੀ ਘਿਓ ਜਾਂ ਤੇਲ ਲਗਾਓ, ਜਦੋਂ ਤੱਕ ਡੋਸਾ ਸੁਨਹਿਰੀ ਭੂਰਾ ਅਤੇ ਦੋਵਾਂ ਪਾਸਿਆਂ ਤੋਂ ਕੁਰਕੁਰਾ ਨਾ ਹੋ ਜਾਵੇ। ਗਰਮ ਸਾਂਬਰ ਅਤੇ ਠੰਡੀ ਚਟਨੀ ਨਾਲ ਇਸਦਾ ਆਨੰਦ ਲਓ।

### 4. ਬਾਜਰਾ ਚਕਲੀ

ਇੱਕ ਤਿਓਹਾਰ ਦਾ ਮਨਪਸੰਦ, ਇੱਕ ਨਾਸ਼ਤੇ ਦੇ ਸਮੇਂ ਦਾ ਸਨੈਕ, ਇੱਕ ਅੱਧੀ ਰਾਤ ਦਾ ਸਨੈਕ, ਇੱਕ ਵਧੀਆ ਚਾਹ ਦੇ ਸਮੇਂ ਦਾ ਟ੍ਰੀਟ, ਪੁਰਾਣੀ ਸਪਿਰਲ ਚਕਲੀ ਬਹੁਤ ਸਾਰੇ ਲੋਕਾਂ ਲਈ ਬਹੁਤ ਮਾਇਨੇ ਰੱਖਦੀ ਹੈ। ਬਾਜਰੇ ਦੀ ਇਸ ਆਸਾਨ ਰੈਸਿਪੀ ਨਾਲ ਤੁਸੀਂ ਇਸਨੂੰ ਹੋਰ ਵੀ ਸਵਾਦ ਬਣਾ ਸਕਦੇ ਹੋ।

ਇੱਕ ਵੱਡੇ ਕਟੋਰੇ ਵਿਚ ਬਾਜਰੇ ਦਾ ਆਟਾ, ਕਣਕ ਦਾ ਆਟਾ, ਲਸਣ, ਨਿਗੇਲਾ ਦੇ ਬੀਜ, ਹਰੀ ਮਿਰਚ ਦਾ ਪੇਸਟ ਅਤੇ ਨਮਕ ਮਿਲਾ ਕੇ ਸ਼ੁਰੂ ਕਰੋ। ਇਸ ਸਭ ਨੂੰ ਚੰਗੀ ਤਰ੍ਹਾਂ ਮਿਲਾਓ।

ਆਪਣੀਆਂ ਉਂਗਲਾਂ ਦੀ ਵਰਤੋਂ ਕਰਦੇ ਹੋਏ, ਨਰਮ ਮੱਖਣ ਨੂੰ ਆਟੇ ਦੇ ਮਿਸ਼ਰਣ ਵਿਚ ਉਦੋਂ ਤੱਕ ਕੰਮ ਕਰੋ, ਜਦੋਂ ਤੱਕ ਮਿਸ਼ਰਣ ਰੋਟੀ ਜਾਂ ਕੂਕੀ ਦੇ ਟੁਕੜਿਆਂ ਵਰਗਾ ਨਾ ਹੋ ਜਾਵੇ।

1 ਚਮਚ ਦਹੀਂ ਪਾਓ ਅਤੇ ਥੋੜ੍ਹੇ ਜਿਹੇ ਪਾਣੀ ਦੀ ਵਰਤੋਂ ਕਰਕੇ ਨਰਮ ਆਟੇ ਵਿਚ ਗੁਨ੍ਹੋ।

ਮਿਸ਼ਰਣ ਨੂੰ ਚਕਲੀ ਮੇਕਰ ਵਿਚ ਡੋਲ੍ਹ ਦਿਓ ਅਤੇ ਆਟੇ ਦੇ ਗੋਲੇ ਨੂੰ ਐਲੂਮੀਨੀਅਮ ਫੁਆਇਲ ਉੱਤੇ ਦਬਾਓ।

ਆਉ ਤਲਣਾ ਸ਼ੁਰੂ ਕਰੀਏ। ਇੱਕ ਪੈਨ ਵਿਚ ਤੇਲ ਗਰਮ ਕਰੋ, ਆਪਣੀ ਕੀਮਤੀ ਚੱਕਲੀਆਂ ਨੂੰ ਹੌਲੀ-ਹੌਲੀ ਚੁੱਕੋ ਅਤੇ ਇੱਕ-ਇੱਕ ਕਰਕੇ ਤੇਲ ਵਿਚ ਸੁੱਟੋ।

ਕੁਝ ਚਕਲੀਆਂ ਨੂੰ ਇਕ-ਇਕ ਕਰਕੇ ਡੂੰਘੇ ਫਰਾਈ ਕਰੋ, ਜਦੋਂ ਤੱਕ ਉਹ ਦੋਵੇਂ ਪਾਸਿਆਂ ਤੋਂ ਸੁਨਹਿਰੀ ਭੂਰੇ ਨਾ ਹੋ ਜਾਣ। ਬਾਜਰੇ ਦੀ ਚਕਲੀ ਨੂੰ ਟਿਸ਼ੂ ਪੇਪਰ ’ਤੇ ਕੱਢ ਲਓ ਅਤੇ ਖਾਣ ਲਈ ਤਿਆਰ ਹੋ ਜਾਓ।

### 5. ਬਾਜਰੇ ਦੀ ਚਾਕਲੇਟ ਪੈਨਕੇਕ

ਅੰਤ ਵਿਚ ਸਭ ਤੋਂ ਵਧੀਆ! ਗਰਮ ਚਾਕਲੇਟ ਸਾਸ ਦੇ ਨਾਲ ਪਰੋਸਿਆ ਗਿਆ ਸੁਆਦੀ ਬਾਜਰੇ ਦੇ ਪੈਨਕੇਕ ਦਾ ਸੁਆਦ ਅਦਭੁੱਤ ਹੁੰਦਾ ਹੈ। ਤੁਸੀਂ ਇਸਨੂੰ ਮਠਿਆਈ ਜਾਂ ਨਾਸ਼ਤੇ ਦੇ ਰੂਪ ਵਿਚ ਵੀ ਖਾ ਸਕਦੇ ਹੋ। ਇਹ ਇੱਕ ਜਿੱਤ-ਜਿੱਤ ਹੈ, ਠੀਕ ਹੈ ?

ਅੱਧਾ ਕੱਪ ਬਾਜਰੇ ਦਾ ਆਟਾ ਅਤੇ ਬਰਾਬਰ ਮਾਤਰਾ ਵਿਚ ਗੁੜ ਮਿਲਾ ਕੇ ਸ਼ੁਰੂ ਕਰੋ। ਬਾਜਰੇ ਦੇ ਆਟੇ ਨੂੰ ਇੱਕ ਛੀਨੀ ਵਿਚ ਛਿੱਲ ਲਓ, ਫਿਰ ਆਟੇ ਵਿਚ ਅੱਧਾ ਕੱਪ ਪਿਘਲਾ ਹੋਇਆ ਗੁੜ, 1 ਚਮਚ ਕੋਕੋ ਪਾਊਡਰ, 1 ਹੋਰ ਮੈਸ਼ ਕੀਤਾ ਹੋਇਆ ਕੇਲਾ ਮਿਲਾਓ। ਗਰਮ ਪਾਣੀ ਨਾਲ ਸਾਰੀਆਂ ਸਮੱਗਰੀਆਂ ਨੂੰ ਮਿਲਾਓ ਅਤੇ ਇੱਕ ਮੁਲਾਇਮ ਬੈਟਰ ਬਣਾਓ।

- ਤੁਸੀਂ ਬੈਟਰ ਬਣਾਉਣ ਲਈ ਗਰਮ ਦੁੱਧ ਦੀ ਵਰਤੋਂ ਵੀ ਕਰ ਸਕਦੇ ਹੋ। ਪੈਨ ਨੂੰ ਗਰਮ ਕਰੋ ਅਤੇ ਇਸ ’ਤੇ ਥੋੜ੍ਹਾ ਜਿਹਾ ਮੱਖਣ ਲਗਾਓ, ਫਿਰ ਹੌਲੀ-ਹੌਲੀ ਆਟੇ ਦੀ ਇੱਕ ਲੱਸੀ ਪਾਓ, ਪੈਨਕੇਕ ਨੂੰ ਪਲਟ ਦਿਓ ਅਤੇ ਚਾਕਲੇਟ ਸੀਰਪ ਜਾਂ ਵਨੀਲਾ ਆਈਸਕ੍ਰੀਮ ਨਾਲ ਗਰਮਾ-ਗਰਮ ਸਰਵ ਕਰੋ।

ਕੀ ਤੁਸੀਂ ਆਪਣੇ ਜੀਵਨ ਵਿਚ ਬਾਜਰੇ ਨੂੰ ਸ਼ਾਮਲ ਕਰਨ ਅਤੇ ਇਸਦੇ ਅਣਗਿਣਤ ਲਾਭਾਂ ਨੂੰ ਪ੍ਰਾਪਤ ਕਰਨ ਲਈ ਤਿਆਰ ਹੋ ? ਬਾਜਰੇ ਨੂੰ ਨਿਯਮਤ ਭੋਜਨ ਵਿਚ ਸ਼ਾਮਲ ਕਰਨਾ ਚਾਹੀਦਾ ਹੈ, ਕਿਉਂਕਿ ਇਹ ਸਿਹਤ ਲਈ ਫਾਇਦੇਮੰਦ ਸਾਬਤ ਹੋ ਸਕਦਾ ਹੈ। ਬਾਜਰੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦਾ ਹੈ ਅਤੇ ਇਸ ਨੂੰ ਫਾਈਬਰ ਦਾ ਪਾਵਰ ਹਾਊਸ ਵੀ ਕਿਹਾ ਜਾਂਦਾ ਹੈ। ਬਾਜਰੇ ਦਾ ਨੇਮੀ ਸੇਵਨ ਕਰਨ ਨਾਲ ਬੈਡ ਕੋਲੈਸਟ੍ਰਾਲ ਦਾ ਪੱਧਰ ਵੀ ਘੱਟ ਹੁੰਦਾ ਹੈ। ਇਹ ਗਲੂਕੋਜ਼ ਦੇ ਪੱਧਰ ਨੂੰ ਕੰਟਰੋਲ ਕਰਦਾ ਹੈ ਅਤੇ ਸ਼ੂਗਰ ਨੂੰ ਦੂਰ ਰੱਖਦਾ ਹੈ।

## (ਪੁਸਤਕ ਸਮੀਖਿਆ)

# ਚਿੱਕੜ ਵਿਚ ਗਰਕੇ ਪੁਰਾਣੇ ਸਮਾਜ ਦੇ ਖ਼ਿਲਾਫ਼ ਲੜਨ ਵਾਲ਼ੀ ਬਹਾਦਰ ਕੁੜੀ ਦੀ ਗਾਥਾ

# ਝੱਲੀ

## (ਨਾਵਲ)



-ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲ USA

**ਲੇਖਿਕਾ:** ਸ਼ਗੁਫ਼ਤਾ ਗਿੰਮੀ ਲੋਧੀ

ਅਸਲ ਲੇਖਕ ਜਾਂ ਲੇਖਿਕਾ ਮੰਨਿਆਂ ਹੀ ਉਸ ਨੂੰ ਜਾਂਦਾ ਹੈ, ਜੋ ਕਲੰਕਿਤ ਸਮਾਜ ਅਤੇ ਉਸ ਦੀਆਂ ਬੁਰਾਈਆਂ ਨਾਲ਼ ਸਿੱਧੀ ਟੱਕਰ ਲੈ ਕੇ ਲਿਖੇ। ਜੋ ਨਾ ਤਾਂ ਕਿਸੇ ਦਬਾਅ ਹੇਠ ਆਵੇ ਅਤੇ ਨਾ ਹੀ ਕਿਸੇ ਲਾਲਚ ਵੱਸ ਹੋ ਕੇ ਚੱਲੇ। ਉਹੀ ਲੇਖਕ ਲੋਕਾਂ ਨੇ ਕਬੂਲ ਕੀਤੇ ਹਨ, ਜਿਨ੍ਹਾਂ ਨੇ ਲੋਕਾਂ ਦੇ ਹੱਕ-ਸੱਚ ਦੀ ਨੰਗੇ ਧੜ ਗੱਲ ਕੀਤੀ ਅਤੇ ਸਮਾਜ ਦੇ ਵੈਰੀਆਂ ਨੂੰ ਲਲਕਾਰਿਆ। ਸ਼ਗੁਫ਼ਤਾ ਗਿੰਮੀ ਲੋਧੀ ਪਾਕਿਸਤਾਨ ਮੂਲ ਦੀ ਚਰਚਿਤ ਲੇਖਿਕਾ ਹੈ, ਜੋ ਆਪਣੇ ਪਰਿਵਾਰ ਸਮੇਤ ਪੱਕੇ ਤੌਰ ਉਪਰ ਲੰਡਨ ਵਸ ਰਹੀ ਹੈ। ਉਸ ਦਾ ਇਹ ਛੋਟਾ ਜਿਹਾ ਨਾਵਲ ਮੈਨੂੰ ਕਿਤੇ-ਕਿਤੇ ਰਸੂਲ ਹਮਜ਼ਾਤੋਵ ਦੀ ਅਮਰ ਕਿਰਤ "ਮੇਰਾ ਦਾਗਿਸਤਾਨ" ਦੀ ਯਾਦ ਦਿਵਾਉਂਦਾ ਹੈ। "ਝੱਲੀ" ਨਾਵਲ ਦਾ ਇੱਕ ਪਾਤਰ ਜਦ ਵਾਰਤਾਲਾਪ ਕਰਦੇ ਕਾਮਰੇਡਾਂ ਨੂੰ ਇੱਕ ਤਰ੍ਹਾਂ ਨਾਲ਼ ਵੰਗਾਰ ਕੇ ਮਾਰਗ ਦਰਸ਼ਕ ਬਣਦਾ ਆਖਦਾ ਹੈ, "ਓਏ ਝੱਲਿਓ ਇਨਕਲਾਬੀਓ...! ਮੇਰੀ ਗੱਲ ਧਿਆਨ ਨਾਲ਼ ਸੁਣੋ...! ਸਮਾਜਿਕ ਤਬਦੀਲੀਆਂ ਲਈ ਬੁਨਿਆਦੀ ਤਬਦੀਲੀਆਂ ਦੀ ਲੋੜ ਹੁੰਦੀ ਹੈ। ਸਭ ਤੋਂ ਪਹਿਲਾਂ ਸਿੱਖਿਆ ਨੂੰ ਹਰ ਤਬਕੇ ਤੱਕ ਪਹੁੰਚਾਉਣਾ ਜ਼ਰੂਰੀ ਹੈ...। ਸਿੱਖਿਆ ਨੂੰ ਸਿਰਫ਼ ਅਮੀਰ ਤਬਕੇ ਤੱਕ ਹੀ ਸੀਮਤ ਨਾ ਰੱਖਿਆ ਜਾਵੇ...। ਸਗੋਂ ਹਰ ਬੱਚੇ ਨੂੰ ਉੱਚ-ਸਿੱਖਿਆ ਤੱਕ ਪਹੁੰਚ ਹਾਸਲ ਹੋਣੀ ਚਾਹੀਦੀ ਹੈ..। ਹਕੂਮਤ ਅਤੇ ਸਮਾਜਿਕ ਸੰਸਥਾਵਾਂ ਨੂੰ ਮਿਲ ਕੇ ਅਜਿਹੇ ਪ੍ਰੋਗਰਾਮ ਬਣਾਉਣੇ ਚਾਹੀਦੇ ਹਨ, ਜੋ ਪਿੰਡਾਂ ਅਤੇ ਸ਼ਹਿਰਾਂ, ਦੋਹਾਂ ਇਲਾਕਿਆਂ ਵਿਚ ਸਿੱਖਿਆਈ ਮੌਕੇ ਪ੍ਰਦਾਨ ਕਰ ਸਕਣ..।" ਇਹ ਸਿੱਖਿਆ ਕਿਸੇ ਜੰਗ ਦੀ ਮਿਸ਼ਾਲ ਨੂੰ ਪੁਲੀਤਾ ਲਾਉਣ ਵਾਲ਼ੀ ਸੀ, ਜੋ ਸੁੱਤੇ ਜਾਂ ਸੁਸਤ ਦਿਮਾਗਾਂ ਵਿਚ ਕਿਸੇ ਰੋਹ ਅਤੇ ਜਜ਼ਬੇ ਦਾ ਭਾਂਬੜ ਬਾਲਦੇ ਹਨ।

ਜਿੱਥੇ ਲੇਖਿਕਾ ਪਛੜੀਆਂ ਸ੍ਰੇਣੀਆਂ ਅਤੇ ਕਿਰਤੀ ਲਾਣੇ ਪ੍ਰਤੀ ਹਮਦਰਦੀ ਰੱਖਦੀ ਹੈ, ਉਥੇ ਉਹ ਔਰਤ ਦੇ ਹੱਕਾਂ ਪ੍ਰਤੀ ਵੀ ਸੁਚੇਤ ਹੈ, "ਔਰਤਾਂ ਦੇ ਹੱਕ ਅਤੇ ਮੌਕਿਆਂ 'ਚ ਵਾਧਾ ਇੱਕ ਅਹਿਮ ਕਦਮ ਹੈ। 'ਜੈਂਡਰ' ਬਰਾਬਰੀ ਨੂੰ ਪਹਿਲ, ਔਰਤਾਂ ਨੂੰ ਸਿੱਖਿਆ ਮੁਹੱਈਆ ਕਰਵਾਉਣਾ, ਰੁਜ਼ਗਾਰ ਅਤੇ ਸਮਾਜਿਕ ਮੌਕਿਆਂ ਵਿਚ ਸ਼ਾਮਲ ਕਰਨਾ ਜ਼ਰੂਰੀ ਹੈ...।" ਇਹ ਲੇਖਿਕਾ ਦੀ ਖੁੱਲ੍ਹੀ ਅੱਖ ਵਾਲ਼ੀ ਸੋਚ ਦਾ ਪ੍ਰਮਾਣ ਹੈ। ਦੂਜਾ ਪ੍ਰਮਾਣ ਇਹ ਹੈ, ਜਦ ਉਹ, "ਧੀਆਂ ਵਾਕਿਆ ਹੀ ਰੱਬ ਦੀ ਇੱਕ ਰਹਿਮਤ ਹੁੰਦੀਆਂ ਹਨ।" ਲਿਖਦੀ ਅਤੇ ਜਾਗਰੂਕ ਕਰਦੀ ਹੈ।

ਅਸਲਮ ਵਰਗਾ ਘੱਟ ਪੜ੍ਹਿਆ ਮੁੰਡਾ ਵੀ ਅਗਾਂਹ-ਵਧੂ ਸੋਚ ਦਾ ਮਾਲਕ ਹੋਣ ਦੇ ਬਾਵਜੂਦ ਇਸ ਪੁਰਾਣੇ ਖ਼ਿਆਲਾਂ ਦੇ ਧੁੰਦੂਕਾਰੇ ਵਿਚ ਫ਼ਸ ਕੇ ਰਹਿ ਜਾਂਦਾ ਹੈ, ਜਿਸ ਨੂੰ ਇਹ ਨਹੀਂ ਪਤਾ ਲੱਗਦਾ ਕਿ ਮੇਰਾ ਭਵਿੱਖ ਕੀ ਹੈ? ਉਹ ਆਪਣੇ ਆਪ ਨੂੰ ਸੁਆਲ ਕਰਦਾ ਹੈ, "ਇਹ ਦੁਨੀਆਂ ਕੀ ਹੈ...? ਮੈਂ ਇਸ ਵਿਚ ਕਿੱਥੇ ਫਿੱਟ ਹੁੰਦਾ ਹਾਂ?" ਜਦ ਤੁਸੀਂ ਇਹ ਨਾਵਲ ਪੜ੍ਹਦੇ ਹੋ, ਤਾਂ ਬੇਹੱਦ ਹੈਰਾਨ ਹੋ ਜਾਂਦੇ ਹੋ, ਜਦ ਲੇਖਿਕਾ ਇਹ ਲਿਖਦੀ ਹੈ, "ਦੂਜੇ ਪਾਸੇ ਪਿੰਡ ਵਿਚ ਬਹੁਤ ਸਾਰੇ ਅਜਿਹੇ ਲੋਕ ਵੀ ਸਨ, ਜੋ ਗਿਆਨ ਅਤੇ ਸਿੱਖਿਆ ਦੇ ਵਿਰੋਧੀ ਸਨ, ਸਮਾਜਿਕ ਤਬਦੀਲੀ ਦਾ ਵਿਰੋਧ ਕਰਦੇ ਸਨ, ਅਤੇ ਅਸਲਮ ਵਰਗੇ ਨੌਜਵਾਨਾਂ ਤੋਂ ਨਫ਼ਰਤ ਕਰਦੇ ਸਨ।" ਸ਼ੁਰੂ-ਸ਼ੁਰੂ ਵਿਚ ਇਹ ਨਾਵਲ ਪੁਰਾਣੇ ਜ਼ਮਾਨੇ ਅਤੇ ਪੁਰਾਣੇ ਖ਼ਿਆਲਾਂ ਵਾਲੇ ਇਨਸਾਨਾਂ ਦੇ ਇਰਦ-ਗਿਰਦ ਘੁੰਮਦਾ ਹੈ, ਜਦੋਂ ਧੀ ਨੂੰ ਇੱਕ 'ਜ਼ਹਿਮਤ' ਮੰਨਿਆਂ ਜਾਂਦਾ ਸੀ। ਪਰ ਜਦ ਅਸਲਮ ਦੇ ਘਰ ਧੀ ਜੰਮਦੀ ਹੈ, ਤਾਂ ਉਹ ਆਪਣੀ ਧੀ ਫ਼ਿਰਦੌਸ ਦੇ ਭਵਿੱਖ ਬਾਰੇ ਚਿੰਤਤ ਵੀ ਅਤੇ ਸੁਹਿਰਦ ਵੀ ਹੁੰਦਾ ਹੈ। ਲੇਖਿਕਾ ਅਨੁਸਾਰ, "ਉਸ ਦੇ ਖ਼ਵਾਬਾਂ ਅਤੇ ਹਕੀਕਤ ਦੇ ਵਿਚਕਾਰ ਇੱਕ ਵੱਡੀ 'ਖਾਈ' ਸੀ, ਜੋ ਉਸ ਦੇ ਦਿਲ ਨੂੰ ਹਰ ਰੋਜ਼ ਚੀਰਦੀ ਰਹਿੰਦੀ। ਪਰ ਅਸਲਮ ਇੱਕ ਮਜ਼ਬੂਤ ਇਰਾਦੇ ਵਾਲਾ ਵਿਅਕਤੀ ਸੀ, ਉਸ ਨੇ ਆਪਣੀ ਧੀ ਦੀ ਪਰਵਰਿਸ਼ ਨੂੰ ਇੱਕ ਮਕਸਦ ਸਮਝ ਕੇ ਕਬੂਲ ਕੀਤਾ। ਉਹ ਆਪਣੀ ਧੀ ਨੂੰ ਇੱਕ ਚੰਗਾ ਭਵਿੱਖ ਦੇਣਾ ਚਾਹੁੰਦਾ ਸੀ। ਉਸ ਦਾ ਖ਼ਵਾਬ ਸੀ ਕਿ ਉਸ ਦੀ ਧੀ ਫ਼ਿਰਦੌਸ ਇੱਕ ਦਿਨ ਕਾਮਯਾਬ ਅਤੇ ਖ਼ੁਦਮੁਖ਼ਤਿਆਰ ਔਰਤ ਬਣੇ, ਜੋ ਆਪਣੇ ਮਾਪਿਆਂ ਦਾ ਮਾਣ ਵਧਾ ਸਕੇ।"

ਜਿੱਥੇ ਲੇਖਿਕਾ ਖ਼ੁਦ ਕਈ ਵਾਰ ਸਮਾਜ ਦੇ ਬੰਧਨਾਂ ਦੀ ਉਲਝਣ ਵਿਚ ਉਲ਼ਝ ਕੇ ਰਹਿ ਜਾਂਦੀ ਹੈ, ਉਥੇ ਉਹ ਹੌਂਸਲਾ ਨਹੀਂ ਹਾਰਦੀ, ਸਗੋਂ ਹਿੰਮਤ ਅਤੇ ਦਲੇਰੀ ਦਾ ਪਰਚਮ ਚੁੱਕ ਕੇ ਬੜੇ ਸਾਹਸ ਨਾਲ ਅੱਗੇ ਵਧਦੀ ਹੈ। ਇਸੇ ਲਈ ਉਹ ਅਸਲਮ ਦੀ ਧੀ ਫ਼ਿਰਦੌਸ ਨੂੰ ਉਸ ਗੰਧਲ਼ੇ ਅਤੇ ਆਪਹੁਦਰੇ ਸਿਸਟਮ ਨਾਲ਼ ਟੱਕਰ ਲੈਣ ਲਈ ਅੱਗੇ ਵਧਾਉਂਦੀ ਹੈ। ਲੇਖਿਕਾ ਫ਼ਿਰਦੌਸ ਨੂੰ ਚਾਰਦੀਵਾਰੀ ਦੀ ਸ਼ੋਭਾ ਨਹੀਂ ਬਣਾਉਣਾ ਚਾਹੁੰਦੀ, ਸਗੋਂ ਇੱਕ 'ਲੜਾਕੂ' ਅਤੇ ਆਪਣੇ ਹੱਕਾਂ ਦੀ ਖਾਤਰ ਲੜਨ ਵਾਲ਼ੀ 'ਜੰਗਜੂ' ਅਤੇ ਇੱਕ ਮਹਾਨ ਕੁੜੀ ਬਣਾਉਣਾ ਚਾਹੁੰਦੀ ਹੈ। ਫ਼ਿਰਦੌਸ ਸਮਾਜ ਦੇ ਗੰਧਲ਼ੇ ਸਿਸਟਮ ਦੀ ਅਸਮਾਨਤਾ ਦੇ ਖ਼ਿਲਾਫ਼ ਆਵਾਜ਼ ਉਠਾਉਣ ਦਾ ਨਿਸ਼ਚਾ ਕਰਦੀ ਹੈ। ਉਸ ਨੂੰ ਇਹ ਵੀ ਪਤਾ ਹੈ ਕਿ ਸਦੀਆਂ ਤੋਂ ਚੱਲੇ ਆ ਰਹੇ ਚਿੱਕੜ ਵਿਚ ਗਰਕੇ ਇਸ ਸਿਸਟਮ ਵਿਰੁੱਧ ਖੜ੍ਹਨਾ ਕਿਸੇ ਖ਼ਤਰੇ ਤੋਂ ਖਾਲੀ ਨਹੀਂ। ਪਰ ਸੀਨੇ ਸੱਟ ਜਿਨ੍ਹਾਂ ਨੇ ਖਾਧੀ, ਉਹ ਕਰ ਆਰਾਮ ਨਹੀਂ ਬਹਿੰਦੇ.. ਅਨੁਸਾਰ ਉਹ ਇਸ ਨਿੱਘਰ ਚੁੱਕੇ ਸਿਸਟਮ ਦੇ ਖ਼ਿਲਾਫ਼ ਬਗਾਵਤ ਕਰਨ ਦਾ ਪ੍ਰਣ ਕਰ ਲੈਂਦੀ ਹੈ ਅਤੇ ਮੈਦਾਨ ਵਿਚ ਨਿੱਤਰਦੀ ਹੈ।

ਪਰ ਸਾਡੇ ਸਮਾਜ ਦਾ ਇੱਕ ਕਮੀਨਾਂ ਅਤੇ ਬੇਈਮਾਨ ਪੱਖ ਇਹ ਵੀ ਹੈ, ਕਿ ਜਦ ਕੋਈ ਫਿਰਦੌਸ ਵਰਗੀ ਸਾਹਸੀ ਅਤੇ ਦਲੇਰ ਕੁੜੀ ਜ਼ਿੰਦਗੀ ਦੀ ਦੌੜ ਵਿਚ ਅੱਗੇ ਲੰਘਣ ਦੀ ਕੋਸ਼ਿਸ਼ ਕਰਦੀ ਹੈ, ਤਾਂ ਉਸ ਨੂੰ ਵੱਖ-ਵੱਖ ਹੱਥਕੰਡੇ ਵਰਤ ਕੇ ਦਬਾਇਆ ਜਾਂਦਾ ਹੈ। ਉਸ ਦੀ ਹਿੰਮਤ ਕੁਚਲਣ ਲਈ ਉਸ ਉਪਰ ਮਨੋਵਿਗਿਆਨਕ ਦਬਾਅ ਪਾਇਆ ਜਾਂਦਾ ਹੈ। ਉਸ ਦੀ ਮਾਨਸਕਿਤਾ ਕਮਜ਼ੋਰ ਕਰਨ ਲਈ ਉਸ ਨੂੰ ਉਸ, ਅਤੇ ਉਸ ਦੇ ਭਰਾ ਦਾ 'ਫ਼ਰਕ' ਦੱਸ ਕੇ ਉਸ ਦਾ ਹੌਂਸਲਾ ਪਸਤ ਕੀਤਾ ਜਾਂਦਾ ਹੈ। ਹੋਰ ਤਾਂ ਹੋਰ, ਬੱਚੀਆਂ ਨੂੰ ਸਕੂਲਾਂ ਵਿਚ ਵੀ ਇਸ ਫ਼ਰਕ ਦਾ 'ਅਹਿਸਾਸ' ਕਰਵਾਇਆ ਜਾਂਦਾ ਹੈ ਕਿ ਉਹ ਮੁੰਡੇ ਦੀ ਜਗ੍ਹਾ ਕਦੇ ਵੀ ਨਹੀਂ ਲੈ ਸਕਣਗੀਆਂ। ਲੜਕੀ ਨੂੰ ਇਹ ਅਹਿਸਾਸ ਕਰਵਾ ਕੇ, ਕਿ ਮਾਂ-ਬਾਪ, ਭਰਾ ਅਤੇ ਸਾਰੇ ਖ਼ਾਨਦਾਨ ਦੀ ਇੱਜ਼ਤ ਉਸ ਦੇ ਹੱਥ ਹੀ ਹੈ, ਦਰਸਾ ਕੇ ਉਸ ਦੇ ਪੈਰਾਂ ਵਿਚ ਬੇੜੀਆਂ ਦੀ ਜਕੜ ਮਜ਼ਬੂਤ ਕੀਤੀ ਜਾਂਦੀ ਹੈ ਅਤੇ ਦਿਲ ਪਤਲਾ ਪਾਇਆ ਜਾਂਦਾ ਹੈ। ਫ਼ਿਰਦੌਸ ਦੇ ਬਾਪ ਅਸਲਮ ਨੇ ਬਚਪਨ ਵਿਚ ਕਈ ਵਾਰ ਆਪਣੀ ਮਾਂ ਨੂੰ ਬੇਇੱਜ਼ਤ ਹੁੰਦੀ ਦੇਖਿਆ ਅਤੇ ਹੁਣ ਉਹ ਇਹ ਨਹੀਂ ਚਾਹੁੰਦਾ ਕਿ ਹੂ-ਬ-ਹੂ ਉਨ੍ਹਾਂ ਹਾਲਾਤਾਂ ਦਾ ਸਾਹਮਣਾ ਉਸ ਦੀ ਬੇਟੀ ਫ਼ਿਰਦੌਸ ਕਰੇ। ਕਿਉਂਕਿ ਅਸਲਮ ਦਾ ਬਾਪ ਇੱਕ ਗੁੱਸੇਖੋਰਾ ਬੰਦਾ ਸੀ ਅਤੇ ਉਸ ਦੇ ਗੁੱਸੇ ਦਾ ਸ਼ਿਕਾਰ ਖ਼ੁਦ ਉਸ ਦੀ ਮਾਂ ਬਣਦੀ ਸੀ। ਮਾਂ ਦੇ ਚਿਹਰੇ ਉਪਰ ਛਾਈ ਬੇਵੱਸੀ ਨੂੰ ਅਸਲਮ ਅੱਜ ਤੱਕ ਭੁਲਾ ਨਹੀਂ ਸਕਿਆ ਸੀ। ਇਸ ਲਈ ਉਹ ਚਾਹੁੰਦਾ ਸੀ ਕਿ ਉਸ ਦੀ ਬੇਟੀ ਬੇਵੱਸ ਨਹੀਂ, ਇੱਕ ਸ਼ੀਹਣੀ ਹੋਵੇ, ਜੋ ਸਮਾਜ ਵਿਚ ਅਣਖ਼ ਅਤੇ ਸਵੈਮਾਣ ਨਾਲ਼ ਜੀਅ ਅਤੇ ਵਿਚਰ ਸਕੇ।

ਬੇਬ ਰੁਥ ਦਾ ਕਥਨ ਮੈਨੂੰ ਵਾਰ-ਵਾਰ ਯਾਦ ਆਉਂਦਾ ਹੈ, "ਉਸ ਵਿਅਕਤੀ ਨੂੰ ਹਰਾਉਣਾ ਔਖਾ ਹੈ, ਜੋ ਕਦੇ ਹਾਰ ਨਹੀਂ ਮੰਨਦਾ।" ਕੁਝ ਇਸੇ ਤਰ੍ਹਾਂ ਹੀ ਮਾਇਆ ਐਂਜਲੋ ਨੇ ਵੀ ਕਿਹਾ ਸੀ, "ਤੁਹਾਨੂੰ ਬਹੁਤ ਸਾਰੀਆਂ ਹਾਰਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਪਰ ਤੁਹਾਨੂੰ ਹਾਰ ਨਹੀਂ ਮੰਨਣੀ ਚਾਹੀਦੀ...।" ਉਸੀ ਤਰ੍ਹਾਂ ਜਿੱਥੇ ਬੋਹੜ ਦਾ ਰੁੱਖ ਫ਼ਿਰਦੌਸ ਵਾਸਤੇ ਕਿਵੇਂ ਪ੍ਰੇਰਣਾ ਸਰੋਤ ਬਣਦਾ ਹੈ, ਉਥੇ ਉਸ ਦੇ ਆਪਣੇ 'ਕਜ਼ਨ' ਵੱਲੋਂ ਕੀਤਾ ਸਰੀਰਕ ਸ਼ੋਸ਼ਣ ਵੀ ਉਸ ਨੂੰ ਅੰਦਰੋਂ ਤੋੜ ਧਰਦਾ ਹੈ। ਪਰ ਉਹ ਬਹਾਦਰ ਕੁੜੀ ਮੁੜ ਹੰਭਲਾ ਮਾਰ ਕੇ ਉਠਦੀ ਹੈ ਅਤੇ ਕਿਸੇ ਮੁਕਾਮ 'ਤੇ ਪਹੁੰਚਣ ਲਈ ਆਪਣਾ ਮਾਨਸਿਕ ਬਲ ਇਕੱਠਾ ਕਰਦੀ, ਮੰਜ਼ਿਲ ਵੱਲ ਤੁਰਦੀ ਹੈ। ਜਦੋਂ ਤੁਸੀਂ "ਝੱਲੀ" ਨਾਵਲ ਪੜ੍ਹਦੇ ਹੋ, ਤਾਂ ਪਾਉਲੋ ਕੋਲਹੋ ਦੁਆਰਾ ਰਚਿਆ ਨਾਵਲ "ਦਾ ਅਲਕਾਮਿਸਟ" ਦੀ ਪ੍ਰੇਰਣਾ ਵੀ ਤੁਹਾਡੇ ਸਾਹਮਣੇ ਆਉਂਦੀ ਹੈ ਅਤੇ ਤੁਹਾਨੂੰ ਡੋਲਣ ਜਾਂ ਡਿੱਗਣ ਨਹੀਂ ਦਿੰਦੀ, ਸਗੋਂ ਕਿਸੇ ਅਣਥੱਕ ਰਾਹੀ ਵਾਂਗ ਤੁਰਦੇ ਰਹਿਣ ਦਾ ਉਪਦੇਸ਼ ਵੀ ਦਿੰਦੀ ਹੈ ਅਤੇ ਹਿੱਕ ਡਾਹ ਕੇ ਲੜਨ ਦਾ ਬਲ ਵੀ ਪ੍ਰਦਾਨ ਕਰਦੀ ਹੈ। ਸ਼ਗੁਫ਼ਤਾ ਗਿੰਮੀ ਲੋਧੀ ਨੇ ਇਹ ਸੰਖਿਪਤ ਨਾਵਲ ਲਿਖ ਕੇ ਕੁੱਜੇ ਵਿਚ ਸਮੁੰਦਰ ਬੰਦ ਕਰ ਦਿੱਤਾ, ਜਿਸ ਨੂੰ ਪੜ੍ਹ ਕੇ ਤੁਹਾਨੂੰ ਆਨੰਦ ਤਾਂ ਆਵੇਗਾ ਹੀ, ਅਸਲਮ ਦੀ ਧੀ ਫ਼ਿਰਦੌਸ ਦੀ ਜੱਦੋਜਹਿਦ ਦੀ ਕਹਾਣੀ ਤੁਹਾਨੂੰ ਬੇਹੱਦ ਰੌਚਿਕ ਲੱਗੇਗੀ। ਕਈ ਥਾਂ ਉਰਦੂ ਤੋਂ ਪੰਜਾਬੀ ਦਾ ਅੱਘੜ-ਦੁੱਘੜਾ ਅਨੁਵਾਦ ਅਤੇ ਛਪਾਈ ਵਿਚ ਹੋਈਆਂ ਗਲਤੀਆਂ ਪਾਠਕ ਨੂੰ ਬੇਹੱਦ ਰੜਕਦੀਆਂ ਹਨ।

ਪਰ ਅਖ਼ੀਰ ਵਿਚ ਮੈਂ ਇਸ ਨਾਵਲ ਦੀ ਲੇਖਿਕਾ ਸ਼ਗੁਫ਼ਤਾ ਗਿੰਮੀ ਲੋਧੀ ਨੂੰ ਇੱਕ ਸਫ਼ਲ ਨਾਵਲ ਰਚਣ ਲਈ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ। ਮੈਨੂੰ ਅੱਗੇ ਤੋਂ ਵੀ ਉਸ ਵੱਲੋਂ ਅਜਿਹੇ ਸਾਰਥਿਕ ਅਤੇ ਉਸਾਰੂ ਸਾਹਿਤ ਦੀ ਆਸ ਰਹੇਗੀ। ਪਾਠਕਾਂ ਨੂੰ ਮੈਂ ਨਾਵਲ "ਝੱਲੀ" ਪੜ੍ਹਨ ਲਈ ਪੁਰਜ਼ੋਰ ਅਪੀਲ ਕਰਾਂਗਾ, ਜੋ ਪਛੜੇ ਅਤੇ ਲਿਤਾੜੇ ਲੋਕਾਂ ਲਈ ਆਸ ਦੀ ਸੁਨਿਹਰੀ ਕਿਰਨ ਮੁਹੱਈਆ ਕਰਵਾਉਂਦਾ ਹੈ, ਅਤੇ ਹਨ੍ਹੇਰੇ ਵਿਚੋਂ ਖਿੱਚ ਕੇ ਨੂਰੋ-ਨੂਰ ਅੰਬਰ ਵੱਲ ਉਡਾਨ ਭਰਨ ਲਈ ਉਤਸ਼ਾਹਿਤ ਕਰਦਾ ਹੈ। ਚਾਹੇ ਫ਼ਿਰਦੌਸ ਨੂੰ ਆਪਣੇ ਆਸ਼ਕ ਫ਼ਰੀਦ, ਭਰਾ ਜ਼ਮੀਲ, ਸਹੁਰੇ ਖ਼ਾਲਿਦ, ਸੱਸ ਆਇਸ਼ਾ, ਮਨਸੂਰ ਪਤੀ ਵੱਲੋਂ ਧੱਕੇ-ਧੋੜੇ ਹੀ ਨਸੀਬ ਹੋਏ, ਪਰ ਉਹ ਇੱਕ ਚੱਟਾਨ ਵਾਂਗ ਡੱਟ ਕੇ ਖੜ੍ਹੀ ਰਹੀ। ਚਾਹੇ ਉਸ ਨੂੰ ਲੱਖ ਤੋੜਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਹ ਤਿੜਕਣ ਦੇ ਬਾਵਜੂਦ ਵੀ ਆਪਣੀ ਧੀ ਦੇ ਭਵਿੱਖ ਲਈ ਸਾਬਤ ਹੀ ਰਹੀ। ਇਸ ਦਿਲਚਸਪ ਨਾਵਲ ਲਈ ਸ਼ਗੁਫ਼ਤਾ ਗਿੰਮੀ ਲੋਧੀ ਨੂੰ ਇੱਕ ਵਾਰ ਫ਼ਿਰ ਮੁਬਾਰਕਬਾਦ! ਆਮੀਨ!!




**ਜਿੱਥੇ ਲੇਖਿਕਾ ਪਛੜੀਆਂ ਸ੍ਰੇਣੀਆਂ ਅਤੇ ਕਿਰਤੀ ਲਾਣੇ ਪ੍ਰਤੀ ਹਮਦਰਦੀ ਰੱਖਦੀ ਹੈ, ਉਥੇ ਉਹ ਔਰਤ ਦੇ ਹੱਕਾਂ ਪ੍ਰਤੀ ਵੀ ਸੁਚੇਤ ਹੈ, "ਔਰਤਾਂ ਦੇ ਹੱਕ ਅਤੇ ਮੌਕਿਆਂ 'ਚ ਵਾਧਾ ਇੱਕ ਅਹਿਮ ਕਦਮ ਹੈ। 'ਜੈਂਡਰ' ਬਰਾਬਰੀ ਨੂੰ ਪਹਿਲ, ਔਰਤਾਂ ਨੂੰ ਸਿੱਖਿਆ ਮੁਹੱਈਆ ਕਰਵਾਉਣਾ, ਰੁਜ਼ਗਾਰ ਅਤੇ ਸਮਾਜਿਕ ਮੌਕਿਆਂ ਵਿਚ ਸ਼ਾਮਲ ਕਰਨਾ ਜ਼ਰੂਰੀ ਹੈ...।" ਇਹ ਲੇਖਿਕਾ ਦੀ ਖੁੱਲ੍ਹੀ ਅੱਖ ਵਾਲ਼ੀ ਸੋਚ ਦਾ ਪ੍ਰਮਾਣ ਹੈ। ਦੂਜਾ ਪ੍ਰਮਾਣ ਇਹ ਹੈ, ਜਦ ਉਹ, "ਧੀਆਂ ਵਾਕਿਆ ਹੀ ਰੱਬ ਦੀ ਇੱਕ ਰਹਿਮਤ ਹੁੰਦੀਆਂ ਹਨ।" ਦੀ ਅਤੇ ਜਾਗਰੂਕ ਕਰਦੀ ਹੈ।**

## ਅੰਧ ਵਿਸ਼ਵਾਸ਼ਾਂ ਨੂੰ ਸਮਝਾਇਆ ਸੀ ਗੁਰੂ ਨਾਨਕ ਨੇ

ਇਕ ਸੁੰਦਰ ਸੰਸਾਰ ਬਣਾਇਆ ਸੀ ਗੁਰੂ ਨਾਨਕ ਨੇ।
ਅੰਧ ਵਿਸ਼ਵਾਸਾਂ ਨੂੰ ਸਮਝਾਇਆ ਸੀ ਗੁਰੂ ਨਾਨਕ ਨੇ।
ਮਾਤਾ ਤ੍ਰਿਪਤਾ ਦੇ ਘਰ ਜਨਮੇ ਮਹਿਤਾ ਕਾਲੂ ਜੀ ਦੇ ਜਾਏ।
ਰਾਇ ਭੋਇ ਤਲਵੰਡੀ ਅੰਦਰ ਇਕ ਜੋਤੀ ਲੈ ਕੇ ਆਏ।
ਕਿਰਸਾਨੀ ਤੇ ਲੇਖਣ ਨੂੰ ਮਾਨਵਤਾ ਦੇ ਵਿਚ ਪਰੋਇਆ।
ਵਿਸ਼ਵ ਜਗਤ ਦੀ ਵਾਸਤਵਿਕਤਾ ਦੇ ਵਿਚ ਚਾਨਣ ਹੋਇਆ।
ਬੀਬੀ ਸੁਲੱਖਣੀ ਦੇ ਨਾਲ ਸ਼ਾਦੀ ਦੇ ਬੰਧਨ ਵਿਚ ਬੱਝੇ।
ਲਖਮੀ ਚੰਦ ਤੇ ਸ੍ਰੀ ਚੰਦ ਜੀ, ਦੋ ਇਨ੍ਹਾਂ ਦੇ ਉੱਦਮੀ ਬੱਚੇ।
ਬੀਬੀ ਨਾਨਕੀ ਅਪਣੀ ਭੈਣ ਦਾ ਢਾਡਾ ਪਿਆਰ ਸੀ ਪਾਇਆ।
ਏਸ ਪਵਿੱਤਰ ਰਿਸ਼ਤੇ ਦਾ ਸੀ ਇਕ ਇਤਿਹਾਸ ਬਣਾਇਆ।
ਬਾਬਾ ਨਾਨਕ ਨੇ ੧ਓ ਦਾ ਐਸਾ ਇਕ ਪ੍ਰਤੀਕ ਬਣਾਇਆ।
ਇਸ ਦੇ ਬਦਲੇ ਅੱਜ ਤੱਕ ਕੋਈ ਦੂਜਾ ਨਾਂਅ ਨਈਂ ਆਇਆ।
ਕਵਿਤਾ ਵਿਚ ਪ੍ਰਤੀਕਾਂ ਬਿੰਬਾਂ ਤਸ਼ਬੀਹਾਂ ਦੇ ਸੂਰਜ।
ਇੰਨਸਾਨੀ ਕਦਰਾਂ ਕੀਮਤਾਂ ਦੀ ਜਿਸ ਵਿਚ ਹੈ ਇਕ ਸੂਰਤ।
ਆਗਾਮੀ ਪੀੜ੍ਹੀਆਂ ਦੇ ਲਈ ਬਾਣੀ ਹੈ ਇਕ ਚੜ੍ਹਦਾ ਸੂਰਜ।
ਮਾਨਵ-ਆਜ਼ਾਦੀ ਦਾ ਅਦਭੁੱਤ ਨੇਰੇ ਵਿਚ ਨਾ ਖੜ੍ਹਦਾ ਸੂਰਜ।
ਮੀਲ ਹਜ਼ਾਰਾਂ ਪੈਦਲ ਚੱਲ ਕੇ ਚਿੰਤਨ ਨੂੰ ਰੁਸ਼ਨਾਇਆ।
ਸਮਾਜਿਕ ਇੰਨਸਾਫ਼ ਲਈ ਖ਼ੁਦ ਨੂੰ ਕਸ਼ਟਾਂ ਦੇ ਵਿਚ ਪਾਇਆ
ਦੰਪਤੀ ਜੀਵਨ ਦੀ ਕੀਤੀ ਹੈ ਬਾਣੀ ਵਿਚ ਵੱਡਿਆਈ।
ਦੈਹਿਕ-ਭੌਤਿਕ ਸੁੱਖਾਂ ਦੀ ਵੀ ਕੀਤੀ ਰਾਹਨੁਮਾਈ।
ਬਾਲਾ ਤੇ ਮਰਦਾਨਾ ਦੋਵੇਂ ਸੱਚੇ ਮਿੱਤਰ ਨਾਲ ਰਹੇ।
ਕੀਰਤਨ ਦੀ ਮਰਿਆਦਾ ਅੰਦਰ ਬਣ ਕੇ ਸੱਚੀ ਢਾਲ ਰਹੇ।
ਦੇਸ਼ ਵਿਦੇਸ਼ਾਂ ਦੀ ਮਾਨਵਤਾ ਨੂੰ ਸਿੱਧੇ ਰਾਹੇ ਪਾਇਆ।
ਰੂਪ ਵਿਧਾਨਾਂ ਵਾਲੀ ਕਵਿਤਾ ਦੇ ਵਿਚ ਜਗਤ ਸਜਾਇਆ।
ਜਾਗਰਣ ਪ੍ਰੇਰਣਾ, ਸੰਘਰਸ਼, ਕਰਤੱਵ, ਵਿਚਾਰਕ ਚਿੰਤਨ ਸ਼ਕਤੀ।
ਇਨ੍ਹਾਂ ਤੱਤਾਂ ਦੇ ਵਿਚ ਭਰ ਤੀ ਸਾਰੀ ਸਮਤੀ ਭਗਤੀ।
ਅੰਤ ਸਮੇਂ ਵਿਚ ਮਿਹਨਤ ਕਰਕੇ ਖੇਤੀ ਨੂੰ ਅਪਣਾਇਆ।
ਤਾਂ ਫਿਰ 'ਬਾਲਮ' ਬਾਬਾ ਨਾਨਕ, ਨਾਨਕ ਸੀ ਕਹਿਲਾਇਆ।
ਕਰਤਾਰਪੁਰੇ ਵਿਚ 69 ਸਾਲੀਂ ਜੋਤੀ ਜੋਤ ਸਮਾਏ।
ਸਭ ਧਰਮਾਂ ਦੇ ਰਹਿਬਰ ਬਣ ਕੇ ਇਕ ਇੰਨਸਾਨ ਕਹਾਏ।

-ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਵਟਸਐਪ - 98156-25409



## ਮਾਪੇ

ਮਾਤਾ ਪਿਤਾ ਲੋਕੋ ਸਾਨੂੰ ਜਗਤ ਵਿਖਾਉਂਦੇ ਨੇ,
ਆਪ ਰਹਿਣ ਦੁਖੀ ਸਾਨੂੰ ਸੁੱਖ ਹੀ ਵਿਖਾਉਂਦੇ ਨੇ,
ਲੋਕੋ ਮਾਪਿਆਂ ਦਾ ਕਰੋ ਨਾ ਅਪਮਾਨ ,
ਦੇਣ ਨਹੀਂ ਦੇ ਸਕਦੇ, ਹੁੰਦੇ ਮਾਪੇ ਸਦਾ ਰੱਬ ਦੇ ਸਮਾਨ,

ਮਾਪਿਆਂ ਨੂੰ ਘਰੇ ਛੱਡ ਤੀਰਥਾਂ 'ਤੇ ਭੱਜਦੇ,
ਦੁਖੀ ਮਾਪਿਆਂ ਦੇ ਤੁਸੀਂ ਨੇੜੇ ਵੀ ਨੀਂ ਲੱਗਦੇ,
ਮਾਪੇ ਕਰਦੇ ਨੇ ਪੂਰੇ ਅਰਮਾਨ,
ਦੇਣ ਨਹੀਂ ਦੇ ਸਕਦੇ ਹੁੰਦੇ ਮਾਪੇ ਸਦਾ ਰੱਬ ਦੇ ਸਮਾਨ,

ਕਹਿੰਦੇ ਨੇ ਸਿਆਣੇ ਮਾਂ ਤਾਂ ਦੂਜਾ ਨਾਂ ਰੱਬ ਦਾ,
ਮਾਪੇ ਛੱਡ ਆਸ਼ਰਮ, ਥੋਨੂੰ ਕੀ ਏ ਲੱਭਦਾ,
ਕਾਹਤੋਂ ਕਰਦੇ ਹੋ ਪੈਸੇ ਦਾ ਗੁਮਾਨ,
ਦੇਣ ਨਹੀਂ ਦੇ ਸਕਦੇ, ਹੁੰਦੇ ਮਾਪੇ ਸਦਾ ਰੱਬ ਦੇ ਸਮਾਨ,

ਆਖਦਾ ਏ ਜੋਗਾ ਕਰੋ ਮਾਪਿਆਂ ਨੂੰ ਪਿਆਰ ਜੀ,
ਮਾਪਿਆਂ ਨੂੰ ਸਾਂਭੋ ਛੱਡੋ ਪੈਸੇ ਦਾ ਗੁਮਾਨ ਜੀ,
ਮਾਪੇ ਮਿਲਦੇ ਨਾ ਕਿਸੇ ਵੀ ਬਾਜ਼ਾਰ,
ਦੇਣ ਨਹੀਂ ਦੇ ਸਕਦੇ, ਹੁੰਦੇ ਮਾਪੇ ਸਦਾ ਰੱਬ ਦੇ ਸਮਾਨ,

ਜਸਵੰਤ ਸਿੰਘ ਜੋਗਾ
ਫੋਨ : 62396-43306



## ਜ਼ੁਲਮਾਂ ਦੇ ਅੰਤ

ਐਸੇ ਵੀ ਨੇ ਜ਼ਾਲਮ, ਇਸ ਦੁਨੀਆਂ ਵਿਚ ਵਸਦੇ,
ਜੋ ਰੋਕਦੇ ਨੇ ਹਰ ਰੋਜ਼, ਮਜ਼ਲੂਮਾਂ ਦੇ ਰਸਤੇ।

ਤੜਪ ਤੜਪ ਕੇ ਪਿਸਦੇ, ਗਰੀਬਾਂ ਨੂੰ ਦੇਖ,
ਮਾਰ ਮਾਰ ਠਹਾਕੇ ਨੇ ਉਹ, ਪੁਰਜ਼ੋਰ ਹੱਸਦੇ।

ਜ਼ੰਜੀਰਾਂ ਦੇ ਮਾਲਕ ਖੁਦ, ਹੱਥਕੜੀਆਂ ਦੇ ਰਾਖੇ,
ਪਹਿਨਾਂਦੇ ਨੇ ਮਜ਼ਲੂਮਾਂ ਨੂੰ, ਰੋਜ਼ ਕੱਸ ਕੱਸ ਕੇ।

ਵਜਾਉਂਦੇ ਨੇ ਸਾਜ਼ ਵਾਂਗ, ਪਲ ਪਲ ਵਿਚ ਤਾਲਾਂ,
ਦੀਵਾਨੇਂ ਜੋ ਚੱਲਦੇ ਨੇ, ਮੰਜ਼ਿਲਾਂ ਦੇ ਰਸਤੇ।

ਧਰਤੀ ਵੀ ਜ਼ਾਲਿਮ ਦੀ, ਤੇ ਅੰਬਰ ਵੀ ਉਸ ਦੇ,
ਆਹਾਂ ਤੇ ਦੁਆਵਾਂ ਵੀ ਨਹੀਂ, ਮਜ਼ਲੂਮਾਂ ਦੇ ਵੱਸ 'ਤੇ!

ਕਿਹੜੀਆਂ ਨੇ ਵਾੜਾਂ ਅਤੇ, ਕਿਹੜੇ ਬਾਗ਼ ਬਗੀਚੇ,
ਮਾਲੀ ਜੇ ਉਜਾੜਨ ਬੂਟੇ, ਜੜ੍ਹਾਂ ਪੱਟ-ਪੱਟ ਕੇ।

ਵਸਦਾ ਏ ਰੱਬ ਜੇਕਰ, ਹਰ ਇੱਕ ਦੇ ਦਿਲ ਵਿਚ,
ਲੋਕ ਕਿਉਂ ਨਹੀਂ ਜ਼ਾਲਿਮਾਂ ਨੂੰ, ਹਕੀਕਤ ਇਹ ਦੱਸਦੇ ?

ਕਿਉਂ ਐਸੀ ਗ਼ਲਤ ਫਹਿਮੀ, ਵਿਚ ਗ੍ਰਸਤ ਹੋ ਜ਼ਾਲਿਮੋਂ ?
ਮੁਲਜ਼ਿਮ ਹਮੇਸ਼ਾਂ ਨਹੀਂ, ਤੁਹਾਡੇ ਜਾਲਾਂ ਵਿਚ ਫੱਸਦੇ।

ਪਰਤਿਆ ਜਦੋਂ ਪਾਸਾ ਤਾਂ, ਬਹੁਤ ਪਛਤਾਉਗੇ,
ਨਹੀਂ ਲੱਭਣੇ ਫੇਰ ਰਸਤੇ, ਕਿੱਥੇ ਜਾਓਗੇ ਨੱਸ ਕੇ ?

ਰਵਿੰਦਰ ਸਿੰਘ ਕੁੰਦਰਾ,
ਕੋਵੈਂਟਰੀ, ਯੂ.ਕੇ.



## ਜ਼ਹਿਰ

ਪੈਂਤੀ ਸਾਲ ਪਹਿਲਾਂ
ਤੂੰ ਮੇਰੇ ਨਾਲੋਂ ਸਭ ਰਿਸ਼ਤੇ
ਇਹ ਕਹਿ ਕੇ ਤੋੜ ਦਿੱਤੇ ਸਨ
ਕਿ ਮੈਂ ਇਕ ਕਵੀ ਹਾਂ
ਤੇ ਮੈਂ ਤੈਨੂੰ ਜੀਵਨ ਵਿਚ
ਖੁਸ਼ੀਆਂ ਨਹੀਂ ਦੇ ਸਕਦਾ।
ਸੱਚ ਜਾਣੀ ਉਸ ਵੇਲੇ
ਮੇਰੀ ਜ਼ਿੰਦਗੀ ਵਿਚ
ਹਨੇਰਾ ਛਾ ਗਿਆ ਸੀ।
ਮੈਂ ਇਕ ਸਾਲ
ਇਸ ਹਨੇਰੇ ਵਿਚ
ਟੱਕਰਾਂ ਮਾਰਦਾ ਰਿਹਾ।
ਪਰ ਮੈਂ ਸਬਰ ਰੱਖਿਆ
ਤੇ ਫਿਰ ਮੈਨੂੰ ਇਕ ਉੱਚੀ, ਲੰਮੀ
ਤੇ ਸੂਝਵਾਨ ਮੁਟਿਆਰ ਦਾ
ਸਾਥ ਮਿਲ ਗਿਆ।
ਜਿਸ ਨੇ ਮੈਨੂੰ ਸੰਭਾਲਿਆ
ਤੇ ਹੌਂਸਲਾ ਦਿੱਤਾ।
ਉਹ ਜ਼ਿੰਦਗੀ ਦੇ ਸਫਰ ਵਿਚ
ਮੇਰੇ ਮੋਢੇ ਨਾਲ ਮੋਢਾ
ਜੋੜ ਕੇ ਤੁਰ ਪਈ
ਤੇ ਹੁਣ ਵੀ ਤੁਰ ਰਹੀ ਹੈ।
ਤੇਰਾ ਤੋੜ ਵਿਛੋੜੇ ਦਾ
ਮੈਨੂੰ ਦਿੱਤਾ ਜ਼ਹਿਰ
ਮੇਰਾ ਜੀਵਨ ਰੱਖਿਅਕ
ਬਣ ਗਿਆ।

-ਮਹਿੰਦਰ ਸਿੰਘ ਮਾਨ
ਪਿੰਡ ਤੇ ਡਾਕ ਰੱਕੜਾਂ ਢਾਹਾ
(ਸ਼.ਭ.ਸ.ਨਗਰ)
9915803554



## ਫਰਦ

ਪੱਕੇ ਹੁੰਦੇ ਸਿਦਕ...
ਪੱਕੇ ਹੁੰਦੇ ਸਿਦਕ ਜਿਨ੍ਹਾਂ ਦੇ, ਉਹ ਕੱਚਿਆਂ 'ਤੇ ਤਰਦੇ।
ਹੱਸ ਹੱਸ ਕੇ ਸੂਲੀ ਚੜ੍ਹਦੇ, ਪੈਰ ਨਾ ਪਿੱਛੇ ਧੱਰਦੇ।
ਜੋ ਵੀ ਜੰਮਿਆਂ ਸਭ ਨੇ ਮਰਨਾ, ਫਰਕ ਹੈ ਮਰਨ ਮਰਨ ਵਿਚ,
ਸਦਾ ਲਈ ਉਹ ਜੀਉਂਦੇ ਰਹਿੰਦੇ, ਜੋ ਦੂਜੇ ਲਈ ਮਰਦੇ।

ਤੂੰ ਨਾ ਆਇਆ...
ਤੂੰ ਨਾ ਆਇਆ ਐ ਬੇਦਰਦੀ ਮੈਂ ਉਡੀਕ ਰਹੀ ਸਾਂ ਰਾਤੇ।
ਕੱਟੀ ਰਾਤ ਮੈਂ ਗਿਣ ਗਿਣ ਤਾਰੇ, ਲੱਗ ਗਈ ਅੱਖ ਪ੍ਰਭਾਤੇ।
ਘੁੱਟ ਗਲਵੱਕੜੀ ਪਾਈ ਮੈਨੂੰ, ਤੂੰ ਸੁਪਨੇ ਵਿਚ ਆ ਕੇ,
ਜੇ ਸੁਪਨਿਆਂ ਵਿਚ ਮਿਲਣਾ 'ਦਰਦੀ', ਤਾਂ ਕੱਟਾਂ ਕਿਉਂ ਜਗਰਾਤੇ।

ਵਗੀ ਮੈਨੂੰ ਕੋਈ ਵਗੀ...
ਵਗੀ ਮੈਨੂੰ ਕੋਈ ਵਗੀ ਲੋਕੋ, ਕੋਈ ਮਾਰ ਇਸ਼ਕ ਦੀ ਵਗੀ।
ਲਾ ਬੈਠੀ ਮੈਂ ਜਦ ਤੋਂ ਅੱਖੀਆਂ, ਮੇਰੀ ਅੱਖ ਮੂਲ ਨਾ ਲੱਗੀ।
ਉਮਰ ਦਾ ਰੋਣਾ ਦੇ ਗਿਆ ਮੈਨੂੰ, ਇਕ ਵਾਰੀ ਮੁਸਕਾ ਕੇ,
ਠੱਗੀ ਵੇ ਠੱਗੀ ਲੋਕੋ, ਉਸ ਠਗ 'ਦਰਦੀ' ਨੇ ਠਗੀ।

ਆਖਦਾ ਹਾਂ...
ਆਖਦਾ ਹਾਂ ਹੁਣ ਮੈਂ ਜੋ, ਉਹ ਸੁਣਨ ਦਾ ਟਾਈਮ ਨਹੀਂ,
ਮੇਰੀ ਅਰਥੀ ਕੋਲ ਬਹਿ ਕੇ, ਫੇਰ ਪੁਛੇਂਗਾ ਸਵਾਲ।
ਉਮਰ ਭਰ ਜਿਨ੍ਹਾਂ ਬਣਾ ਕੇ, ਰੱਖੀਆਂ ਨੇ ਦੂਰੀਆਂ,
ਜਾਣਗੇ ਸਿਵਿਆਂ ਦੇ ਤੀਕਰ, ਉਹਵੀ ਮੇਰੇ ਨਾਲ ਨਾਲ।

ਕਹਿੰਦਾ ਰਿਹਾ ਜੋ...
ਕਹਿੰਦਾ ਰਿਹਾ ਜੋ ਉਮਰ ਭਰ, ਉਹ ਕਿਸੇ ਸੁਣਿਆਂ ਨਹੀਂ।
ਕੀ ਜਾਣ ਲੱਗੇ ਨੇ ਕਿਹਾ, ਪੁਛਦੇ ਨੇ ਸਾਰੇ ਬਾਰ ਬਾਰ।

ਕੌਮਾਂ ਮਰਦੀਆਂ ਨਹੀਂ...
ਕੌਮਾਂ ਮਰਦੀਆਂ ਨਹੀਂ, ਜਿਹੜੀਆਂ ਮਰਨ ਜਾਣਣ,
ਸੋਈ ਮਰਦੀਆਂ ਨੇ, ਜੋ ਮਰਨੋਂ ਡਰਦੀਆਂ ਨੇ।
ਸੁਖੀ ਸੌਣ ਨਾ, ਜਿਹੜੀਆਂ ਸੁਖੀ ਵੱਸਣ,
ਤਖਤ ਬੈਂਹਦੀਆਂ, ਜੋ ਤਖਤ 'ਤੇ ਚੜ੍ਹਦੀਆਂ ਨੇ।

ਚਲ ਦਰਦੀ ਫਿਰ...
ਚਲ ਦਰਦੀ ਫਿਰ ਦੇਖਣ ਚੱਲੀਏ, ਪੀ.ਜੀ. ਵਿਚਲੀਆਂ ਥਾਵਾਂ।
ਲਿਖ ਦੇਂਦੇ ਨੇ ਡਾਕਟਰ ਜਿਥੇ, ਰੁਗ-ਰੁਗ ਰੋਜ਼ ਦਵਾਵਾਂ।
ਮਿਲ ਜਾਂਦੀ ਹੈ ਜਿਥੇ ਜਾ ਕੇ, ਮੋਇਆਂ ਨੂੰ ਵੀ ਜ਼ਿੰਦਗੀ,
ਕਈਆਂ ਨੂੰ ਮਿਲ ਜਾਂਦਾ ਲਿਖਿਆ, ਸਿਵਿਆਂ ਦਾ ਸਿਰਨਾਵਾਂ।

ਗਲ਼ ਨਾਲ ਲਾ ਕੇ...
ਗਲ਼ ਨਾਲ ਲਾ ਕੇ ਤੇਰੀਆਂ ਯਾਦਾਂ, ਮੈਂ ਕੱਟੀ ਰਾਤ ਹਿਜਰ ਦੀ।
ਕਦੋਂ ਕੁ ਤੱਕ ਅਜ਼ਮੌਣਾ ਹਾਲੇ, ਕੋਈ ਹੁੰਦੀ ਹੱਦ ਸੱਬਰ ਦੀ।
ਦੁਨੀਆਂ ਮੈਥੋਂ ਮੈਂ ਦੁਨੀਆਂ ਤੋਂ, ਕਰ ਲਿਆ ਦੂਰ ਕਿਨਾਰਾ,
ਮਨ ਮੰਦਰ ਵਿਚ ਵੱਸਣ ਵਾਲੇ, ਇਕ ਓਟ ਹੈ ਤੇਰੀ 'ਦਰਦੀ'।

ਨਾ ਤੱਕ ਮੱਧ...
ਨਾ ਤੱਕ ਮਧ ਭਰਿਆਂ ਨੈਣਾ 'ਚੋਂ, ਹੋ ਨਾ ਜਾਏ ਨਸ਼ਾ।
ਜੇ ਲੱਗ ਜਾਵੇ ਛੱਡ ਨਹੀਂ ਹੁੰਦਾ, ਸਾਰੀ ਉਮਰ ਸਜ਼ਾ।
ਦੋ ਘੜੀਆਂ ਜੋ ਚੜ੍ਹ ਕੇ ਲੈਹ ਗਈ, ਉਹ ਪੀਤੀ ਕੀ ਪੀਤੀ,
ਜੋ ਨਾ ਉਤਰੇ ਹਸ਼ਰਾਂ ਤੀਕਰ, ਸਾਕੀ ਉਹੀ ਪਿਲਾ।

ਮਰ ਜਾਂਦੀ ਹੈ...
ਮਰ ਜਾਂਦੀ ਹੈ ਜਲ ਬਿਨ ਮੱਛਲੀ, ਮੈਂ ਨਾਮ ਤੇਰੇ ਬਿਨ ਮਰਦਾ।
ਮੈਂ ਕੋਝਾ ਮੈਂ ਕਮਲਾ ਝੱਲਾ, ਇਕ ਨਾਮ ਤੇਰੇ ਦਾ ਬਰਦਾ।
'ਨਿਰ ਗੁਣ ਆਰੇ ਗੁਣ ਨਹੀਂ ਕੋਈ, ਆਪੇ ਤਰਸ ਪਿਓਈ,'
ਖੈਰ ਨਾਮ ਦੀ ਝੋਲੀ ਪਾ ਦੇ, ਮੈਂ ਕੂਕਰ ਤੇਰੇ ਦਰ ਦਾ।

-ਸਤਨਾਮ ਸਿੰਘ 'ਦਰਦੀ'
92569-73526



## ਚਾਂਦਨੀ ਚੌਂਕ

ਜ਼ਰਾ ਤੱਕੋ ਖਾਂ ਅੱਜ ਚਾਂਦਨੀ ਚੌਕ ਵੱਲ ਨੂੰ,
ਲਹੂ-ਲੁਹਾਣ ਹੋਈ ਹੈ ਅੱਜ ਧਰਤ ਸਾਰੀ।
ਦੁਨੀਆਂ ਭਾਣੇ ਤਾਂ ਹੋ ਰਿਹਾ ਹੈ ਤਮਾਸ਼ਾ,
ਪਰ ਕਸਵੱਟੀ ਚੜ੍ਹੀ ਹੈ ਸਿੱਖੀ ਨਿਆਰੀ।

ਕਾਜ਼ੀ ਆਖੇ ਇਸਲਾਮ ਕਰੋ ਕਬੂਲ ਸਭ,
ਲਵੋ ਸੌਗਾਤਾਂ ਤੇ ਬਖਸ਼ਾਓ ਜਾਨ ਪਿਆਰੀ।

ਸੁਣ ਫ਼ਤਵਾ ਸਿੱਖ ਜ਼ਰਾ ਨ ਡੋਲੇ,
ਨਾਲ ਜੈਕਾਰਿਆਂ ਖ਼ੂਨ ਵੀ ਖੌਲੇ।
ਆਖਣ :
ਕਾਇਆ ਗੁਰੂ ਦੀ ਸ਼ੈਅ ਉਧਾਰੀ,
ਛੇਤੀ ਨੰਬਰ ਲਾਉ ਵਾਰੀ ਵਾਰੀ।
ਨਹੀਂ ਸਾਨੂੰ ਕੋਈ ਮੌਤ ਦਾ ਡਰ ਹੈ,
ਇੱਕ ਦਿਨ ਜਾਣਾ ਸਭਨੇ ਮਰ ਹੈ।
ਦੱਸੋ ਕਿਉਂ ਗੁਰੂ ਤੋਂ ਬੇਮੁੱਖ ਹੋਈਏ,
ਜੰਨਤ ਦੇ ਦਰ ਖੁਦ ਹੱਥੀਂ ਢੋਹੀਏ।
ਪਹਿਲੇ ਸਾਡੇ ਗੁਰੂ ਤੋਂ ਦੀਨ ਮਨਾ,
ਜਾਂ ਫਿਰ ਆਪਣਾ ਹੁਕਮ ਵਜਾ।

ਰਾਜਾ ਸੁਣ ਹੋਇਆ ਅੱਗ ਬਬੂਲਾ,
ਹੁਕਮ ਚਾੜ੍ਹਿਆ ਫਿਰ ਬੇ-ਅਸੂਲਾ।
'ਕੱਲੇ 'ਕੱਲੇ ਨੂੰ ਐਸੇ ਦਿਓ ਤਸੀਹੇ,
ਤੜਫਾ 2 ਪਾ ਦਿਉ ਮੌਤ ਦੀ ਲੀਹੇ।
ਦੇਖ ਇਨ੍ਹਾਂ ਦੀਆਂ ਪੁਸ਼ਤਾਂ ਕੰਬਣ,
ਮੁੜ ਸਿਰ ਕਦੇ ਫਿਰ ਨਾ ਚੱਕਣ।

ਔਹ ਦੇਗ 'ਚ ਉੱਬਲੇ ਭਾਈ ਦਿਆਲਾ,
ਭਾਈ ਮਤੀ ਦਾਸ ਸਿਰ ਚੱਲਦੀ ਆਰੀ।
ਭਾਈ ਸਤੀ ਦਾਸ ਦੀ ਫਿਰ ਆਵੇ ਵਾਰੀ,
ਰੂੰ 'ਚ ਲਪੇਟਿਆ ਲਾਉਂਦੇ ਨੇ ਚਿੰਗਾਰੀ।

ਜਿਸਮ ਭੁੱਜਦਾ ਹੈ ਜਿਉਂ ਤਿੜਕੇ ਛੱਲੀ ,
ਪਰ ਸੀ ਨਾ ਕੀਤੀ ਮੁੱਖੋਂ ਜਪੁਜੀ ਉਚਾਰੀ।
ਧੰਨ ਧੰਨ ਗੁਰੂ ਜੀ ਧੰਨ ਗੁਰੂ ਦੀ ਸਿੱਖੀ,
ਪੋਂਹਦੇ ਨਾ ਦੁੱਖ ਜਪੇ ਸੁਖਮਨੀ ਵਿਚਾਰੀ।

ਅੱਖੀਂ ਵੇਖਿਆ ਗੁਰੂ ਜੀ ਇਹ ਨਜ਼ਾਰਾ,
ਦੇਖ ਕੰਬਿਆ ਸੀ ਦਿੱਲੀ ਸ਼ਹਿਰ ਸਾਰਾ।
ਪਰ ਤੇਗ ਬਹਾਦਰ ਜੀ ਸੀ ਰਹੇ ਅਡੋਲ,
ਗਾਉਂਦੇ ਬਾਣੀ ਦੇਹ ਪ੍ਰਵਚਨ ਅਮੋਲ।
ਉਚਰੇ ਕਿ ਦੀਨ ਹੈ ਸਭ ਨੂੰ ਪਿਆਰਾ,
ਪਰ ਜ਼ਾਲਮ ਬਣੇ ਡਾਢਾ ਹੱਤਿਆਰਾ।

ਸ਼ਾਂਤੀ ਦਾ ਵੀ ਉਹ ਪੁੰਜ ਸੀ, ਧਨੀ ਤੇਗਾਂ ਦਾ ਅਖਵਾਇਆ,
ਸੀਸ ਧਰਮ ਤੋਂ ਵਾਰਿਆ ਸੀ, 'ਚਾਦਰ ਹਿੰਦ ਦੀ' ਕਹਾਇਆ।
ਸੌ ਸਿੰਘਾਂ ਸੰਗ ਜਾਨ ਦੇ ਕੇ, 'ਠੀਕਰਾ ਦਹਲੀਜ਼' ਭੰਨਾਇਆ,
ਦੇਖਕੇ ਨਾਲ ਲਹੂ ਦੇ ਸਿੰਜਿਆ, ਚਾਂਦਨੀ ਚੌਕ ਘਬਰਾਇਆ।
ਕੋਟਿ ਕੋਟਿ ਪ੍ਰਣਾਮ ਸ਼ਹੀਦਾਂ ਨੂੰ, ਜਿਨ੍ਹਾਂ ਸੀ ਜ਼ੁਲਮ ਝੁਕਾਇਆ,
ਸਰਬੰਸ ਕੌਮ ਤੋਂ ਵਾਰ ਕੇ ਨਾਲੇ, ਮੁਰਦਾ ਜ਼ਮੀਰ ਜਗਾਇਆ।

-ਸੇਵਾ ਸਿੰਘ ਨੂਰਪੁਰੀ





RE/MAX

RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567



Gurjatinder S. Randhawa
REALTOR CA DRE licence # 01490567

## FOR SALE & PURCHASE OF ANY KIND OF PROPERTY

## ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

**Gurjatinder S. Randhawa**

**916-320-9444**

web: www.RealtorRandhawa.com

garysingh123@yahoo.com